ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਲੁਧਿਆਣਾ

ਫਰਵਰੀ, ੧੯੯੬ MONTHLY **SURA** LUDHIANA **FEB. 1996**

## ਸ਼ਹੀਦੀ ਸਾਕਾ ਨਨਕਾਣਾ ਸਾਹਿਬ



ਜਿਨ੍ਹਾਂ ਸਿਦਕਵਾਨਾਂ ਨੇ ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਗੋਲੀਆਂ ਦਾ ਨਿਸ਼ਾਨਾ ਬਣੇ, ਟੋਟੇ ਟੋਟੇ ਕੀਤੇ ਗਏ, ਜੰਡਾਂ ਨਾਲ ਬੰਨ੍ਹ ਕੇ ਸਾੜੇ ਗਏ, ਭੱਠੀਆਂ ਵਿੱਚ ਝੋਕੇ ਗਏ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ ! ਬੋਲੋ ਜੀ ਵਾਹਿਗੁਰੂ!

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ॥

## ਤੱਤਕਰਾ


| | | | |
|---|---|---|---|
| ੧ ਮੇਰੇ ਰਾਮ ਤੋੜਿ ਬੰਧਨ ਮਾਇਆ, ਘਰਿ ਕੈ ਕੰਮਿ ਲਾਇ | ੧ | ੯ ਗੁਰੂ ਮਾਨਿਓ ਗ੍ਰੰਥ | ੨੦ |
| ੨ ਅਰਥ ਵਿਆਖਿਆ | ੨ | ੧੦ ਸਿੱਖ ਗੁਰੂ ਦੀ ਗੱਲ ਮੰਨਣ ਜਾਂ ਵਿਦਵਾਨਾਂ ਦੀ ? | ੨੩ |
| ੩ ਗੁਰਮੰਤ੍ਰ ਅਤੇ ਗੁਰਬਾਣੀ | ੪ | ੧੧ ਦਸੰਬਰ ੯੫ ਦੇ ਸਵਾਲਾਂ ਦੇ ਜਵਾਬ | ੨੬ |
| ੪ ਗੁਰਬਾਣੀ, ਪ੍ਰਤੱਖ ਅੰਸ਼ਧੀ | ੮ | ੧੨ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ | ੨੭ |
| ੫ ਵਾਰ ਮਾਰੂ ਡਖਣੇ (੮) | ੯ | ੧੩ ਅਕਾਲ ਜਾਂ ਟਾਈਮਲੈਸ (Time-Less) | ੩੦ |
| ੬ ਗੁਰਮਤਿ ਵਿੱਚ ਆਏ ਹੋਏ ਦੀ ਪਹਿਚਾਣ | ੧੨ | ੧੪ ਦੁਖੁ ਤਦੇ ਜਾ ਵਿਸਰਿ ਜਾਵੈ | ੩੪ |
| ੭ ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥(੨) | ੧੪ | ੧੫ ਬਾਪੂ ਜੀ ਤੇ ਬੱਚੇ (੧੮) | ੩੭ |
| ੮ LIFE DEDICATION TO GOD | ੧੮ | | |


### ਗੁਰਪੁਰਬ ਤੇ ਇਤਿਹਾਸਿਕ ਦਿਹਾੜੇ

ਪ੍ਰਕਾਸ਼ ਸ੍ਰੀ ਗੁਰੂ ਹਰਿ ਰਾਏ ਜੀ ੨ ਫਰਵਰੀ ਜਨਮ ਦਿਨ ਭਗਤ ਰਵਿਦਾਸ ਜੀ ੪ ਫਰਵਰੀ ਸ਼ਹੀਦੀ ਬਾਬਾ ਦੀਪ ਸਿੰਘ ਜੀ ੧੦ ਫਰਵਰੀ
ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ ੨੧ ਫਰਵਰੀ ਸ਼ਹੀਦੀ ਸਾਕਾ ਸ੍ਰੀ ਗੰਗਸਰ ਜੈਤੋ ੨੨ ਫਰਵਰੀ

## ਗ੍ਰੰਥੀ ਸਿੰਘ ਦੀ ਲੋੜ

ਭਾਈ ਸਾਹਿਬ ਭਾਈ ਰਣਧੀਰ ਸਿੰਘ ਟ੍ਰਸਟ ਨੂੰ ਗੁਰਮਤਿ ਸੰਚਾਰ ਕੇਂਦਰ ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਾਸਤੇ ਇਕ ਰਹਿਤਵਾਨ ਅੰਮ੍ਰਿਤਧਾਰੀ ਗ੍ਰੰਥੀ ਸਿੰਘ ਦੀ ਲੋੜ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਤੋਂ ਸ਼ੁਧ ਪਾਠ ਅਤੇ ਹਰਮੋਨੀਅਮ ਤੋਂ ਕੀਰਤਨ ਕਰ ਸਕਦਾ ਹੋਵੇ। ਯੋਗ ਵਿਅਕਤੀ ਹੇਠ ਲਿਖੇ ਪਤੇ ਤੇ ਆਪਣੀਆ ਅਰਜ਼ੀਆਂ 28 ਫਰਵਰੀ 1996 ਤੱਕ ਭੇਜਣ। ਸਕੱਤਰ

ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ 23 – G ਸਰਾਭਾ ਨਗਰ ਲੁਧਿਆਣਾ।

### 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।

੧ ਲੁਧਿਆਣਾ– ੧.ਮੁੱਖ ਦਫ਼ਤਰ "ਸੂਰਾ"–ਕੋਠੀ ਨੰ: ੧੨, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
੨.ਸਬ ਆਫਿਸ 'ਸੂਰਾ' ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨ ਜਲੰਧਰ– ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।
੩ ਹੁਸ਼ਿਆਰਪੁਰ– ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ।
੪ ਪਟਿਆਲਾ– ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁ: ਦੂਖ ਨਿਵਾਰਨ ਸਾਹਿਬ।
੫ ਚੰਡੀਗੜ੍ਹ ਤੇ ਮੋਹਾਲੀ–ਭਾਈ ਫੌਜਿੰਦਰ ਸਿੰਘ ਜੀ, ੫੩੩ ੩ –ਏ ਫ਼ੇਜ਼, ਐਸ. ਏ. ਐਸ. ਨਗਰ, ਮੋਹਾਲੀ।
੬ ਕਪੂਰਥਲਾ – ਭਾਈ ਚਰਨਪਾਲ ਸਿੰਘ।
੭ ਸਾਰੇ ਸਮਾਗਮਾਂ ਸਮੇਂ – ਭਾਈ ਬਲਵੰਤ ਸਿੰਘ ਖਾਲਸਾ, ਗਲੀ ਨੰ: ੨ ਕਾਂਸ਼ੀ ਨਗਰ, ਫ਼ਿਰੋਜ਼ਪੁਰ ਸ਼ਹਿਰ।
੮ ਬਠਿੰਡਾ–ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰ: ੭੮੧੯, ਨੇੜੇ ਡੰਗਰਾਂ ਦਾ ਹਸਪਤਾਲ।
੯ ਮੋਗਾ– ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ.ਟੀ. ਰੋਡ, ਫੋਨ: ੨੪੩੪੯, ੨੧੬੮੧.
੧੦ ਅੰਮ੍ਰਿਤਸਰ– ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫੋਨ੪੫੭੮੭, ਘਰ੨੩੧੫੨੦.
੧੧ ਯਮੁਨਾਨਗਰ– ਸ: ਪ੍ਰਮਜੀਤ ਸਿੰਘ, ਮਦਰਾਸ ਹੈਡਲੂਮ, ਤੱਤਖਾਲਸਾ ਭਵਨ ਜਗਾਧਰੀ ਰੋਡ,
ਪਿੰਨ ਕੋਡ–੧੩੫੦੦੧,ਫੋਨ: ੨੬੨੧੭
੧੨ ਸੰਗਰੂਰ–੧. ਭਾਈ ਤ੍ਰਿਲੋਚਨ ਸਿੰਘ ਜੀ ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩ ਫਗਵਾੜਾ– ਮਾਸਟਰ ਗੁਰਦਿਆਲ ਸਿੰਘ ਜੀ, ੫੫੩, ਮੁਹੱਲਾ ਡੱਬਿਆਂ, ਚੌੜਾ ਖੂਹ, ਨੇੜੇ ਗੁ: ਪਾ: ੬.

ਸੂਚਨਾ – ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

ਵਿਦੇਸ਼ਾਂ ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧.ਇੰਗਲੈਂਡ–ਭਾਈ ਗੁਰਨਾਮ ਸਿੰਘ ਜੀ 10 Ambourne Gardens, Early Reading, Berks U.K. Tel. 01734-267900.
੨.ਅਮਰੀਕਾ–ਭਾਈ ਜੀਵਨ ਸਿੰਘ ਜੀ ਗੁਰਦੀਪ ਸਿੰਘ ਜੀ ਫ਼ੋਨ : ੧੮੦੦੭੨੨੬੨੧੨
੩.ਕੈਨੇਡਾ–ਭਾਈ ਰਿਪੁਦਮਨ ਸਿੰਘ ਜੀ ਮਲਿਕ ਫ਼ੋਨ : ੧੮੦੦੬੬੩੦੨੨੪.
੪.ਆਸਟਰੇਲੀਆ–ਭਾਈ ਪਰਸ਼ੋਤਮ ਸਿੰਘ ਜੀ, ਫ਼ੋਨ :੦੬੧੮੬੩੪੮੪੧
੫.ਨੀਊਜ਼ੀਲੈਂਡ – ਭਾਈ ਪਿਆਰਾ ਸਿੰਘ ਜੀ ਫ਼ੋਨ : ੦੬੯੨੭੬੪੩੨੨

**ਅਮਾਨਤੀ ਵਾਧਾ ਜਮ੍ਹਾਂ ਕਰਵਾਉਣ ਲਈ ਬੇਨਤੀ**

ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ 'ਸੂਰਾ' ਦੀ ਅਮਾਨਤੀ ਲਾਈਫ਼ ਮੈਂਬਰਸ਼ਿਪ ੩੦੦ ਰੁ ਪੂਰੀ ਕਰਨ ਲਈ ਜਿਨ੍ਹਾਂ ਪਾਠਕਾਂ ਦੇ ੫੦ /-, ੧੦੦/-, ੧੫੦ /- ਇਤਿਆਦਿ ਬਕਾਇਆ ਰਹਿੰਦੇ ਹਨ ਉਹ ਕ੍ਰਿਪਾ ਕਰਕੇ ਜਲਦੀ ਤੇ ਜਲਦੀ 'ਸੂਰਾ' ਦਫਤਰ ਭੇਜ ਦੇਣ ਜਾਂ ਨਜ਼ਦੀਕੀ ਸੇਵਾਦਾਰ ਕੋਲ ਜਮ੍ਹਾਂ ਕਰਵਾ ਦੇਣ ਤਾਂ ਜੋ ਇਹ ਪਰਚਾ ਆਪ ਜੀ ਤੱਕ ਨਿਰਵਿਘਨ ਪਹੁੰਚਦਾ ਰਹੇ। ਇਸੇ ਤਰਾਂ ਹੀ ਵਿਦੇਸ਼ੀ ਪਾਠਕ ਵੀ ਆਪਣਾ ਬਕਾਇਆ ਭੇਜਣ ਦੀ ਕ੍ਰਿਪਾ ਕਰਨ ਜੀ। ਮੌਜੂਦਾ ਚੰਦੇ ਪੰਨਾ ੧ ਤੇ ਲਿਖੇ ਹੋਏ ਹਨ। ਸੰਪਾਦਕ

**ਗੁਰਮਤਿ ਪ੍ਰਚਾਰ ਲਈ "ਸੂਰਾ" ਦੇ ਵੱਧ ਤੋਂ ਵੱਧ ਨਵੇਂ ਮੈਂਬਰ ਬਣਾਉਣ ਦੀ ਕ੍ਰਿਪਾ ਕਰੋ ਜੀ।**


ਡਿਜ਼ਾਈਨ ਕਰਾਫਟ ਗਿਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵੱਲੋਂ ੧੨– ਆਈ ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ।

# ਸੂਰਾ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ
ਗੁਰਮਤਿ ਮਾਸਿਕ ਪੱਤਰ

ਜਿਲਦ ੩੦ ਫਰਵਰੀ-੧੯੯੬ ਅੰਕ ੨

| ਸਾਲਾਨਾ ਚੰਦਾ | | (ਪ੍ਰਦੇਸ ਸਾਰੇ) ਸਾਲਾਨਾ ਚੰਦਾ | |
|---|---|---|---|
| ਦੇਸ਼ | 30-00 | ਸਮੁੰਦਰੀ ਡਾਕ | 100-00 |
| ਇੱਕ ਪਰਚਾ | 3-00 | ਹਵਾਈ ਡਾਕ | 300-00 |

Foreign Subscription

Sea Mail ..... 100-00 Air Mail ....... 300-00

| ਅਮਾਨਤੀ ਲਾਈਫ਼ ਮੈਂਬਰ | | | |
|---|---|---|---|
| ਦੇਸ਼ | 300-00 | ਪਰਦੇਸ ਸਮੁੰਦਰੀ ਡਾਕ | 1,000-00 |
| | | ਹਵਾਈ ਡਾਕ | 3,000-00 |


*ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ।।*
*ਗੁਣਵੰਤਾ ਹਰਿ ਹਰਿ ਦਇਆਲੁ, ਕਰਿ ਕਿਰਪਾ,*
*ਬਖਸਿ ਅਵਗਣ ਸਭਿ ਮੇਰੇ।*

(ਗਉੜੀ ਬੈਰਾਗਣਿ ਮ: ੪, ਪੰਨਾ ੧੬੭)

## ਮੇਰੇ ਰਾਮ ਤੋੜਿ ਬੰਧਨ ਮਾਇਆ, ਘਰਿ ਕੈ ਕੰਮਿ ਲਾਇ

ਨਿਤ ਦਿਨਸੁ ਰਾਤਿ ਲਾਲਚੁ ਕਰੇ ਭਰਮੈ ਭਰਮਾਇਆ।।
ਵੇਗਾਰਿ ਫਿਰੈ ਵੇਗਾਰੀਆ ਸਿਰਿ ਭਾਰੁ ਉਠਾਇਆ।।
ਜੋ ਗੁਰ ਕੀ ਜਨੁ ਸੇਵਾ ਕਰੇ ਸੋ ਘਰਿ ਕੈ ਕੰਮਿ ਹਰਿ ਲਾਇਆ।।੧।।
ਮੇਰੇ ਰਾਮ ਤੋੜਿ ਬੰਧਨ ਮਾਇਆ, ਘਰ ਕੈ ਕੰਮਿ ਲਾਇ।।
ਨਿਤ ਹਰਿਗੁਣ ਗਾਵਹ, ਹਰਿਨਾਮਿ ਸਮਾਇ।।੧।। ਰਹਾਉ।।
ਨਰੁ ਪ੍ਰਾਣੀ ਚਾਕਰੀ ਕਰੇ ਨਰਪਤਿ ਰਾਜੇ, ਅਰਥਿ ਸਭ ਮਾਇਆ।।
ਕੈ ਬੰਧੈ, ਕੈ ਡਾਨਿ ਲੇਇ, ਕੈ ਨਰਪਤਿ ਮਰਿ ਜਾਇਆ।।
ਧੰਨੁ ਧਨੁ ਸੇਵਾ ਸਫਲ ਸਤਿਗੁਰੂ ਕੀ ਜਿਤੁ ਹਰਿ ਹਰਿ ਨਾਮੁ ਜਪਿ ਹਰਿ ਸੁਖ ਪਾਇਆ।।੨।।
ਨਿਤ ਸਉਦਾ ਸੂਦੁ ਕੀਚੈ, ਬਹੁ ਭਾਤਿ ਕਰਿ, ਮਾਇਆ ਕੈ ਤਾਈ।।
ਜਾ ਲਾਹਾ ਦੇਇ ਤਾ ਸੁਖੁ ਮਨੇ, ਤੋਟੈ ਮਰਿ ਜਾਈ।।
ਜੋ ਗੁਣ ਸਾਝੀ ਗੁਰ ਸਿਉ ਕਰੇ, ਨਿਤ ਨਿਤ ਸੁਖ ਪਾਈ।।੩।।
ਜਿਤਨੀ ਭੂਖ ਅਨਰਸ ਸਾਦ ਹੈ, ਤਿਤਨੀ ਭੂਖ ਫਿਰ ਲਾਗੈ।।
ਜਿਸ ਹਰਿ ਆਪਿ ਕ੍ਰਿਪਾ ਕਰੇ, ਸੋ ਵੇਚੇ ਸਿਰੁ ਗੁਰ ਆਗੈ।।
ਜਨ ਨਾਨਕ ਹਰਿ ਰਸਿ ਤ੍ਰਿਪਤਿਆ, ਫਿਰਿ ਭੂਖ ਨ ਲਾਗੈ।।੪।।

(ਗਉੜੀ ਬੈਰਾਗਣਿ ਮ: ੪, ਪੰਨਾ ੧੬੬-੬੭)

**ਪਦ ਅਰਥ** :- ਭਰਮੈ ਭਰਮਾਇਆ-ਭਟਕਦਾ ਫਿਰਦਾ ਹੈ। ਵੇਗਾਰਿ-ਬਿਗਾਨਾ ਕੰਮ। ਘਰ ਕੈ ਕੰਮਿ- ਘਰ ਦੇ ਕੰਮ ਵਿਚ।੧।

ਗਾਵਹੁ-ਅਸੀਂ ਗਾਵੀਏ। ਹਰਿਨਾਮਿ-ਹਰੀ ਦੇ ਨਾਮ ਵਿਚ। ਸਮਾਇ-ਲੀਨ ਹੋ ਕੇ।੧। ਰਹਾਉ।

ਨਰਪਤਿ-ਰਾਜਾ। ਅਰਥਿ-ਖਾਤਰ। ਕੈ-ਜਾਂ। ਬੰਧੈ-ਬੰਨ੍ਹ ਲੈਂਦਾ ਹੈ। ਡਾਨਿ-ਡੰਨ, ਜੁਰਮਾਨਾ। ਜਿਤੁ-ਜਿਸ ਰਾਹੀਂ।੨।

ਕੀਚੈ-ਕਰਦਾ ਹੈ। ਭਾਤਿ-ਕਿਸਮ। ਮਾਇਆ ਕੈ ਤਾਈ-ਮਾਇਆ ਦੀ ਖਾਤਰ। ਬਹੁ-ਬਹੁਤ। ਭਾਤਿ-ਕਿਸਮ। ਮਨੇ- ਮਨ ਵਿੱਚ। ਤੋਟੈ-ਘਾਟਾ ਪੈਣ ਤੇ।੩।

ਅਨਰਸ ਸਾਦੁ-ਹੋਰ ਰਸਾਂ ਦੇ ਸੁਆਦ ਦੀ। ਤਿਤਨੀ-ਉਤਨੀ। ਆਗੈ-ਅੱਗੇ, ਕੋਲ। ਤ੍ਰਿਪਤਿਆ-ਰੱਜ ਜਾਂਦਾ ਹੈ।੪।



233237
www.AKJ.Org

# ਅਰਥ ਵਿਆਖਿਆ

**ਅਰਥ** :– ਹੇ ਮੇਰੇ ਰਾਮ ! ਸਾਡੇ ਮਾਇਆ ਦੇ ਬੰਧਨ ਤੋੜ ਤੇ ਸਾਨੂੰ ਆਪਣੇ ਅਸਲੀ ਕੰਮ ਵਿਚ ਲਾ, ਅਸੀਂ ਹਰਿ-ਨਾਮ ਵਿਚ ਲੀਨ ਹੋ ਕੇ ਸਦਾ ਹਰਿ-ਗੁਣ ਗਾਉਂਦੇ ਰਹੀਏ।੧। ਰਹਾਉ।

ਜਿਹੜਾ ਮਨੁੱਖ ਸਦਾ ਦਿਨ ਰਾਤ ਮਾਇਆ ਦਾ ਲਾਲਚ ਕਰਦਾ ਰਹਿੰਦਾ ਹੈ, ਮਾਇਆ ਦੀ ਖਾਤਰ ਭਟਕਦਾ ਫਿਰਦਾ ਹੈ। ਉਹ ਉਸ ਵੇਗਾਰੀ ਵਾਂਗ ਹੈ ਜਿਹੜਾ ਆਪਣੇ ਸਿਰ ਉੱਤੇ ਬਿਗਾਨਾ ਭਾਰ ਚੁੱਕ ਕੇ ਵੇਗਾਰ ਕਰਦਾ ਫਿਰਦਾ ਹੈ। ਪਰ ਜੋ ਗੁਰੂ ਦੀ ਸ਼ਰਨ ਪੈ ਕੇ ਗੁਰੂ ਦੀ ਦੱਸੀ ਸੇਵਾ ਕਰਦਾ ਹੈ ਉਸ ਨੂੰ ਪ੍ਰਭੂ ਨੇ ਨਾਮ-ਸਿਮਰਨ ਦੇ ਅਸਲ ਕੰਮ (ਘਰ ਦੇ ਕੰਮ) ਲਾ ਦਿੱਤਾ ਹੈ।੨।

ਕੋਈ ਮਨੁੱਖ ਨਿਰੀ ਮਾਇਆ ਦੀ ਖਾਤਰ ਰਾਜੇ-ਪਾਤਸ਼ਾਹ ਦੀ ਨੌਕਰੀ ਕਰਦਾ ਹੈ। ਕਿਸੇ ਗਲਤੀ ਕਾਰਨ ਕਈ ਵਾਰ ਰਾਜਾ ਉਸਨੂੰ ਕੈਦ ਕਰ ਦਿੰਦਾ ਹੈ, ਜਾਂ ਜੁਰਮਾਨਾ ਆਦਿ ਸਜ਼ਾ ਦਿੰਦਾ ਹੈ, ਜਾਂ ਰਾਜਾ ਆਪ ਹੀ ਮਰ ਜਾਂਦਾ ਹੈ ਤੇ ਉਸਦੀ ਨੌਕਰੀ ਖਤਮ ਹੋ ਜਾਂਦੀ ਹੈ ਪਰ ਸਤਿਗੁਰੂ ਦੀ ਸੇਵਾ ਸਦਾ ਫਲ ਦੇਣ ਵਾਲੀ ਤੇ ਸਲਾਹੁਣ-ਯੋਗ ਹੈ ਕਿਉਂਕਿ ਇਸ ਸੇਵਾ ਕਾਰਨ ਮਨੁੱਖ ਪ੍ਰਭੂ ਦਾ ਨਾਮ ਜਪ ਕੇ ਸੁਖ (ਆਤਮਕ ਅਨੰਦ) ਪਾਉਂਦਾ ਹੈ।੨।

ਮਾਇਆ ਕਮਾਉਣ ਦੀ ਖਾਤਰ ਕਈ ਤਰ੍ਹਾਂ ਦਾ ਹਮੇਸ਼ਾਂ ਵਣਜ ਵਿਹਾਰ ਭੀ ਕਰੀਦਾ ਹੈ। ਜਦੋਂ ਵਪਾਰ ਨਫਾ ਦਿੰਦਾ ਹੈ ਤਾਂ ਮਨ ਵਿਚ ਖੁਸ਼ੀ ਹੁੰਦੀ ਹੈ ਪਰ ਘਾਟਾ ਪੈਣ ਤੇ ਮਨੁੱਖ ਹਉਕੇ ਨਾਲ ਮਰ ਜਾਂਦਾ ਹੈ। ਜੇਹੜਾ ਮਨੁੱਖ ਆਪਣੇ ਗੁਰੂ ਨਾਲ ਪ੍ਰਭੂ ਦੀ ਸਿਫਤਿ-ਸਾਲਾਹ ਦੇ ਸੌਦੇ ਦੀ ਸਾਂਝ ਪਾਉਂਦਾ ਹੈ ਉਹ ਸਦਾ ਹੀ ਸੁੱਖ (ਅਨੰਦ) ਮਾਣਦਾ ਹੈ।੩।

ਮਨੁੱਖ ਨੂੰ ਹੋਰ ਹੋਰ ਰਸਾਂ, ਹੋਰ ਹੋਰ ਸੁਆਦਾਂ ਦੀ ਜਿਤਨੀ ਭੀ ਤ੍ਰਿਸਨਾ (ਭੁੱਖ) ਲੱਗਦੀ ਹੈ, ਜਿਉਂ ਜਿਉਂ ਉਹ ਰਸ ਸੁਆਦ ਮਾਣਦਾ ਹੈ ਉਤਨੀ ਹੀ ਵਧੀਕ ਭੁੱਖ ਉਸਨੂੰ ਮੁੜ ਮੁੜ ਲੱਗਦੀ ਜਾਂਦੀ ਹੈ। ਜਿਸ ਮਨੁੱਖ ਉੱਤੇ ਪ੍ਰਭੂ ਆਪ ਕਿਰਪਾ ਕਰਦਾ ਹੈ, ਉਹ ਮਨੁੱਖ ਗੁਰੂ ਅੱਗੇ ਆਪਣਾ ਸਿਰ ਵੇਚ ਦਿੰਦਾ ਹੈ। ਨਾਨਕ ਮੋਹਰ ਛਾਪ ਹੇਠ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਉਹ ਮਨੁੱਖ ਨਾਮ-ਰਸ ਨਾਲ ਰੱਜ ਜਾਂਦਾ ਹੈ, ਉਸਨੂੰ ਫਿਰ ਮਾਇਆ ਦੀ ਭੁੱਖ (ਤ੍ਰਿਸ਼ਨਾ) ਨਹੀਂ ਲਗਦੀ।੪।

**ਵਿਆਖਿਆ** :– ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਪ੍ਰਭੂ ਜੀ ! ਸਾਡੇ ਮਾਇਆ ਦੇ ਬੰਧਨ ਤੋੜ ਦੇ ਤੇ ਸਾਨੂੰ ਘਰ ਦੇ ਕੰਮ ਵਿਚ ਲਾ ਲੈ। ਮਾਇਆ ਦੇ ਬੰਧਨ ਕੀ ਹਨ ? ਸੰਸਾਰ ਵਿਚ ਮਾਂ, ਪਿਉ, ਪੁੱਤਰ, ਧੀ ਅਤੇ ਵਹੁਟੀ, ਮੋਹ ਦੇ ਬੰਧਨਾਂ ਦਾ ਕਾਰਨ ਬਣ ਜਾਂਦੇ ਹਨ। ਫੋਕੀਆਂ ਧਾਰਮਕ ਰਸਮਾਂ ਬੰਧਨ ਬਣ ਜਾਂਦੀਆਂ ਹਨ। ਫੋਕੇ ਕਰਮ ਕਾਂਡ ਮਨੁੱਖ ਵਿਚ ਹਉਮੈ ਪੈਦਾ ਕਰ ਦਿੰਦੇ ਹਨ। ਪ੍ਰਭੂ ਪ੍ਰੀਤ ਤੋਂ ਬਿਨਾਂ ਪੁੱਤਰ ਤੇ ਵਹੁਟੀ ਦਾ ਰਿਸ਼ਤਾ ਵੀ ਬੰਧਨਾਂ ਦਾ ਮੂਲ ਹੋ ਜਾਂਦਾ ਹੈ। ਸਿਮਰਨ ਤੋਂ ਬਿਨਾਂ ਕਿਰਤ ਵਿਰਤ ਵੀ ਬੰਧਨ ਬਣ ਜਾਂਦੀ ਹੈ। ਬਹੁਤਾ ਧਨ 'ਮੈਂ ਮੇਰੀ' ਨੂੰ ਹੀ ਜਨਮ ਦਿੰਦਾ ਹੈ ਅਤੇ ਪ੍ਰਭੂ-ਪ੍ਰੀਤ ਵਿਚ ਵਿਘਨਕਾਰੀ ਸਿੱਧ ਹੁੰਦਾ ਹੈ। ਦੁਨੀਆਂ ਵਿਚ ਵੱਡਾ ਰੁਤਬਾ, ਬਹੁਤੀ ਮਾਣ ਵਡਿਆਈ, 'ਬੱਲੇ ਬੱਲੇ', ਹਉਮੈ ਨੂੰ ਜਨਮ ਦੇ ਕੇ ਪ੍ਰਭੂ ਭਗਤੀ ਵਿਚ ਬੰਧਨ ਹੀ ਤਾਂ ਪਾਉਂਦੀ ਹੈ। ਕਿਰਸਾਣ, ਵਪਾਰੀ, ਪੁਜਾਰੀ ਤੇ ਚਾਕਰ (ਨੌਕਰ) ਅਤੇ ਰਾਜੇ ਮਹਾਰਾਜੇ ਜੋ ਪ੍ਰਭੂ ਨੂੰ ਯਾਦ ਨਹੀਂ ਰੱਖਦੇ, ਦਿਨ ਰਾਤ ਧੰਨ ਦੌਲਤ ਇਕੱਠੀ ਕਰਨ ਵਿਚ ਹੀ ਗਲਤਾਨ ਰਹਿੰਦੇ ਹਨ ਤਾਂ ਉਹ ਮਾਇਆ ਦੇ ਬੰਧਨਾਂ ਵਿਚ ਹੀ ਤਾਂ ਫਸੇ ਫਿਰਦੇ ਹਨ। ਗੁਰੂ ਨਾਨਕ ਦੇਵ ਜੀ ਇਉਂ ਹੀ ਕਹਿੰਦੇ ਹਨ –

ਬੰਧਨ ਮਾਤ ਪਿਤਾ ਸੰਸਾਰਿ<br>
ਬੰਧਨ ਸੁਤ ਕੰਨਿਆ ਅਰੁ ਨਾਰਿ।।੨।।<br>
ਬੰਧਨ ਕਰਮ ਧਰਮ ਹਉ ਕੀਆ।।<br>
ਬੰਧਨ ਪੁਤੁ ਕਲਤੁ ਮਨਿ ਬੀਆ।।੩।।<br>
ਬਧਨਿ ਕਿਰਖੀ ਕਰਹਿ ਕਿਰਸਾਨ।।<br>
ਹਉਮੈ ਡੰਨ ਸਹੈ ਰਾਜਾ ਮੰਗੈ ਦਾਨ।।੪।।<br>
ਬੰਧਨ ਸਉਦਾ ਅਣਵੀਚਾਰੀ।।<br>
ਤਿਪਤਿ ਨਾਹੀ ਮਾਇਆ ਮੋਹ ਪਸਾਰੀ।।੫।।<br>
ਬੰਧਨ ਸਾਹ ਸੰਚਹਿ ਧਨੁ ਜਾਇ।।<br>
ਬਿਨੁ ਹਰਿ ਭਗਤ ਨ ਪਵਈ ਥਾਇ।।੬।।<br>
ਬੰਧਨ ਬੇਦੁ ਬਾਦੁ ਅਹੰਕਾਰ।।<br>
ਬੰਧਨਿ ਬਿਨਸੈ ਮੋਹ ਵਿਕਾਰ।।੭।।<br>
ਨਾਨਕ ਰਾਮ ਨਾਮ ਸਰਣਾਈ।।<br>
ਸਤਿਗੁਰ ਰਾਖੇ ਬੰਧੁ ਨ ਪਾਈ।।੮।।

(ਪੰਨਾ ੪੧੬)

ਗੁਰੂ ਨਾਨਕ ਦੇਵ ਜੀ ਤਾਂ ਇਥੋਂ ਤੀਕ ਕਹਿੰਦੇ ਹਨ ਕਿ –

ਬਾਂਧਨਿ ਬਾਂਧਿਆ ਸਭੁ ਜਗੁ ਭਵੈ।।(ਪੰਨਾ ੭੨੮)

ਸਾਰੀ ਦੁਨੀਆਂ ਮਾਇਆ ਮੋਹ ਦੇ ਬੰਧਨਾਂ ਵਿਚ ਪਈ ਭੌਂਦੀ ਫਿਰਦੀ ਹੈ। ਜਿੰਨੀ ਦੇਰ ਤੱਕ ਮਾਇਆ ਦੇ ਬੰਧਨ ਨਹੀਂ ਟੁੱਟਦੇ, ਮਨੁੱਖ ਦੇ ਗਲ ਪਈ ਵਿਗਾਰ ਨਹੀਂ


www.AKJ.Org

ਲੱਭ ਸਕਦੀ ਅਤੇ ਬੰਦਾ ਘਰ ਦਾ ਕੰਮ ਨਹੀਂ ਕਰ ਸਕਦਾ।

ਘਰ ਦਾ ਕੰਮ ਕੀ ਹੈ ? ਘਰ ਦਾ ਕੰਮ ਹੈ "ਨਾਮ ਜਪਣ ਦੀ ਸੱਚੀ ਕਾਰ" ਜਿਸ ਦੁਆਰਾ ਅਸੀਂ ਖਸਮ ਵਾਹਿਗੁਰੂ ਦੇ ਦਰ ਕ਼ਬੂਲ ਪੈਣਾ ਹੈ। ਇਹ ਕੰਮ ਹੀ ਅਸਲੀ ਕੰਮ ਹੈ, 'ਹੋਰੁ ਕਾਰ ਵੇਕਾਰ ਹੈ' (ਪੰਨਾ ੧੩੯)। ਹੋਰ ਕੰਮ ਤਾਂ ਵੇਕਾਰ (ਵਿਅਰਥ) ਹਨ, ਵਿਗਾਰਾਂ ਹਨ। ਮਨੁੱਖ ਲੋਕਾਂ ਦੀਆਂ ਨੁੱਤੀਆਂ ਬੁੱਤੀਆਂ ਕਰਦਾ, ਮਾਇਆ ਦੇ ਲਾਲਚ ਤੇ ਦੁਨੀਆਂ ਦੇ ਮੋਹ ਵਿਚ ਫਸਿਆ ਭਾਰ ਚੁੱਕ ਚੁੱਕ, ਵੇਗਾਰਾਂ ਕਰ ਕਰ ਸਿਰ ਤੁੜਵਾਈ ਫਿਰਦਾ ਹੈ। ਜਿਨ੍ਹਾਂ ਪੁੱਤਰਾਂ ਧੀਆਂ, ਸਾਕ ਸਬੰਧੀਆਂ ਦੀ ਖਾਤਰ ਬੜੇ ਪਰਪੰਚ ਕਰਕੇ ਮਾਇਆ ਇਕੱਤਰ ਕਰਦਾ ਹੈ, ਅੰਤ ਵੇਲੇ ਕੋਈ ਸਾਥ ਨਹੀਂ ਦਿੰਦਾ, ਇਕੱਲੇ ਨੂੰ ਹੀ ਕੀਤੇ ਮਾੜੇ ਕੰਮਾਂ ਦਾ ਦੰਡ ਭੁਗਤਣਾ ਪੈਂਦਾ ਹੈ।

ਗਾਫਲ ਮਨੁੱਖ ਬੜੀਆਂ ਠੱਗੀਆਂ ਕਰ ਕੇ ਮਾਇਆ ਇਕੱਠੀ ਕਰਦਾ ਹੈ, ਚੋਰੀ ਚਿਕਾਰੀ, ਹੇਰਾ ਫੇਰੀ ਕਰਦਾ ਫੜਿਆ ਵੀ ਜਾਂਦਾ ਹੈ, ਪੁਲਸ ਦੇ ਡੰਡੇ ਸਹਿੰਦਾ ਹੈ, ਸਜਾ ਭੁਗਤਦਾ ਹੈ, ਜੇਲ੍ਹ ਖਾਨੇ ਵਿਚ ਡੱਕਿਆ ਜਾਂਦਾ ਹੈ, ਲੋਕਾਂ ਵਿਚ ਬਦਨਾਮੀ ਕਾਰਨ ਸ਼ਰਮਿੰਦਗੀ ਉਠਾਉਂਦਾ ਹੈ।

**ਜਬ ਕਛੁ ਪਾਵੈ ਤਬ ਗਰਬੁ ਕਰਤ ਹੈ।।**
**ਮਾਇਆ ਗਈ ਤਬ ਰੋਵਨੁ ਲਗਤ ਹੈ।।**
(ਪੰਨਾ ੪੮੭)

ਮਾਇਆ ਦੀ ਲਪੇਟ ਵਿਚ ਆਇਆ ਮਨੁੱਖ ਜਦੋਂ ਚਾਰ ਪੈਸੇ ਘਰ ਲੈ ਆਉਂਦਾ ਹੈ ਤਾਂ ਫੁੱਲਿਆ ਨਹੀਂ ਸਮਾਉਂਦਾ। ਜਦੋਂ ਘਾਟਾ ਪੈ ਜਾਂਦਾ ਹੈ ਤਾਂ ਧਾਹਾਂ ਮਾਰਨ ਲੱਗ ਪੈਂਦਾ ਹੈ। ਕਬੀਰ ਸਾਹਿਬ ਦੀ ਚੇਤਾਵਨੀ ਵੱਲ ਧਿਆਨ ਹੀ ਨਹੀਂ ਦਿੰਦਾ।

**ਮਨ ਮੇਰੇ ਭੂਲੇ ਕਪਟੁ ਨ ਕੀਜੈ।।**
**ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ।।**
(ਪੰਨਾ ੬੫੬)

ਮਾਇਆ ਦੇ ਲਾਲਚ ਵਿਚ ਫਸਿਆ ਮਨੁੱਖ ਜਿੰਨਾਂ ਵਧੇਰੇ ਧਨ ਇਕੱਠਾ ਕਰਦਾ ਹੈ, ਉਨੀ ਹੀ ਪੈਸੇ ਦੀ ਭੁੱਖ ਹੋਰ ਵੱਧ ਜਾਂਦੀ ਹੈ। ਕਾਰੂੰ ਬਾਦਸ਼ਾਹ ਵਾਂਗ ਕਬਰਾਂ ਪੁੱਟਵਾ ਕੇ ਵੀ ਮੁਰਦਿਆਂ ਦੇ ਮੂੰਹ ਵਿਚੋਂ ਰੁਪਏ ਕਢਵਾ ਲੈਂਦਾ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਮਾਇਆ ਦੇ ਬੰਧਨ ਕਿਵੇਂ ਟੁੱਟਣ ਅਤੇ ਘਰ ਦੇ ਕੰਮ ਵਿਚ ਕਿਵੇਂ ਲੱਗਿਆ ਜਾਏ ? ਸਤਿਗੁਰੂ ਜੀ ਕਹਿੰਦੇ ਹਨ :-

**"ਜੋ ਗੁਰ ਕੀ ਜਨੁ ਸੇਵਾ ਕਰੇ**
**ਸੋ ਘਰ ਕੈ ਕੰਮਿ ਹਰਿ ਲਾਇਆ।"**

ਭਾਵ ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਗੁਰੂ ਦੀ ਦੱਸੀ ਸੇਵਾ ਕਰਦਾ ਹੈ ਉਸ ਨੂੰ ਪਰਮਾਤਮਾ ਨਾਮ ਸਿਮਰਨ ਦੇ ਅਸਲੀ ਕੰਮ ਵਿਚ ਲਾ ਦਿੰਦਾ ਹੈ।

ਗੁਰੂ ਦੀ ਸ਼ਰਨ ਪੈਣਾ ਕੀ ਹੈ ? ਗੁਰੂ ਦੀ ਸ਼ਰਨ ਪੈਣਾ ਹੈ ਗੁਰੂ ਅੱਗੇ ਆਪਣਾ ਸੀਸ ਵੇਚਣਾ, ਗੁਰੂ ਦੇ ਲਾਲੇ ਗੋਲੇ ਅਥਵਾ ਬੇਖ਼ਰੀਦ ਗੁਲਾਮ ਬਣਨਾ, ਗੁਰੂ ਦੇ ਲੜ ਲੱਗਣਾ, ਅੰਮ੍ਰਿਤ ਛਕਣਾ, ਗੁਰ-ਦੀਖਿਆ ਲੈਣੀ, ਨਾਮ ਦ੍ਰਿੜ ਕਰਵਾਉਣਾ।

ਗੁਰੂ ਦੀ ਸੇਵਾ ਕੀ ਹੈ ? ਗੁਰੂ ਦੀ ਸੇਵਾ ਹੈ ਗੁਰ ਦਰਸਾਈ ਕਾਰ ਕਰਨੀ ਜਿਸ ਨੂੰ ਘਰ ਦਾ ਕੰਮ ਕਿਹਾ ਜਾਂਦਾ ਹੈ ਅਤੇ ਇਹ ਹੈ ਗੁਰ ਹੁਕਮਾਂ ਦੀ ਪਾਲਣਾ ਕਰਨੀ। ਗੁਰੂ ਦਾ ਹੁਕਮਨ ਸਿਰ ਹੁਕਮ ਹੈ ਨਾਮ ਜਪਣਾ। ਜਿਸ ਮਨੁੱਖ ਤੇ ਵਾਹਿਗੁਰੂ ਦਿਆਲ ਹੁੰਦਾ ਹੈ ਉਸ ਨੂੰ ਗੁਰੂ ਦੇ ਦੁਆਰ ਤੋਂ ਨਾਮ ਦੀ ਦਾਤ ਮਿਲਦੀ ਹੈ। **ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ, ਤਿਸੁ ਗੁਰਸਿਖ ਗੁਰੂ ਉਪਦੇਸ ਸੁਣਾਵੈ।।** (ਪੰਨਾ ੩੦੫) ਗੁਰਦੀਖਿਆ (ਅੰਮ੍ਰਿਤ ਛਕਣ) ਉਪਰੰਤ ਅਸੀਂ ਘਰ ਦੇ ਕੰਮ ਵਿਚ ਲੱਗ ਜਾਂਦੇ ਹਾਂ, ਸਾਡਾ ਫਿਰ ਹੱਥ ਕਾਰ (ਕਿਰਤ) ਵੱਲ ਤੇ ਦਿਲ ਕਰਤਾਰ ਵੱਲ ਹੋ ਜਾਂਦਾ ਹੈ। ਅਸੀਂ ਮਾਇਆ ਦੀ ਘੁੰਮਣਘੇਰੀ ਵਿਚੋਂ ਨਿਕਲ ਕੇ ਸਤਿ ਦੇ ਮਾਰਗ ਤੇ ਪੈ ਜਾਂਦੇ ਹਾਂ। ਸਤਿ ਦੇ ਮਾਰਗ ਤੇ ਪੈ ਕੇ ਹੀ ਅਸੀਂ ਸਤਿ ਦੇ ਘਰ (ਸਚ ਖੰਡ) ਪਹੁੰਚ ਸਕਦੇ ਹਾਂ, ਹੋਰ ਕੋਈ ਰਾਹ ਨਹੀਂ ਉਥੇ ਪਹੁੰਚਣ ਦਾ।

ਸਤਿਗੁਰੂ ਦੀ ਸੇਵਾ ਨੂੰ ਬਹੁਤ ਉਤਮ ਫਲ ਲਗਦਾ ਹੈ, ਹਲਤਿ ਪਲਤ ਦੋਵੇਂ ਹੀ ਸਵਾਰੇ ਜਾਂਦੇ ਹਨ, ਇਸ ਜਗ ਵਿਚ ਵੀ ਸੁਖ ਮਿਲਦਾ ਹੈ ਅਤੇ ਅਗਲੇ ਲੋਕ ਵਿਚ ਵੀ ਮਾਣ ਇੱਜ਼ਤ ਹੁੰਦੀ ਹੈ -

**ਸਤਿਗੁਰ ਕੀ ਸੇਵਾ ਸਫਲੁ ਹੈ, ਜੇ ਕੋ ਕਰੇ ਚਿਤੁ ਲਾਇ।।**
**ਮਨਿ ਚਿੰਦਿਆ ਫਲੁ ਪਾਵਣਾ, ਹਉਮੈ ਵਿਚਹੁ ਜਾਇ।।**
**ਬੰਧਨ ਤੋੜੈ ਮੁਕਤਿ ਹੋਇ, ਸਚੇ ਰਹੈ ਸਮਾਇ।।**
**ਇਸੁ ਜਗ ਮਹਿ ਨਾਮੁ ਅਲਭੁ ਹੈ, ਗੁਰਮੁਖਿ ਵਸੈ ਮਨਿ ਆਇ।।**
**ਨਾਨਕ ਜੋ ਗੁਰੁ ਸੇਵਹਿ ਆਪਣਾ, ਹਉ ਤਿਨ ਬਲਿਹਾਰੈ ਜਾਉ।।**
(ਸਲੋਕ ਮ: ੩, ਪੰਨਾ ੬੪੪)

ਗੁਰੂ ਅਮਰਦਾਸ ਜੀ ਉਨ੍ਹਾਂ ਮਨੁੱਖਾਂ ਤੋਂ ਬਲਿਹਾਰ ਜਾਂਦੇ ਹਨ ਜੋ ਆਪਣੇ ਸਤਿਗੁਰੂ ਦੀ ਦੱਸੀ ਕਾਰ ਕਰਦੇ ਹਨ, ਤਾਂ ਤੇ ਆਓ ਅਸੀਂ ਵੀ ਅਰਦਾਸ ਕਰੀਏ -

**"ਮੇਰੇ ਰਾਮ ਤੋੜਿ ਬੰਧਨ ਮਾਇਆ,**
**ਘਰ ਕੈ ਕੰਮਿ ਲਾਇ।।"**


www.AKJ.Org

# ਗੁਰਮੰਤ੍ਰ ਅਤੇ ਗੁਰਬਾਣੀ

(ਭਾਈ ਸਾਹਿਬ ਰਣਧੀਰ ਸਿੰਘ ਜੀ)

ਸਾਰੀ ਗੁਰਬਾਣੀ ਗੁਰ-ਉਪਦੇਸ਼ ਰੂਪ ਹੈ ਤੇ ਗੁਰਬਾਣੀ ਅੰਦਰ ਆਏ ਸਮੂਹ ਗੁਰ-ਸ਼ਬਦ ਭੀ ਗੁਰ-ਉਪਦੇਸ਼ ਰੂਪ ਹਨ ਅਤੇ ਗੁਰਬਾਣੀ ਅੰਦਰਲੇ ਸਮੁੱਚੇ ਸ਼ਬਦ ਗੁਰਬਾਣੀ ਰੂਪ ਹਨ। ਨਾਮ (ਗੁਰਮੰਤ੍ਰ) ਭੀ ਗੁਰਬਾਣੀ ਰੂਪ ਹੈ। ਗੁਰੂ ਮੁਖੋਂ ਉਚਾਰਨ ਹੋਇਆ ਧੁਰ ਹੁਕਮੋਂ ਉਤਾਰਨ ਹੋਇਆ ਹਰ ਇਕ ਸ਼ਬਦ ਗੁਰਬਾਣੀ ਰੂਪ ਹੈ। ਪ੍ਰੰਤੂ ਸਮੂਹ ਗੁਰਬਾਣੀ ਅਤੇ ਗੁਰਬਾਣੀ ਦੇ ਸ਼ਬਦ ਇਕ ਖਾਸ ਗੁਰ-ਸ਼ਬਦ, ਗੁਰਮੰਤ੍ਰ ਅਰਥਾਤ ਗੁਰਮਤਿ ਨਾਮ ਨੂੰ ਦ੍ਰਿੜਾਉਂਦੇ ਹਨ, ਜੋ ਸਮੱਗਰ ਬਾਣੀ ਦਾ ਤਤਸਾਰ ਹੈ, ਜੋ ਗੁਰ-ਸ਼ਬਦ ਕਿ ਅੰਮ੍ਰਿਤ ਛਕਾਉਣ ਸਮੇਂ ਗੁਰਮੰਤ੍ਰ ਵਜੋਂ ਪੰਜਾਂ ਪਿਆਰਿਆਂ ਦੇ ਮੁੱਖੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਅੰਮ੍ਰਿਤ ਅਧਿਕਾਰੀ ਨੂੰ ਦ੍ਰਿੜਾਇਆ ਜਾਂਦਾ ਹੈ। ਇਹੋ ਗੁਰਮੰਤ੍ਰ ਗੁਰਮਤਿ ਨਾਮ ਹੈ, ਜਿਸ ਦੇ ਸੁਆਸ ਸੁਆਸ ਅਭਿਆਸ ਦਾ ਸਮੱਗਰ ਬਾਣੀ ਹੁਕਮ ਰੂਪੀ ਤੱਤ ਉਪਦੇਸ਼ ਦਿੰਦੀ ਹੈ। ਜਿਸ ਗੁਰਮੰਤ੍ਰ ਨੂੰ ਕਿਸੇ ਜਗਿਆਸੂ ਤਾਈਂ ਦੇਣ ਯਾ ਦ੍ਰਿੜਾਉਣ ਦਾ ਕਿਸੇ ਇਕੱਲੇ ਦੇਹਧਾਰੀ ਨੂੰ ਅਧਿਕਾਰ ਨਹੀਂ।

ਪਰ ਇਹ ਨਹੀਂ ਕਹਿ ਸਕਦੇ ਕਿ ਗੁਰਬਾਣੀ ਤੋਂ ਵੱਖਰਾ ਕੋਈ ਇਕ ਗੁਰ-ਸ਼ਬਦ ਨਹੀਂ। ਗੁਰਬਾਣੀ ਤੋਂ ਵੱਖਰਾ ਨਹੀਂ, ਗੁਰਬਾਣੀ ਦੇ ਵਿਚੇ ਹੀ ਹੈ, ਪਰ ਅੰਮ੍ਰਿਤ ਬਾਣੀ ਦਾ ਤੱਤ-ਸਾਰ, ਪਰਮ ਅੰਮ੍ਰਿਤ ਤੱਤ, ਜਿਸ ਨੂੰ ਸਾਰੀ ਗੁਰਬਾਣੀ ਦ੍ਰਿੜ੍ਹਾਉਂਦੀ ਹੈ ਤੇ ਜਿਸ ਅੰਮ੍ਰਿਤ ਤੱਤ-ਸਾਰ-ਸ਼ਬਦ ਨੂੰ ਸਾਰੀ ਬਾਣੀ ਦੇ ਸ਼ਬਦ ਵਿਲੱਖਣ ਰੂਪ ਵਿਚ ਲਖਾਉਂਦੇ ਹਨ।

**ਗੁਰਮੰਤ੍ਰ ਦਾ ਵਿਲੱਖਣ ਰੂਪ –**

ਗੁਰਬਾਣੀ ਦੇ ਪਾਠ ਤੋਂ ਸਾਫ਼ ਪਤਾ ਲੱਗ ਜਾਂਦਾ ਹੈ ਕਿ ਗੁਰਬਾਣੀ ਦੇ ਸ਼ਬਦ, ਗੁਰਬਾਣੀ ਤੇ ਗੁਰ-ਸ਼ਬਦ ਦੀ ਮਹਿਮਾ ਤੇ ਮਹੱਤਤਾ ਵੱਖੋ ਵੱਖ ਦਰਸਾਉਂਦੇ ਤੇ ਗੁਰਸ਼ਬਦ (ਗੁਰਮੰਤ੍ਰ) ਨੂੰ ਨਿਆਰਾ ਕਰ ਕੇ ਲਖਾਉਂਦੇ ਹਨ :-

(੧) **ਜੀਵਨ ਮੁਕਤਿ ਗੁਰ ਸਬਦੁ ਕਮਾਏ....੬।। (੫।।੧੪)**

(ਮਾਰੂ ਮਹਲਾ ੩, ਪੰਨਾ ੧੦੫੯)

ਇਥੇ ਗੁਰ-ਸ਼ਬਦ ਦੀ ਕਮਾਈ ਵਿਲੱਖਣ ਰੂਪ ਵਤ ਹੈ। ਗੁਰ-ਸ਼ਬਦ ਤੋਂ ਭਾਵ ਗੁਰਮੰਤ੍ਰ ਗੁਰਮਤਿ ਨਾਮ ਹੈ। "**ਨਾਨਕ ਗੁਰਬਾਣੀ ਹਰਿ ਪਾਇਆ ਹਰਿ ਜਪੁ ਜਾਪਿ ਸਮਾਹਾ ਹੇ।।**" ਏਥੇ ਭੀ ਗੁਰਬਾਣੀ ਤੇ ਨਾਮ ਦੀ ਮਹੱਤਤਾ ਨਿਆਰੀ ਹੈ, ਅਰਥਾਤ ਗੁਰਬਾਣੀ ਦੁਆਰਾ ਪਰਮਾਤਮਾ ਦੀ ਪ੍ਰਾਪਤੀ ਹੈ, ਕਿਉਂਕਿ ਗੁਰਬਾਣੀ ਹੀ '**ਹਰਿ ਜਪੁ ਜਾਪਿ ਸਮਾਹਾ ਹੇ**' ਦੀ ਜੁਗਤੀ ਦੱਸਦੀ ਹੈ।

(੨) **ਮਾਇਆ ਮੋਹ ਸਬਦਿ ਜਲਾਏ ।।........**
**ਸਾਚੀ ਬਾਣੀ ਨਾਮ ਪਿਆਰਿ।।੧।।(੪।।੬)**

(ਬਸੰਤ ਮਹਲਾ ੩, ਪੰਨਾ ੧੧੭੩-੭੪)

ਇਥੇ ਸ਼ਬਦ ਤੋਂ ਭਾਵ ਨਾਮ ਗੁਰਮੰਤ੍ਰ ਦਾ ਹੈ ਕਿ ਨਾਮ ਦੁਆਰਾ, ਗੁਰ-ਸ਼ਬਦ ਦੁਆਰਾ ਮਾਇਆ ਮੋਹ ਜਲਾਈਦਾ ਹੈ ਅਤੇ "**ਸਫਲਿਉ ਬਿਰਖੁ ਹਰਿ ਕੈ ਦੁਆਰਿ**" ਦੀ ਕਿਸ ਬਿਧਿ ਬਿਉਂਤ ਬਣ ਆਉਂਦੀ ਹੈ- "**ਸਾਚੀ ਬਾਣੀ ਨਾਮ ਪਿਆਰਿ।।**" ਅਰਥਾਤ ਸੱਚੀ ਬਾਣੀ ਅਤੇ ਨਾਮ ਦੇ ਪਿਆਰ (ਪ੍ਰੇਮ ਕਮਾਈ) ਦੁਆਰਾ।

(੩) **ਹਰਿ ਹਰਿ ਨਾਮੁ ਧਿਆਇ ਗੁਰਬਾਣੀ**
**ਨਿਤ ਨਿਤ ਚਵਾ ਬਲਿਰਾਮ ਜੀਉ।।੧।।(੪।।੧)**

(ਸੂਹੀ ਮ: ੪ ਛੰਤ, ਪੰਨਾ ੭੭੩)

ਏਸ ਗੁਰ ਪ੍ਰਮਾਣ ਅੰਦਰ ਭੀ ਨਾਮ (ਗੁਰ-ਸ਼ਬਦ) ਅਤੇ ਬਾਣੀ ਦੀ ਭਿੰਨ ਭਿੰਨ ਮਹਿਮਾ ਵਰਨਣ ਹੈ, "**ਹਰਿ ਹਰਿ ਨਾਮ ਧਿਆਇ**" ਅਤੇ "**ਗੁਰਬਾਣੀ ਨਿਤ ਨਿਤ ਚਵਾ**" ਦਾ ਵਖੋ ਵੱਖ ਭਾਵ ਨਾਮ ਧਿਆਉਣਾ, ਅਰਥਾਤ ਗੁਰ-ਸ਼ਬਦ ਗੁਰਮੰਤ੍ਰ ਦਾ ਸੁਆਸ ਸੁਆਸ ਅਭਿਆਸ ਕਰਨਾ ਅਤੇ ਨਿਤਾਪ੍ਰਤਿ ਗੁਰਬਾਣੀ ਗਾਵਣਾ ਹੈ। ਗੁਰਬਾਣੀ ਸੁਆਸ ਸੁਆਸ ਨਹੀਂ ਗਾਈ ਜਾ ਸਕਦੀ, ਸਾਸ ਸਾਸ ਕੇਵਲ ਗੁਰਮੰਤ੍ਰ ਦਾ ਅਭਿਆਸ ਹੀ ਸੰਭਵ ਹੈ। "**ਕਾਇਆ ਸੇਜ ਗੁਰ ਸਬਦਿ ਸੁਖਾਲੀ** ........" ਅਰਥਾਤ ਕਾਇਆ ਰੂਪੀ ਸੇਜ ਨੂੰ ਸਦਾ ਸੁਖ ਗੁਰ-ਸ਼ਬਦ , ਭਾਵ ਨਾਮ ਅਭਿਆਸ ਦੁਆਰਾ ਹੀ ਪ੍ਰਾਪਤ ਹੁੰਦਾ ਹੈ, ਕਿਉਂਕਿ ਪਾਰਸ-ਨਾਮ ਦੇ ਅਭਿਆਸ ਅੰਦਰ ਅੰਮ੍ਰਿਤ-ਕਲਾ ਹੈ। ਇਸ ਅੰਮ੍ਰਿਤ-ਕਲਾ ਦੁਆਰਾ ਘਟ ਅੰਤਰ ਅੰਮ੍ਰਿਤ ਰਸ ਵਿਗਸਦਾ ਹੈ, ਜਿਸ ਨੂੰ ਨਾਮ ਦੇ ਅਭਿਆਸੀ ਹੀ ਜਾਣਦੇ ਹਨ।

**ਗੁਰਬਾਣੀ ਦੇ ਪਾਠ ਦਾ ਲਾਭ –**

(੪) **ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ।।**
**ਜਿਨਿ ਪੀਤੀ ਤਿਸੁ ਮੋਖ ਦੁਆਰ।।੫।।(੮।।੧।।੪)**

(ਮਲਾਰ ਮ: ੧ ਅਸ਼ਟ: ਪੰਨਾ ੧੨੭੫)

ਭਾਵ ਸਪੱਸ਼ਟ ਹੈ। ਗੁਰਬਾਣੀ ਭੀ ਅੰਮ੍ਰਿਤ ਰੂਪ ਹੈ। "**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ**



www.AKJ.Org

ਸਾਰੇ।।" ਗੁਰਬਾਣੀ ਦੇ ਪਠਨ ਮਾਤਰ (ਪੜ੍ਹਨ ਮਾਤਰ) ਨਾਲ ਹੀ ਅੰਮ੍ਰਿਤ-ਕਲਾ ਵਰਤ ਜਾਂਦੀ ਹੈ। ਨਿਸਦਿਨ ਗੁਰਬਾਣੀ ਦਾ ਅਖੰਡ ਪਾਠ ਕਰੀ ਜਾਣਾ ਤਾਂ ਅਗਾਧ ਅੰਮ੍ਰਿਤ ਕਲਾ ਵਰਤਾਉਂਦਾ ਹੈ। ਜਿਨ੍ਹਾਂ ਗੁਰਬਾਣੀ ਦੇ ਪਾਠ ਦੀ ਅਖੰਡ ਕਮਾਈ ਕੀਤੀ ਹੈ, ਤਿਨ੍ਹਾਂ ਨੇ ਗਟਾਕ ਰਸ, ਅੰਮ੍ਰਿਤ ਦਾ ਰਸ ਪੀਤਾ ਹੈ ਅਤੇ ਜਿਉਂ ਜਿਉਂ ਗੁਰਬਾਣੀ ਦੀ ਅਖੰਡ-ਪਾਰਸ-ਕਲਾ ਵਰਤੀ ਹੈ, ਤਿਉਂ ਨਾਮ ਦਾ ਖੰਡਾ ਅਭਿਆਸੀ ਜਨਾਂ ਦੇ ਘਟ ਅੰਤਰ ਹੋਰ ਭੀ ਜ਼ੋਰੋ ਜ਼ੋਰ ਆਪਣੇ ਆਪ ਖੜਕਦਾ ਹੈ, ਯਥਾ ਗੁਰਵਾਕ - "**ਗੁਰਮੁਖਿ ਬਾਣੀ ਨਾਦੁ ਵਜਾਵੈ।।**" ਨਾਮ ਅੰਮ੍ਰਿਤ ਦੇ ਖੜਗੋਸ਼ੀਆਂ ਨੂੰ ਗੁਰਬਾਣੀ ਹੋਰ ਵੀ ਅਤਿ ਮਿੱਠੀ ਤੇ ਪਿਆਰੀ ਲੱਗਦੀ ਹੈ। ਨਾਮ ਦੇ ਰਸਕ-ਬੈਰਾਗੀਆਂ ਨੂੰ ਅੰਮ੍ਰਿਤ ਬਾਣੀ ਦਾ ਅੰਮ੍ਰਿਤ-ਰਸ ਹੋਰ ਵਧੀਕ ਆਉਂਦਾ ਹੈ। ਅੱਲ੍ਹੜ ਜਗਿਆਸੂ ਭੀ ਜੇ ਗੁਰਬਾਣੀ ਦੇ ਪਾਠ ਵਿਚ ਜੁਟ ਜਾਣ ਤਦ ਭੀ ਅੰਮ੍ਰਿਤ ਬਾਣੀ ਦਾ ਅਸਰ ਅਹਲਾ ਨਹੀਂ ਜਾਂਦਾ, ਪਾਰਸ ਬਾਣੀ ਜੁ ਹੋਈ, ਉਸ ਨੇ ਪਾਰਸ-ਕਲਾ ਜ਼ਰੂਰ ਵਰਤਾਉਣੀ ਹੈ। ਏਥੇ ਸੋਚ ਵਿਚਾਰ ਅਥਵਾ ਬਾਣੀ ਦੀ ਅਰਥਾਬੰਦੀ ਦੀ ਲੋੜ ਨਹੀਂ, ਧੁਰ ਦੀ ਬਾਣੀ ਦੀ ਅਰਥਾਬੰਦੀ ਹੀ ਕੀ ? ਸਰਬੱਗਯ ਮਹਾਂ ਪੁਰਖਾਂ ਦੀ ਬਾਣੀ ਦਾ ਅਰਥ ਅਲਪੱਗ ਮਾਨੁਆਂ ਨੇ ਆਪਣੀ ਮਨ ਦੀ ਮਤਿ ਅਨੁਸਾਰ ਹੀ ਲਾਉਣਾ ਹੋਇਆ, ਜੋ ਗੁਰਮਤਿ ਤੋਂ ਕੋਸੋਂ ਦੂਰ ਰਹਿ ਜਾਂਦਾ ਹੈ। ਤਾਂਤੇ ਗੁਰਬਾਣੀ ਦਾ ਪਠਨ ਮਾਤ੍ਰ ਹੀ ਦਰਕਾਰ ਹੈ। ਪਾਰਸ ਨੇ ਆਪਣੀ ਪਾਰਸ-ਸ਼ਕਤੀ ਦੁਆਰਾ ਕਲਾ ਵਰਤਾਉਣੀ ਹੀ ਹੈ, ਕੇਵਲ ਉਸ ਨੂੰ ਪਰਸਣ ਦੀ ਹੀ ਲੋੜ ਹੈ। ਰਸਨਾ ਤੇ ਆਈ ਗੁਰਬਾਣੀ ਅੰਮ੍ਰਿਤ ਕਲਾ ਪ੍ਰਗਟਾਇਕ ਹੈ। ਮੁਖ ਰਸਨਾ ਦੁਆਰਾ ਉਚਾਰਨ ਕਰਿ ਹੀ ਗੁਰਮੰਤ੍ਰ ਬਾਣੀ ਰੂਪ ਹੈ।

**ਗੁਰਮੰਤ੍ਰ ਦਾ ਅਭਿਆਸ**–

ਗੁਰਮੰਤ੍ਰ ਨੂੰ ਪ੍ਰਿਥਮ ਰਸਨਾ ਦੁਆਰਾ ਹੀ ਰਟਨ ਕੀਤਾ ਜਾਂਦਾ ਹੈ। ਰਟਨ ਮਾਤ੍ਰ ਕਰਿ ਗੁਰਮੰਤ੍ਰ ਘਟ ਅੰਤਰ ਅੰਮ੍ਰਿਤ-ਰਸ ਉਪਜਾਇਕ ਹੈ। ਇਹ ਗੁਰਮੰਤ੍ਰ ਗੁਰਬਾਣੀ ਦੀ ਅੰਮ੍ਰਿਤ-ਗੋਝ-ਕਲਾ ਫ਼ਿਲਾਸਫ਼ੀ ਹੈ। ਇਕ ਨਾਮ ਅਭਿਆਸੀ ਸਾਇੰਸ, ਫ਼ਿਲਾਸਫ਼ੀਆਂ ਨਾਲੋਂ ਨਿਰਾਲੀ ਤੇ ਵਿਲੱਖਣ ਹੈ।

(੫) **ਗੁਰ ਕੀ ਬਾਣੀ ਸਿਉ ਲਾਇ ਪਿਆਰੁ।।**
**ਐਥੈ ਓਥੈ ਏਹੁ ਅਧਾਰੁ।।੩।।(੧੭।।੭।।੨੪)**

(ਪ੍ਰਭਾਤੀ ਮਹਲਾ ੩, ਪੰਨਾ ੧੩੩੫)

ਏਥੇ ਗੁਰ ਕੀ ਬਾਣੀ ਦਾ ਭਾਵ '**ਗੁਰ ਕੀ ਬਾਣੀ ਸਬਦਿ ਵਖਾਣੀ**' ਦਾ ਹੈ। ਨਿਰੋਲ ਗੁਰਬਾਣੀ ਦਾ ਪਿਆਰ ਭੀ ਅਹਿਨਿਸ ਗੁਰਬਾਣੀ ਦਾ ਵਖਾਨਣਾ ਅਥਵਾ ਗੁਰਬਾਣੀ ਦੁਆਰਾ ਦ੍ਰਿੜਾਏ ਨਾਮ ਦਾ ਅਖੰਡ ਜਾਪ ਅਭਿਆਸ ਕਰਨਾ ਹੈ।

(੬) **ਗੁਰੁ ਪੂਰਾ ਪੂਰੀ ਤਾ ਕੀ ਕਲਾ।।**
**ਗੁਰ ਕਾ ਸਬਦੁ ਸਦਾ ਸਦ ਅਟਲਾ।।**
**ਗੁਰ ਕੀ ਬਾਣੀ ਜਿਸੁ ਮਨਿ ਵਸੈ।।**
**ਦੂਖੁ ਦਰਦੁ ਸਭੁ ਤਾ ਕਾ ਨਸੈ।।੧।।(੪।।੮)**

(ਪ੍ਰਭਾਤੀ ਮਹਲਾ ੫, ਪੰਨਾ ੧੩੩੯-੪੦)

ਏਥੇ ਗੁਰ ਕਾ ਸ਼ਬਦ ਤੋਂ ਭਾਵ ਗੁਰ-ਸ਼ਬਦ ਅਰਥਾਤ ਗੁਰਮੰਤ੍ਰ ਗੁਰਮਤਿ ਨਾਮ ਹੈ। ਇਸ ਵਿਚ ਪੂਰੀ ਅੰਮ੍ਰਿਤ-ਕਲਾ ਸਦਾ ਸਦ ਅਟੱਲ ਰਹਿਣ ਵਾਲੀ ਅੰਮ੍ਰਿਤ-ਰਸ-ਉਪਜਾਇਕ ਅਤੇ ਆਤਮਿਕ ਦਰਸਾਇਕ, ਪ੍ਰਮਾਤਮ ਲਖਾਇਕ, ਸਾਂਗੋ ਪਾਂਗ ਸਨਮੁਖ ਕਲਾ ਹੈ। "**ਗੁਰ ਕੀ ਬਾਣੀ ਜਿਸੁ ਮਨਿ ਵਸੈ**" ਤੋਂ ਭਾਵ ਇਹ ਹੈ ਕਿ ਗੁਰਬਾਣੀ ਸੇਤੀ ਜਿਸ ਦਾ ਮਨ ਮਾਨਿਆ ਹੈ, ਜਿਸ ਦੀ ਸੱਚੀ ਸ਼ਰਧਾ ਗੁਰਬਾਣੀ ਉੱਪਰ ਆਈ ਹੈ, ਜਿਸ ਨੂੰ ਗੁਰਬਾਣੀ ਮਿੱਠੀ ਲੱਗੀ ਹੈ, ਜਿਸ ਨੂੰ ਸਤਿਗੁਰੂ ਦੀ ਬਾਣੀ ਸਤਿ ਸਤਿ ਕਰ ਮੰਨੀ ਹੈ, ਦੁੱਖ ਦਰਦ ਤਿਸ ਦਾ ਸਭ ਹੀ ਨਠ ਜਾਂਦਾ ਹੈ, ਕਿਉਂਕਿ ਗੁਰਬਾਣੀ ਮਨ ਅੰਦਰ ਵਸਣ ਕਰਕੇ ਹੀ ਨਾਮ ਦ੍ਰਿੜ੍ਹ ਹੁੰਦਾ ਹੈ। ਗੁਰਬਾਣੀ ਦੀ ਪਰਮ ਆਗਿਆ, ਗੁਰਬਾਣੀ ਦਾ ਪਰਮ ਤੱਤ ਸਾਰ 'ਨਾਮ ਜਪਣਾ' ਹੈ। ਤਿਨ੍ਹਾਂ ਨੇ ਹੀ ਗੁਰਬਾਣੀ ਸਤਿ ਸਤਿ ਕਰ ਮੰਨੀ ਹੈ, ਜਿਨ੍ਹਾਂ ਨੇ ਗੁਰਬਾਣੀ ਦੇ ਨਾਮ ਜਪਣ ਰੂਪੀ ਹੁਕਮ ਉੱਤੇ ਪਹਿਰਾ ਦਿੱਤਾ ਹੈ, ਅਰਥਾਤ ਜਿਨ੍ਹਾਂ ਨੂੰ ਨਾਮ ਜਪਣਾ ਦ੍ਰਿੜ੍ਹ ਹੋ ਗਿਆ ਹੈ।

ਗੁਰਬਾਣੀ ਅਤੇ ਗੁਰ-ਸ਼ਬਦ (ਗੁਰਮੰਤ੍ਰ ਨਾਮ) ਦਾ ਪਾਰਸ-ਕਲਾ ਲਖਾਇਕ ਭਾਵ ਇਕੋ ਹੀ ਹੈ, ਪ੍ਰੰਤੂ ਦਾਤਿ ਜੋਤਿ ਲਖਾਉਣੀ ਜੁਗਤ ਵਿਚ ਭਿੰਨਤਾ ਹੈ। ਗੁਰਬਾਣੀ ਕੇਵਲ ਬੈਖਰੀ ਬਾਣੀ ਅਰਥਾਤ ਮੁੱਖ ਅਤੇ ਰਸਨਾ ਕਰਕੇ ਹੀ ਰਟੀ ਜਪੀ ਜਾ ਸਕਦੀ ਹੈ, ਪ੍ਰੰਤੂ ਗੁਰ-ਸ਼ਬਦ ਦਾ ਅਭਿਆਸ ਰਸਨਾ ਦੁਆਰਾ ਭੀ ਹੋ ਸਕਦਾ ਹੈ, ਸੁਆਸਾਂ ਤੇ ਸੁਰਤੀ ਦੁਆਰਾ ਭੀ ਹੋ ਸਕਦਾ ਹੈ। ਗੁਰ-ਸ਼ਬਦ ਦੇ ਅਭਿਆਸ ਦੁਆਰਾ ਸਾਸ ਸਾਸ ਲੇਖੇ ਲੱਗ ਜਾਂਦਾ ਹੈ। ਇਕ ਸੁਆਸ ਵੀ ਬਿਰਥਾ ਨਹੀਂ ਜਾਂਦਾ, ਕਿਉਂਕਿ ਗੁਰਮੰਤ੍ਰ ਅਰਥਾਤ ਗੁਰਮਤਿ ਨਾਮ ਅਭਿਆਸ ਊਠਤ ਬੈਠਤ ਸੋਵਤ ਜਾਗਤ ਸਾਸ ਗ੍ਰਾਸ



www.AKJ.Org

ਹੋ ਸਕਦਾ ਹੈ, ਰਸਨਾ ਦੁਆਰਾ, ਅਥਵਾ ਸੁਆਸਾਂ ਦੁਆਰਾ ਜਾਂ ਸੁਰਤੀ ਦੁਆਰਾ।

**ਅਠ-ਪਹਿਰੀ ਕੁੰਜੀ-**

ਅੰਮ੍ਰਿਤ ਵੇਲੇ ਦੀ ਇਕ-ਪਹਿਰੀ ਸਾਵਧਾਨਤਾ ਸਹਿਤ ਨਾਮ ਅਭਿਆਸ ਕੀਤਾ ਹੋਇਆ ਮਾਨੋ ਅਠ-ਪਹਿਰੀ ਕੁੰਜੀ ਲਗ ਜਾਂਦੀ ਹੈ, ਜਿਸ ਦੇ ਤਾਣ ਸੁਤੇ ਸੁਭਾਵ ਹੀ ਨਾਮ ਅਭਿਆਸੀ ਦੀ ਸੁਆਸਾਂ ਰੂਪੀ ਘੜੀ ਦਾ ਪੈਂਡਲੂਮ ਪੰਚ-ਦੂਤ-ਦਮਨੀ ਖੰਡੇ ਦੀ ਖੜਕਾਰ ਵਾਲੀ ਸਹਿਜ ਰਫ਼ਤਾਰ ਵਿਚ ਚਲਦਾ ਰਹਿੰਦਾ ਹੈ।

ਖਾਸ ਕਰ ਜਿਨ੍ਹਾਂ ਗੁਰਮਤਿ ਜਗਿਆਸੂਆਂ ਨੂੰ ਖੰਡੇ ਦੇ ਅੰਮ੍ਰਿਤ-ਸਿੰਚਾਰ (ਛਕਣ) ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਨਾਮ ਦੀ ਕਮਾਈ ਵਾਲੇ ਪੰਜਾਂ ਪਿਆਰਿਆ ਦੁਆਰਾ ਨਾਮ ਅਭਿਆਸ ਦ੍ਰਿੜ੍ਹ ਹੋ ਚੁੱਕਾ ਹੋਵੇ, ਉਨ੍ਹਾਂ ਦੇ ਘਟ ਅੰਤਰ ਤਾਂ ਉਸੇ ਦਿਨ ਹੀ ਅਖੰਡ ਚਾਬੀ ਲੱਗ ਗਈ ਜਾਣੋ। ਉਨ੍ਹਾਂ ਲਈ ਅੰਮ੍ਰਿਤ ਵੇਲੇ ਦੀ ਨਾਮ ਅਭਿਆਸ ਕਮਾਈ ਸੋਨੇ ਤੇ ਸੁਹਾਗੇ ਦਾ ਕੰਮ ਦਿੰਦੀ ਹੈ।

**ਨਾਮ ਦੇ ਅਭਿਆਸ ਸਬੰਧੀ ਗੁਰਬਾਣੀ ਦੇ ਪਾਠ ਦਾ ਅਸਰ -**

ਨਾਮ ਦੇ ਅਭਿਆਸੀਆਂ ਲਈ ਗੁਰਬਾਣੀ ਦੀ ਸ੍ਰੋਤ ਅਥਵਾ ਪਾਠ-ਕਮਾਈ ਭੀ ਨਾਮ ਦੇ ਰੰਗਾਂ ਨੂੰ ਅਕਹਿ-ਜੋਤਿ-ਰਸਿਕ-ਜਲਵਿਆਂ ਵਿਚ ਪ੍ਰਜ੍ਵਲਤ ਕਰਾਉਂਦੀ ਹੈ। ਨਾਮਹੀਣ ਜਾਂ ਨਾਮ-ਕਮਾਈ-ਹੀਣ ਗੁਰਮਤਿ ਜਗਿਆਸੂਆਂ ਦੇ ਸੁਆਸਾਂ ਨੂੰ ਗੁਰਬਾਣੀ ਉਤਨਾ ਚਿਰ ਹੀ ਸਫ਼ਲ ਕਰਾਉਣ ਵਿਚ ਸਹਾਈ ਹੈ, ਜਿਤਨਾ ਚਿਰ ਕਿ ਗੁਰਬਾਣੀ ਦਾ ਰਟਨ ਅਥਵਾ ਸ੍ਰਵਣ ਪ੍ਰਾਪਤ ਹੈ। ਜਿਉਂ ਜਿਉਂ ਤੇ ਜਿਤਨਾ ਚਿਰ ਗੁਰਬਾਣੀ ਦਾ ਸ੍ਰਵਣ, ਪਠਨ ਰੂਪੀ ਸਪੱਰਸ਼ ਹੁੰਦਾ ਰਹਿੰਦਾ ਹੈ, ਤਿਉਂ ਤਿਉਂ ਜਗਿਆਸੂ ਦੀ ਬੁੱਧੀ ਹੋਰ ਤੇ ਹੋਰ ਸੈਕਲ ਹੁੰਦੀ ਰਹਿੰਦੀ ਹੈ। ਗੁਰਬਾਣੀ ਪਾਰਸ ਰੂਪ ਜੁ ਹੋਈ, ਪਰੰਤੂ ਸਮੁੱਚੇ ਸੁਆਸ ਲੇਖੇ ਨਹੀਂ ਲੱਗਦੇ, ਅਰਥਾਤ ਸੁਆਸ ਸੁਆਸ ਗੁਰਬਾਣੀ ਦਾ ਅਭਿਆਸ ਅਸੰਭਵ ਹੈ। ਗੁਰਬਾਣੀ ਦਾ ਪ੍ਰਭਾਵ ਹਿਰਦੇ ਵਿਚ ਉਤਨਾ ਚਿਰ ਹੀ ਪ੍ਰਬਲ ਰਹਿੰਦਾ ਹੈ ਜਿਤਨਾ ਚਿਰ ਗੁਰਬਾਣੀ ਦਾ ਸੇਵਨ ਹੁੰਦਾ ਰਹੇ। ਇਸ ਅਰਸੇ ਵਿਚ ਮਨ ਮੈਗਲ (ਹਾਥੀ ਰੂਪ ਮਨ) ਔਝੜ ਪੈਂਦਾ ਰਹਿੰਦਾ ਹੈ। ਇਸ ਮਨ-ਮੈਗਲ ਉੱਤੇ ਖਿਨ ਖਿਨ ਗੁਰ-ਸ਼ਬਦ ਰੂਪ ਅਭਿਆਸ ਦੇ ਅੰਕਸ ਦੀ ਸੱਟ ਪੈਂਦੀ ਰਹੇ ਤਦੇ ਹੀ ਇਹ ਵਸਗਤਿ ਹੁੰਦਾ ਹੈ। ਗੁਰਬਾਣੀ ਦੀਆਂ ਅੰਮ੍ਰਿਤ-ਪਾਰਸ-ਸੱਟਾਂ ਭੀ ਇਸ ਨੂੰ ਸੈਕਲ ਕਰਨ ਹਿੱਤ ਬਹੁਤ ਕੁਛ ਸਹਾਈ ਹਨ। ਅਤੇ ਗੁਰਬਾਣੀ ਦਾ ਭਾਵ ਹਰ ਵਕਤ ਹਿਰਦੇ ਅੰਦਰ ਅੰਕਿਤ ਨਹੀਂ ਰਹਿ ਸਕਦਾ। ਇਸ ਕਰਕੇ ਅੰਮ੍ਰਿਤ-ਬਾਣੀ ਆਪਣੀ ਅੰਮ੍ਰਿਤ-ਸਫੁਟ-ਤੱਤ, ਅਰਥਾਤ ਗੁਰਮਤਿ ਨਾਮ ਨੂੰ ਜੋ ਦ੍ਰਿੜ੍ਹਾਉਂਦੀ ਹੈ ਉਸ ਤੇ ਅਮਲ ਕੀਤਿਆਂ ਹੀ ਸੁਆਸ ਸਫਲਾ ਹੋ ਸਕਦਾ ਹੈ। ਨਾਮ ਦੀ ਰਸਕ ਜੋਤਿ ਪ੍ਰਚਲਤ ਹੋਣ ਤੱਕ ਸਿਲ ਅਲੂਣੀ ਚੱਟਣੀ ਲਗਦੀ ਹੈ। ਜਦੋਂ ਜੋਤਿ ਰਸ ਪ੍ਰਚੱਲਤ ਹੋ ਗਿਆ, ਫੇਰ ਇਸ ਜੋਤਿ-ਰਸ ਦੇ ਆਸਰੇ ਨਾਮ-ਨੁਮਾ ਰਸ "**ਛੋੜਿਆ ਨਾ ਜਾਇ**" ਦੀ ਬਿਵਸਥਾ ਵਿਚ ਆ ਕੇ ਮਨ-ਮੈਗਲ ਨੂੰ ਭਲੀ ਬਿਧ ਵਸਗਤਿ ਕਰ ਲੈਂਦਾ ਹੈ ਅਤੇ ਸੁਰਤਿ ਸੁਆਸ ਦੀ ਪੱਕੀ ਇਕਾਗ੍ਰਤਾ ਸਹਿਜ ਮਤੇ ਹੀ ਆਣ ਪ੍ਰਾਪਤ ਹੁੰਦੀ ਹੈ। ਮੁਢ-ਪ੍ਰਭਾਵ-ਤੁਫ਼ੈਲੀ ਬਰਕਤ ਸਭ ਗੁਰਬਾਣੀ ਦੀ ਹੈ। ਅਤੇ ਫੇਰ ਭੀ ਗੁਰਬਾਣੀ ਦੀ ਸਦਾ ਸਹਾਇਤਾ ਕਮਾਈ ਦਰਕਾਰ ਹੈ। "**ਗੁਰਬਾਣੀ ਗਾਵਹ ਭਾਈ।। ਓਹ ਸਫਲ ਸਦਾ ਸੁਖਦਾਈ।।**" ਗੁਰਬਾਣੀ ਦਾ ਕੀਰਤਨ ਨਾਮ ਅਭਿਆਸ ਨੂੰ ਦੂਣ-ਸਵਾਏ ਰੰਗ ਵਿਚ ਨਿਤਾਪ੍ਰਤਿ ਵਧਾਉਂਦਾ ਰਹਿੰਦਾ ਹੈ। ਨਾਮ ਰੰਗ ਦੀ ਅਤੇ ਨਾਮ-ਜੋਤਿ ਰਸ ਬਿਵਸਥਾ ਦੀ ਥਾਹ ਹਦ ਕੁਛ ਨਹੀਂ, ਪਰੇ ਤੋਂ ਪਰੇ ਲੀਲ੍ਹਾ ਹੈ।

(੭) **ਭਗਤ ਜਨਾ ਕੀ ਊਤਮ ਬਾਣੀ**
**ਜੁਗਿ ਜੁਗਿ ਰਹੀ ਸਮਾਈ।।੨੦।।**
**ਬਾਣੀ ਲਾਗੈ ਸੋ ਗਤਿ ਪਾਏ**
**ਸਬਦੇ ਸਚਿ ਸਮਾਈ।।੨੧।।**

(ਰਾਮਕਲੀ ਮਹਲਾ ੩, ਪੰਨਾ ੯੦੯-੧੦)

"**ਭਗਤ ਜਨਾ ਕੀ ਊਤਮ ਬਾਣੀ**" ਤੋਂ ਭਾਵ ਧੁਰ ਕੀ ਬਾਣੀ ਗੁਰਬਾਣੀ ਹੀ ਹੈ, ਜੋ ਗੁਰੂ ਰੂਪੀ ਭਗਤਾਂ (ਹਰੀ ਜਨਾਂ) ਦੁਆਰਾ ਅਵਤਰੀ ਹੈ। ਦੂਜੀ ਤੁਕ ਅੰਦਰ ਦੱਸਿਆ ਹੈ ਕਿ ਜਿਹੜੇ ਇਸ ਪਾਰਸ ਰੂਪੀ ਗੁਰਬਾਣੀ ਨਾਲ ਸਪੱਰਸ਼ ਹੋਏ ਹਨ (ਬਾਣੀ ਲਾਗੈ ਸੋ ਗਤਿ ਪਾਏ) ਉਨ੍ਹਾਂ ਦੀ ਪਰਮ ਗਤੀ ਹੋ ਗਈ ਹੈ। ਗੁਰਬਾਣੀ ਦੁਆਰਾ ਦ੍ਰਿੜ੍ਹਾਏ ਸ਼ਬਦ ਦੇ ਤੁਫ਼ੈਲ ਉਹਨਾਂ ਦੀ ਸੱਚ ਵਿਖੇ ਸਮਾਈ ਹੋਈ ਹੈ। ਸੱਚ ਤੋਂ ਭਾਵ ਨਾਮ-ਨਾਮੀ ਅਭੇਦ ਤੋਂ ਹੈ। "**ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰਨਿਧਿ ਪਾਈ।।**" ਇਸ ਦਾ ਪ੍ਰਮਾਰਥੀ ਭਾਵ ਗੁਰ-ਸ਼ਬਦ ਗੁਰ-ਮੰਤ੍ਰ ਦੇ



www.AKJ.Org

ਅਭਿਆਸ ਦੁਆਰਾ ਘਟ ਅੰਤਰ ਘਟ ਪ੍ਰਗਾਸ ਹੋਣ ਤੋਂ ਹੈ। ਓਹੀ ਨਾਮ ਕੋਟਿ ਜੋਤਿ ਜਗੰਨਾ, ਹੀਰਾ ਰਤਨ ਮਣੀਆ ਹੋ ਕੇ ਆਸ਼ਕਾਰਾ ਹੁੰਦਾ ਹੈ। ਇਸ ਜੋਤਿ-ਪ੍ਰਕਾਸ਼ੀ-ਨਾਮ ਦੇ ਪ੍ਰਭਾਵ ਕਰਕੇ ਨੌਂ ਨਿਧੀਆਂ ਅਤੇ ਰਿਧੀਆਂ ਸਿਧੀਆਂ ਪਰਛਾਵੇਂ ਦੀ ਨਿਆਈਂ ਅਭਿਆਸੀ ਜਨਾਂ ਦੇ ਮਗਰ ਲੱਗੀਆਂ ਫਿਰਦੀਆਂ ਹਨ। ਪਰ ਉਹਨਾ 'ਤਿਲ ਨ ਤਮਾਇ' ਜੋਤਿ-ਪ੍ਰਕਾਸ਼ੀ-ਨਾਮ ਤੁਲ ਹੋਰ ਕਿਹੜੀ ਨਿਧੀ ਹੈ, ਸਰਬ ਨਿਧੀਆਂ ਦਾ ਨਿਧਾਨ ਨਾਮ ਹੈ, ਜੋ ਅੰਤ੍ਰ-ਆਤਮੇ ਆਣ (ਉਦੋਤ) ਪ੍ਰਗਟ ਹੋਇਆ। ਗੁਰ-ਮੰਤ੍ਰ ਰੂਪੀ ਨਾਮ ਸ਼ਬਦ ਦੀ ਅਭਿਆਸ ਕਮਾਈ ਕਰ ਕੇ ਇਹ ਜੋਤਿ-ਪ੍ਰਕਾਸ਼ਕ-ਵਿਸਮਾਦੀ-ਆਨੰਦ ਰੰਗ ਬੱਝਦੇ ਹਨ। ਏਸ ਦਸ਼ਾ ਅੰਦਰ ਭੀ ਅਭਿਆਸੀ ਦਾ ਨਾਮ ਅਭਿਆਸ ਸੁਰਤੀ ਦੁਆਰਾ ਜਾਰੀ ਰਹਿੰਦਾ ਹੈ ਅਤੇ ਜੋਤਿ-ਰਸਿਕ ਰੰਗਾਂ ਵਿਚ ਸਿਧੰਨਾ (ਸਧਾਇਆ ਹੋਇਆ) ਨਾਮ ਅਗਾਧ ਅਨੰਦ, ਪਰਮ ਅਨੰਦ ਵਿਖੇ ਜਾ ਸਮਾਧੀ ਕਰਾਉਂਦਾ ਹੈ, ਜਿਸ ਦੀ ਥਾਹ ਕੋਈ ਨਹੀਂ। ਨਾ ਹੀ ਅਭਿਆਸ ਦਾ ਹੱਦ-ਬੰਨਾ ਕੋਈ ਹੈ, ਨਾ ਹੀ ਜੋਤਿ ਮੰਤ੍ਰ ਅਨੰਦ ਦੀ ਅਸਥਿਰਤਾ ਦੀ ਕੋਈ ਥਾਹ ਹੈ। ਇਸ ਬਿਵਸਥਾ ਅੰਦਰ ਲੀਣ ਹੋਇਆ "**ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ**" ਵਾਲੀ ਸਹਿਜ ਅਵਸਥਾ ਬੱਝਦੀ ਹੈ ਅਤੇ "**ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ**" ਵਾਲੇ ਦਿਬ-ਜੋਤੀ ਲੋਇਣ ਓਥੇ ਜਾ ਕੇ ਹੀ ਖੁਲ੍ਹਦੇ ਹਨ ਅਤੇ "**ਅਦਿਸਟੁ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ**" ਵਾਲੀ ਜੀਵਨ-ਮੁਕਤ ਜੋਤੀ-ਜੋਤ ਸਮਾਏ ਰਹਿਣ, ਸਦਾ ਸਮਾਏ ਰਹਿਣ ਵਾਲਾ ਉੱਚ ਮੇਅਰਾਜ ਪ੍ਰਾਪਤ ਹੁੰਦਾ ਹੈ।

(੮) **ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ**
**ਗਾਵਹੁ ਸਚੀ ਬਾਣੀ।।**
**ਬਾਣੀ ਤ ਗਾਵਹੁ ਗੁਰੂ ਕੇਰੀ**
**ਬਾਣੀਆ ਸਿਰਿ ਬਾਣੀ।।੨੩।।**

(ਰਾਮਕਲੀ ਮ: ੩ ਅਨੰਦੁ, ਪੰਨਾ ੯੨੦)

ਏਸ "**ਬਾਣੀਆ ਸਿਰਿ ਬਾਣੀ**" ਗੁਰਬਾਣੀ ਦੀ ਕੀਰਤਨ-ਕਲਾ ਦੁਆਰਾ ਨਾਮ-ਅੰਮ੍ਰਿਤ ਦੇ ਰੰਗ ਬੱਝਦੇ ਹਨ ਅਤੇ ਅਜਪਾ ਜਾਪ ਦਾ ਅਸਲ ਅਨੰਦ ਏਥੇ ਹੀ ਬੱਝ ਹੁੰਦਾ ਹੈ।

(੯) **ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ।।**
**ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ।।੪੦।।**

(ਰਾਮਕਲੀ ਮ: ੧ ਦਖਣੀ ਓਅੰਕਾਰ, ਪੰਨਾ ੯੩੫)

ਇਸ ਗੁਰ-ਪ੍ਰਮਾਣ ਅੰਦਰ ਨਿਰੂਪਨ ਕੀਤਾ ਹੈ ਕਿ ਮਹਾਂ-ਪੁਰਖਾਂ ਦੀ ਬਾਣੀ ਉਪਰ ਕਿਸੇ ਬਿਰਲੇ ਗੁਰਮੁਖ ਜਨ ਦੀ ਹੀ ਸੱਚੀ ਸ਼ਰਧਾ-ਭਾਵਨੀ ਆਉਂਦੀ ਹੈ। ਜਿਨ੍ਹਾਂ ਦੀ ਸ਼ਰਧਾ-ਭਾਵਨੀ ਬੱਝੀ ਉਹਨਾ ਨੇ ਇਸ ਬਾਣੀ ਵਿਚੋਂ ਹੀ ਸਭ ਕੁੱਝ ਪਾਇਆ ਹੈ ਅਤੇ ਇਸ ਬਾਣੀ ਦੇ ਪਰਤਾਪ ਕਰ ਹੀ ਨਿਜ ਘਰ ਵਾਸਾ ਪ੍ਰਾਪਤ ਕੀਤਾ ਹੈ।

(੧੦) **ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ।।**
**ਗੁਰ ਕੈ ਸਬਦਿ ਮਨ ਕਉ ਸਮਝਾਵਹਿ।।੧੪।।(੧੭।।੨।।੮)**

(ਮਾਰੂ ਮਹਲਾ ੧, ਪੰਨਾ ੧੦੨੮)

ਏਥੇ ਦਸਿਆ ਹੈ ਕਿ ਅਕਾਲ ਪੁਰਖ ਬੇਅੰਤ ਹੈ। ਐਸੇ ਬੇਅੰਤ ਪ੍ਰਮਾਤਮਾ ਨੂੰ ਗੁਰਮਤਿ ਦੁਆਰਾ ਹੀ ਕੋਈ ਗਖ਼ੁਰਮੁਖ ਜਨ ਪਾਉਂਦਾ ਹੈ ਅਤੇ ਗੁਰੂ ਦੇ ਸ਼ਬਦ ਦੁਆਰਾ ਹੀ ਮਨ ਨੂੰ ਪਤਿਆਉਂਦਾ ਹੈ। ਗੁਰ-ਸ਼ਬਦ ਗੁਰਮੰਤ੍ਰ ਬਿਨਾਂ ਮਨ ਪਤੀਜਦਾ, ਮਨ ਬੇਸਮਝ ਸਮਝਦਾ ਨਹੀਂ। ਗੁਰ ਕੀ ਬਾਣੀ ਸਤਿ ਸਤਿ ਕਰਿ ਮੰਨਣ ਨਾਲ ਹੀ ਆਤਮਾ ਪ੍ਰਮਾਤਮਾ ਵਿਚ ਲੀਨ ਹੁੰਦਾ ਹੈ, ਨਹੀਂ ਤਾਂ ਐਵੇਂ ਨਾਮ ਗੁਰਮੰਤ੍ਰ ਗੁਰ ਕੇ ਸ਼ਬਦ ਉੱਪਰ ਸ਼ਰਧਾ ਹੀ ਨਹੀਂ ਆਉਂਦੀ। ਗੁਰਬਾਣੀ ਦੀ ਭੈ-ਭਾਵਨੀ ਅਤੇ ਸਤਿ ਸਤਿ ਕਰਿ ਮੰਨਣ ਵਾਲੀ ਗੁਰਮੁਖਤਾਈ ਗੁਰ-ਸ਼ਬਦ ਨਾਮ ਨੂੰ ਗੁਰਮੰਤ੍ਰ ਪਾਰਸ ਰੂਪੀ ਸਰੂਪ ਵਿਚ ਦ੍ਰਿੜ੍ਹਾਉਂਦੀ ਅਤੇ ਲਵਾਉਂਦੀ ਹੈ ਅਤੇ ਇਸੇ ਗੁਰਬਾਣੀ ਤੋਂ ਹੀ ਨਾਮ ਪਾਈਦਾ ਹੈ :-

**ਗੁਰ ਸੇਵਾ ਤੇ ਕਰਣੀ ਸਾਰ।।**
**ਰਾਮ ਨਾਮ ਰਾਖਹੁ ਉਰਿਧਾਰ।।**
**ਗੁਰਬਾਣੀ ਵਰਤੀ ਜਗ ਅੰਤਰਿ**
**ਇਸੁ ਬਾਣੀ ਤੇ ਹਰਿ ਨਾਮੁ ਪਾਇਦਾ।।੩।।(੧੬।।੮।।੨੨)**

(ਮਾਰੂ ਮਹਲਾ ੩, ਪੰਨਾ ੧੦੬੬)

ਇਸ ਬਾਣੀ ਤੇ '**ਹਰਿ ਨਾਮੁ ਪਾਇਦਾ**' ਵਾਲੇ ਗੁਰ-ਪਰਮਾਣ ਨੇ ਤਾਂ ਸਪੱਸ਼ਟ ਤੌਰ ਤੇ ਹੀ ਗੁਰਬਾਣੀ ਅਤੇ ਨਾਮ ਦੀ ਭਿੰਨ ਭਿੰਨ ਵਿਲੱਖਣਤਾ ਨਿਰਣੇ ਕਰ ਦਿੱਤੀ ਹੈ। ਹੁਣ ਇਸ ਵਿਚ ਕੋਈ ਸੰਦੇਹ ਨਹੀਂ ਰਹਿ ਗਿਆ ਕਿ ਗੁਰਬਾਣੀ ਅਤੇ ਨਾਮ ਦੇ ਭਿੰਨ ਭਿੰਨ ਸਰੂਪ ਹਨ।

❁ ❁ ❁ ❁ ❁



www.AKJ.Org

# ਗੁਰਬਾਣੀ, ਪ੍ਰਤੱਖ ਔਸ਼ਧੀ

(ਭਾਈ ਸੇਵਾ ਸਿੰਘ ਜੀ, ਰਾਮਪੁਰ ਖੇੜਾ)

ਪਿੰਡ ਮਾਛੀਆਂ ਦਾ ਇਕ ਪ੍ਰੇਮੀ ਸ: ਬਲਦੇਵ ਸਿੰਘ ਕਾਫੀ ਸ਼ਰਾਬ ਪੀਂਦਾ ਸੀ। ਦਿਨ ਰਾਤ ਨਸ਼ੇ ਵਿਚ ਰਹਿਣ ਲੱਗ ਪਿਆ। ਅਕਸਰ ਸ਼ਰਾਬ ਦਾ ਅਸਰ ਸਰੀਰ ਦੇ ਅੰਗਾਂ ਉਪਰ ਹੋਣਾ ਲਾਜ਼ਮੀ ਸੀ। ਸੋ ਜਿਗਰ ਖਰਾਬ ਹੋ ਗਿਆ, ਮੇਹਦਾ ਕੰਮ ਕਰਨ ਤੋਂ ਜਵਾਬ ਦੇ ਗਿਆ। ਮਾਇਕ ਤੌਰ ਤੇ ਘਰੋਂ ਚੰਗੇ ਸਨ। ਸੋ ਕਾਫੀ ਸਿਆਣੇ ਸਿਆਣੇ ਡਾਕਟਰਾਂ ਪਾਸੋਂ ਇਲਾਜ ਕਰਵਾਇਆ। ਆਖਿਰ ਡਾਕਟਰਾਂ ਨੇ ਜਵਾਬ ਦੇ ਦਿੱਤਾ ਤੇ ਲੁਧਿਆਣੇ ਸੀ. ਐਮ. ਸੀ. ਹਸਪਤਾਲ ਵਿਚ ਲਿਜਾਣ ਦੀ ਸਲਾਹ ਦਿੱਤੀ। ਟਰੱਕ ਵਿਚ ਮੰਜਾ ਰੱਖ ਕੇ ਸੀ. ਐਮ. ਸੀ. ਲੁਧਿਆਣਾ ਵਿਚ ਦਾਖਲ ਕਰਵਾ ਦਿੱਤਾ। ਡਾਕਟਰਾਂ ਨੇ ਸਾਰੀ ਹਾਲਤ ਵੇਖ ਕੇ ਦੱਸਿਆ ਕਿ ਇਸ ਦਾ ਜਿਗਰ ਤਾਂ ਬਿਲਕੁਲ ਹੀ ਖਰਾਬ ਹੋ ਚੁੱਕਾ ਹੈ, ਗੁਰਦੇ ਖਰਾਬ ਹੋਣੇ ਸ਼ੁਰੂ ਹੋ ਚੁੱਕੇ ਹਨ। ਦਵਾਈਆਂ ਨਾਲ ਵਕਤੀ ਆਰਾਮ ਹੋ ਸਕਦਾ ਹੈ, ਬਾਕੀ ਸੇਵਾ ਜਿੰਨੀ ਤੁਸੀ ਕਰ ਸਕੋ, ਕਰੀ ਚਲੋ। ਜਦੋਂ ਸੀ. ਐਮ. ਸੀ. ਦੇ ਡਾਕਟਰਾਂ ਨੇ ਵੀ ਜਵਾਬ ਦੇ ਦਿੱਤਾ ਫਿਰ ਤਾਂ ਮੌਕਿਓ ਪਰ੍ਹੇ ਉਜਾੜ ਵਾਲੀ ਗੱਲ ਸੀ । ਸਾਰੇ ਦੁਨਿਆਵੀਂ ਆਸਰੇ ਢਹਿੰਦੇ ਦਿੱਸੇ ਜਿੰਦਗੀ ਦੀ ਕੋਈ ਆਸ ਬਾਕੀ ਨਹੀਂ ਸੀ ਦਿਸਦੀ। ਹਾਂ, ਇਸ ਪ੍ਰੇਮੀ ਦੇ ਘਰੋਂ ਬੀਬੀ ਗੁਰਬਾਣੀ ਦੀ ਨਿਤਨੇਮਣ ਸੀ ਅਤੇ ਸੰਗਤ ਨਾਲ ਗੁਰਦੁਆਰਾ ਰਾਮਪੁਰ ਖੇੜਾ ਆਇਆ ਕਰਦੀ ਸੀ। ਉਹ ਪਿੰਡ ਦੇ ਇਕ ਗੁਰਮੁੱਖ ਪਿਆਰੇ ਭਾਈ ਮਹਿੰਦਰ ਸਿੰਘ ਜੋ ਕਿ ਬਾਬਾ ਹਰਨਾਮ ਸਿੰਘ ਜੀ ਦੇ ਡਰਾਈਵਰ ਸਨ, ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਬਾਬਾ ਜੀ ਪਾਸ ਆਈ ਅਤੇ ਬੇਨਤੀ ਕੀਤੀ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸਰਦਾਰ ਜੀ ਹੋਰੀਂ ਬਹੁਤ ਬਿਮਾਰ ਹਨ। ਡਾਕਟਰਾਂ ਨੇ ਬਿਲਕੁੱਲ ਜਵਾਬ ਦੇ ਦਿੱਤਾ ਹੈ ਕਿਉਂਕਿ ਜਿਗਰ ਬਿਲਕੁੱਲ ਖਰਾਬ ਹੋ ਚੁੱਕਾ ਹੈ ਅਤੇ ਗੁਰਦੇ ਜਵਾਬ ਦੇਣ ਵਾਲੇ ਹਨ। ਐਵੇਂ ਥੋੜ੍ਹਾ ਜਿਹਾ ਸਮਾਂ ਪੂਰਾ ਕਰਨ ਦੀ ਗੱਲ ਹੈ। ਆਪ ਜੀ ਬੱਚਿਆਂ ਦੀ ਖਾਤਰ ਹੀ ਕ੍ਰਿਪਾ ਕਰੋ। ਬਾਬਾ ਜੀ ਬੀਬੀ ਦੀ ਗੱਲ ਸੁਣ ਕੇ ਕਹਿਣ ਲੱਗੇ ਕਿ ਦੋ ਢਾਈ ਸਾਲ ਹੋ ਗਏ ਹਨ ਉਸ ਨੇ ਕਈ ਵਾਰ ਬਚਨ ਤੋੜਿਆਂ ਹੈ, ਮੁੜ ਸ਼ਰਾਬ ਪੀ ਲੈਂਦਾ ਹੈ। ਅਸੀਂ ਵੀ ਕੀ ਕਰ ਸਕਦੇ ਹਾਂ। ਉਸ ਬੀਬੀ ਦੇ ਨਾਲ ਜੋ ਭਾਈ ਮਹਿੰਦਰ ਸਿੰਘ ਹੁਰੀਂ ਆਏ ਸਨ ਉਨ੍ਹਾਂ ਨੇ ਵੀ ਬੇਨਤੀ ਕੀਤੀ ਕਿ ਬਲਦੇਵ ਸਿੰਘ ਦੀ ਜਾਨ ਬਚਾਉਣ ਲਈ ਕੋਈ ਉਪਾਅ ਦੱਸੋ। ਬਾਬਾ ਜੀ ਬੜੇ ਜੋਸ਼ ਵਿਚ ਕਹਿਣ ਲੱਗੇ ਕਿ ਜੇ ਸਿਫ਼ਾਰਸ਼ ਕਰਨੀ ਹੈ ਤਾਂ ਜ਼ਿੰਮੇਵਾਰੀ ਵੀ ਚੁੱਕਣੀ ਪਵੇਗੀ। ਜਾਹ, ਉਸ ਨੂੰ ਪੁੱਛ ਆ ਕਿ ਉਹ ਸ਼ਰਾਬ ਛੱਡਣ ਨੂੰ ਤਿਆਰ ਹੈ ? ਹਾਂ ਜੇ ਉਹ ਸ਼ਰਾਬ ਛੱਡ ਦੇਵੇ, ਨਿਤਨੇਮ ਕਰਨ ਲੱਗ ਪਵੇ, ਫਿਰ ਅੰਮ੍ਰਿਤ ਛੱਕ ਕੇ ਸਤਿਗੁਰੂ ਜੀ ਦੀ ਭੈ-ਭਾਵਨੀ ਵਿੱਚ ਜੀਵਨ ਬਤੀਤ ਕਰੇ ਤਾਂ ਬਿਨ੍ਹਾਂ ਹੋਰ ਦੁਵਾਈ ਖਾਧੇ ਤੋਂ ਹੀ ਠੀਕ ਹੋ ਸਕਦਾ ਹੈ। ਜੇਕਰ ਉਹ ਇਹ ਸ਼ਰਤਾਂ ਮੰਨਦਾ ਹੈ ਤਾਂ ਜਾ ਕੇ ਲੈ ਆਵੋ।

ਜਦੋਂ ਬੀਬੀ ਅਤੇ ਮਹਿੰਦਰ ਸਿੰਘ ਤੁਰਨ ਲੱਗੇ ਤਾਂ ਬਾਬਾ ਜੀ ਨੇ ਫਿਰ ਦੁਹਰਾਇਆਂ ਕਿ ਬਚਨ ਕਰਕੇ ਖਿਸਕੇ ਨਾ। ਦੂਜੇ, ਜੇ ਅੰਮ੍ਰਿਤ ਛਕ ਕੇ ਫਿਰ ਸ਼ਰਾਬ ਆਦਿ ਦੀ ਵਰਤੋਂ ਕਰਕੇ ਅੰਮ੍ਰਿਤ ਭੰਗ ਕੀਤਾ ਤਾਂ ਬੁਹਤਾ ਚਿਰ ਨਹੀਂ ਜੀਵੇਗਾ। ਦੋਵੇਂ ਜਣੇ ਬਾਬਾ ਜੀ ਪਾਸੋਂ ਵਿਦਾ ਲੈ ਕੇ ਸਿੱਧੇ ਲੁਧਿਆਣੇ ਹਸਪਤਾਲ ਪੁੱਜ ਗਏ ਅਤੇ ਸ: ਬਲਦੇਵ ਸਿੰਘ ਨੂੰ ਬਾਬਾ ਜੀ ਦਾ ਸਾਰਾ ਬਚਨ ਦੱਸ ਦਿੱਤਾ। ਹੁਣ ਜਦੋਂ ਮੌਤ ਹੀ ਦਿਸਦੀ ਸੀ ਤਾਂ ਉਹ ਹਰ ਸ਼ਰਤ ਮੰਨਣ ਲਈ ਤਿਆਰ ਸੀ। ਹਸਪਤਾਲ ਤੋਂ ਛੁੱਟੀ ਲੈ ਕੇ ਗੱਡੀ ਵਿਚ ਮੰਜਾ ਰੱਖਿਆਂ ਤੇ ਸ਼ਾਮ ਨੂੰ ਪਿੰਡ ਮਾਛੀਆਂ ਪੁੱਜ ਗਏ। ਬਾਬਾ ਜੀ ਨੇ ਸ: ਮਹਿੰਦਰ ਸਿੰਘ ਦੇ ਹੱਥ ਅਖੰਡ ਪਾਠ ਸਾਹਿਬ ਜੀ ਦਾ ਅੰਮ੍ਰਿਤ ਜਲ ਵੀ ਭੇਜ ਦਿੱਤਾ ਕਿ ਇਹ ਜਲ ਹਰ ਰੋਜ਼ ਦੋ ਤਿੰਨ ਵਾਰੀ ਉਸ ਨੂੰ ਛਕਾਇਆ ਕਰੋ ਅਤੇ ਨਾਲ ਹੀ ਬਚਨ ਕੀਤਾ ਕਿ ਜਿੰਨਾਂ ਚਿਰ ਉਹ ਆਪ ਨਿਤਨੇਮ ਨਹੀਂ ਕਰ ਸਕਦਾ ਕੋਈ ਘਰ ਦਾ ਮੈਂਬਰ ਜਾਂ ਤੁਸੀਂ ਉਸ ਨੂੰ ਸੱਤਾਂ ਬਾਣੀਆਂ ਦਾ ਨਿਤਨੇਮ ਸੁਣਾਇਆ ਕਰੋ। ਜਿਸ ਵੇਲੇ ਤੁਰਨ ਫਿਰਨ ਜੋਗਾ ਹੋ ਜਾਏ ਤਾਂ ਢਿੱਲ ਨਹੀਂ ਕਰਨੀ, ਅੰਮ੍ਰਿਤ ਛਕਾ ਦੇਣਾ। ਹਰ ਰੋਜ਼ ਨਿੱਤਨੇਮ ਸੁਣਾਉਣ ਅਤੇ ਅੰਮ੍ਰਿਤ ਜਲ ਦੇਣ ਨਾਲ ਗੁਰਦੇ ਵੀ ਠੀਕ ਹੋ ਗਏ ਅਤੇ ਸਰੀਰ ਵੀ ਤੁਰਨ ਫਿਰਨ ਵਾਲਾ ਹੋ ਗਿਆ। ਬਾਅਦ ਵਿਚ ਉਹ ਪਰਿਵਾਰ ਸਹਿਤ ਅੰਮ੍ਰਿਤਧਾਰੀ ਸਿੰਘ ਸਜ ਗਿਆ। ਨਿਤਨੇਮ ਵੀ ਪੂਰਾ ਕਰਦਾ ਰਿਹਾ। ਹੌਲੀ ਹੌਲੀ ਸਰੀਰ ਬਿਲਕੁੱਲ ਅਰੋਗ ਹੋ ਗਿਆ। ਘਰ ਦਾ ਅਤੇ ਗੱਡੀਆਂ ਦਾ ਕੰਮ-ਕਾਜ ਆਪ ਸੰਭਾਲ ਲਿਆ।

ਤਕਰੀਬਨ ਡੇਢ ਦੋ ਸਾਲ ਪਿਛੋਂ ਇਕ ਦਿਨ

(ਬਾਕੀ ਪੰਨਾ ੧੧ ਤੇ ........)



www.AKJ.Org

# ਵਾਰ ਮਾਰੂ ਡਖਣੇ (੮)

(ਭਾਈ ਜੋਗਿੰਦਰ ਸਿੰਘ ਤਲਵਾੜਾ)

ਡਖਣੇ ਮ: ੫

**ਮੁਖਹੁ ਅਲਾਏ ਹਭ, ਮਰਣੁ ਪਛਾਣੰਦੋ ਕੋਇ।।**
**ਨਾਨਕ ਤਿਨਾ ਖਾਕੁ, ਜਿਨਾ ਯਕੀਨਾ ਹਿਕ ਸਿਉ।।੧।।**
**ਮ: ੫।। ਜਾਣੁ ਵਸੰਦੋ ਮੰਝਿ, ਪਛਾਣੂ ਕੋ ਹੇਕੜੋ।।**
**ਤੈ ਤਨਿ ਪੜਦਾ ਨਾਹਿ, ਨਾਨਕ ਜੈ ਗੁਰੁ ਭੇਟਿਆ।।੨।।**
**ਮ: ੫।। ਮਤੜੀ ਕਾਂਢਕੁ ਆਹ, ਪਾਵ ਧਵੰਦੋ ਪੀਵਸਾ।।**
**ਮੂ ਤਨਿ ਪ੍ਰੇਮੁ ਅਥਾਹ, ਪਸਣ ਕੂ ਸਚਾ ਧਣੀ।।੩।।**

**ਉਚਾਰਣ** : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ ਹੈ :

ਮੁਖਹੁ-ਮੁਖ ਤੋਂ। ਤਿਨਾ-ਉਨ੍ਹਾਂ ਦੀ। ਜਿਨਾ-ਜਿਨ੍ਹਾਂ ਦੀ। ਸਿਉ-ਨਾਲ। ਪੀਵਸਾ-ਪੀਵਾਂ।

ਤਿਨਾ, ਜਿਨਾ-'ਨ' ਉਚਾਰਣ ਭਾਰਾ।

ਤੈ-(ਤਿਸ ਦੇ) ਉਚਾਰਣ ਨਾਸਕਤਾ ਰਹਿਤ। ਜੈ-(ਜਿਸ ਦੇ) ਉਚਾਰਣ ਨਾਸਕਤਾ ਰਹਿਤ।

**ਪਦ ਅਰਥ** : ਅਲਾਏ-ਆਖਦੀ ਹੈ। ਹਭ-ਸਾਰੀ ਲੋਕਾਈ। ਪਛਾਣੰਦੋ-ਪਛਾਣਦਾ ਹੈ। ਕੋਇ-ਕੋਈ ਵਿਰਲਾ। ਖਾਕੁ-(ਚਰਨ-) ਧੂੜ। ਯਕੀਨਾ-ਭਰੋਸਾ। ਹਿਕ-ਇਕ।੧।

ਜਾਣੁ-ਜਾਣੀ ਜਾਣ, ਸਭ ਕੁਝ ਜਾਨਣ ਵਾਲਾ। ਮੰਝਿ-ਵਿਚ। ਕੋ-ਕੋਈ। ਹੇਕੜੋ-ਇਕ। ਕੋ ਹੇਕੜੋ-ਕੋਈ ਵਿਰਲਾ। ਭੇਟਿਆ-ਮਿਲ ਪਿਆ।੨।

ਮਤੜੀ-ਸ੍ਰੇਸ਼ਟ ਮਤਿ। ਕਾਂਢਕੁ-ਕਹਿਣ (ਆਖਣ) ਵਾਲਾ (ਸਤਿਗੁਰੂ)। ਆਹ-ਹੈ। ਪਾਵ-ਚਰਨ। ਮੂ ਤਨਿ-ਮੇਰੇ ਸਰੀਰ (ਮਨ) ਵਿਚ। ਅਥਾਹ-ਬੇਅੰਤ, ਬਹੁਤਾ। ਪਸਣ ਕੂ-ਦੇਖਣ ਲਈ। ਸਚਾ ਧਣੀ-ਸਦਾ-ਥਿਰ ਮਾਲਕ (ਵਾਹਿਗੁਰੂ)।੩।

**ਅਰਥ** : ਮੂੰਹੋਂ ਸਾਰੀ ਲੋਕਾਈ (ਪ੍ਰਭੂ-ਮਿਲਾਪ ਦੀ) ਚਰਚਾ ਕਰਦੀ ਹੈ, ਪਰ (ਪ੍ਰਭੂ-ਮਿਲਾਪ ਲਈ ਆਪਾ-ਭਾਵ ਤੋਂ ਮਰਨਾ ਮੁਢਲੀ ਸ਼ਰਤ ਹੈ) (ਆਪਾ ਭਾਵ ਤੋਂ) ਮਰਨਾ ਕੋਈ ਵਿਰਲਾ ਹੀ ਪਛਾਣਦਾ ਹੈ।

'ਨਾਨਕ' ਮੁਹਰ ਛਾਪ ਲਾ ਕੇ ਸਤਿਗੁਰੂ ਦਰਸਾਉਂਦੇ ਹਨ, ਮੈਂ ਉਨ੍ਹਾਂ (ਦੇ ਚਰਨਾਂ) ਦੀ ਧੂੜ (ਲੋਚਦਾ) ਹਾਂ, ਜਿਨ੍ਹਾਂ ਨੂੰ ਇਕ ਪ੍ਰਭੂ ਤੇ ਦ੍ਰਿੜ੍ਹ ਭਰੋਸਾ ਹੈ।੧।

ਜਾਣੀ-ਜਾਣ (ਅੰਤਰਜਾਮੀ) ਪ੍ਰਭੂ (ਹਰ ਕਿਸੇ ਦੇ) ਅੰਦਰ ਵਸਦਾ ਹੈ, ਪਰ ਉਸ ਦਾ ਪਛਾਨਣ ਵਾਲਾ ਕੋਈ ਵਿਰਲਾ ਹੀ ਹੈ।

ਨਾਨਕ ! ਜਿਸ ਨੂੰ ਸਤਿਗੁਰੂ ਮਿਲ ਪਿਆ, ਉਸ ਮਨੁੱਖ ਦੇ ਸਰੀਰ ਵਿਚ (ਆਤਮਾ ਨੂੰ ਪਰਮਾਤਮਾ ਤੋਂ ਵਿਛੋੜਨ ਵਾਲਾ ਹਉਮੈ ਦਾ ਪੜਦਾ ਨਹੀਂ ਰਹਿੰਦਾ।੨।

(ਪ੍ਰਭੂ-ਮਿਲਾਪ ਸੰਬੰਧੀ ਮਤੜੀ (ਸ੍ਰੇਸ਼ਟ ਮਤਿ-ਸੁਮਤਿ) ਕਾਂਢਕੁ (ਆਖਣ ਵਾਲਾ) ਜੋ (ਸਤਿਗੁਰੂ) ਹੈ, ਮੈਂ (ਉਪਦੇਸ਼-ਦਾਤਾ ਸਤਿਗੁਰੂ ਦੇ) ਚਰਨ ਧੋ ਧੋ ਪੀਵਾਂ (ਏਹੀ ਮੇਰੀ ਰੀਝ ਹੈ)।

(ਕਿਉਂ ਜੁ) ਮੇਰੇ ਤਨ ਮਨ ਵਿਚ ਸਦਾ-ਥਿਰ ਮਾਲਕ (ਵਾਹਿਗੁਰੂ) ਦੇ ਪਰਸਣ (ਦੀਦਾਰ ਕਰਨ) ਲਈ ਅਥਾਹ ਪ੍ਰੇਮ ਹੈ (ਅਤੇ ਪ੍ਰਭੂ ਦਾ ਦਰਸ-ਮਿਲਾਪ ਸਤਿਗੁਰੂ ਦੀ ਸਿਖਿਆ-ਦੀਖਿਆ ਅਥਵਾ ਸ੍ਰੇਸ਼ਟ-ਮਤਿ ਦੁਆਰਾ ਹੀ ਸੰਭਵ ਹੈ)।੩।

ਪਉੜੀ।।

**ਨਿਰਭਉ ਨਾਮੁ ਵਿਸਾਰਿਆ, ਨਾਲਿ ਮਾਇਆ ਰਚਾ।।**
**ਆਵੈ ਜਾਇ ਭਵਾਈਐ, ਬਹੁ ਜੋਨੀ ਨਚਾ।।**
**ਬਚਨੁ ਕਰੇ ਤੈ ਖਿਸਕਿ ਜਾਇ, ਬੋਲੇ ਸਭੁ ਕਚਾ।।**
**ਅੰਦਰਹੁ ਥੋਥਾ ਕੂੜਿਆਰੁ, ਕੂੜੀ ਸਭ ਖਚਾ।।**
**ਵੈਰੁ ਕਰੇ ਨਿਰਵੈਰ ਨਾਲਿ, ਝੂਠੇ ਲਾਲਚਾ।।**
**ਮਾਰਿਆ ਸਚੈ ਪਾਤਿਸਾਹਿ, ਵੇਖਿ ਧੁਰਿ ਕਰਮਚਾ।।**
**ਜਮਦੂਤੀ ਹੈ ਹੇਰਿਆ, ਦੁਖ ਹੀ ਮਹਿ ਪਚਾ।।**
**ਹੋਆ ਤਪਾਵਸੁ ਧਰਮ ਕਾ, ਨਾਨਕ ਦਰਿ ਸਚਾ।।੧੫।।**

**ਉਚਾਰਣ** : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ ਹੈ :

ਅੰਦਰਹੁ-ਮਨੋਂ। ਜਮਦੂਤੀ-ਜਮਦੂਤਾਂ ਨੇ।

ਪਾਤਿਸਾਹਿ-'ਸ' ਉਚਾਰਣ ਵਿਸ਼ੇਸ਼ ਧੁਨੀ।

**ਪਦ ਅਰਥ** : ਨਿਰਭਉ ਨਾਮੁ-ਡਰ ਦੂਰ ਕਰ ਦੇਣ ਵਾਲਾ ਨਾਮ। ਰਚਾ-ਖੱਚਤ ਹੋ ਗਿਆ। ਆਵੈ ਜਾਇ-ਆਉਂਦਾ ਜਾਂਦਾ, ਜੰਮਦਾ ਮਰਦਾ ਰਹਿੰਦਾ ਹੈ। ਭਵਾਈਐ-ਭਵਾਈਦਾ (ਫਿਰਾਈਦਾ) ਹੈ। ਨਚਾ-ਨਚਦਾ (ਭਟਕਦਾ) ਫਿਰਦਾ ਹੈ। ਖਿਸਕਿ ਜਾਇ-ਫਿਰ ਜਾਵੇ, ਮੁੱਕਰ ਜਾਵੇ। ਥੋਥਾ-ਖਾਲੀ। ਖਚਾ-ਗੱਪ, ਫ਼ਜ਼ੂਲ ਗੱਲ। ਪਾਤਿਸਾਹਿ-ਪਾਤਸ਼ਾਹ ਨੇ। ਕਰਮਚਾ-ਕੀਤੇ ਕਰਮਾਂ ਦਾ ਚਿੱਠਾ। ਜਮਦੂਤੀ-ਜਮਦੂਤਾਂ ਨੇ। ਹੈ ਹੇਰਿਆ-ਤਕ (ਤਾੜ) ਵਿਚ ਰੱਖਿਆ ਹੋਇਆ ਹੈ। ਪਚਾ-ਗਲ ਸੜ ਗਿਆ। ਤਪਾਵਸੁ-ਇਨਸਾਫ਼, ਨਿਆਉਂ। ਦਰਿ ਸਚਾ-ਜੋ ਸਚਾ (ਸਦਾ ਥਿਰ) ਪ੍ਰਭੂ ਹੈ ਉਸ ਦੇ ਦਰ ਤੋਂ।



www.AKJ.Org

**ਅਰਥ** : (ਮਨਮੁਖ ਜੀਵ ਨੇ) ਡਰ ਤੋਂ ਮੁਕਤ ਕਰ ਦੇਣ ਵਾਲਾ (ਪ੍ਰਭੂ ਦਾ) ਨਾਮ ਭੁਲਾ ਦਿੱਤਾ ਹੁਦਾ ਹੈ ਅਤੇ ਮਾਇਆ ਨਾਲ ਰਚਿਆ ਮਿਚਿਆ (ਖੱਚਤ) ਰਹਿੰਦਾ ਹੈ।

(ਮਨਮੁਖੀ ਕਰਮਾਂ ਦੇ ਫਲ-ਸਰੂਪ) ਉਹ ਫਿਰ ਫਿਰ ਜੰਮਦਾ ਮਰਦਾ ਰਹਿੰਦਾ ਹੈ, ਇੰਜ, ਆਵਾ ਗਵਣੁ ਦੇ ਗੇੜ ਵਿਚ ਭਵਾਇਆ ਜਾਂਦਾ ਹੈ ਤੇ ਵੱਖ ਵੱਖ ਜੂਨਾਂ ਵਿਚ ਨਚਦਾ (ਭਟਕਦਾ) ਫਿਰਦਾ ਹੈ।

(ਅੰਦਰੋਂ ਖੋਟਾ ਹੋਣ ਕਾਰਨ) ਜੋ ਬਚਨ ਕਰਦਾ ਹੈ, ਫਿਰ ਉਸ ਤੋਂ ਮੁਕਰ ਜਾਂਦਾ ਹੈ, ਉਹ ਸਭ ਕਚ-ਪਿਚ (ਝੂਠ) ਹੀ ਬੋਲਦਾ ਹੈ।

ਉਹ ਝੂਠਾ ਮਨੁੱਖ ਅੰਦਰੋਂ ਸਖਣਾ ਹੁੰਦਾ ਹੈ, ਉਸ ਦੀ ਸਾਰੀ ਝਖ-ਝਖਾਈ ਝੂਠੀ ਹੀ ਹੁੰਦੀ ਹੈ।

ਕੂੜੇ ਲਾਲਚ ਅਧੀਨ ਨਿਰਵੈਰ (ਵੈਰ ਭਾਵਨਾ ਰਹਿਤ ਸਤ-ਪੁਰਸ਼ਾਂ) ਨਾਲ ਵੈਰ ਵਿਢੀ ਰਖਦਾ ਹੈ।

ਉਹ ਸੱਚੇ ਪਾਤਸ਼ਾਹ ਵਲੋਂ ਹੀ ਮਾਰਿਆ ਹੁੰਦਾ ਹੈ। ਵੇਖ ! ਧੁਰ ਦਰਗਾਹੋਂ ਲਿਖਿਆ ਉਸ ਦੇ ਕਰਮਾਂ ਦਾ ਚਿੱਠਾ ਹੀ ਅਜਿਹਾ ਹੈ। (ਭਾਵ, ਉਸ ਨੂੰ ਧੁਰੋਂ ਦਰਗਾਹੋਂ ਹੀ ਮਾਰ ਵਗੀ ਹੁੰਦੀ ਹੈ।

(ਉਸ ਦੇ ਪਾਪ-ਕਰਮਾਂ ਕਰਕੇ) ਜਮਦੂਤਾਂ ਨੇ ਉਸ ਨੂੰ ਆਪਣੀ ਤਾੜ ਵਿਚ ਰਖਿਆ ਹੁੰਦਾ ਹੈ ਅਤੇ ਉਹ ਨਿਰੰਤਰ ਦੁਖ ਵਿਚ ਸੜਦਾ ਗਲਦਾ ਰਹਿੰਦਾ ਹੈ।

ਨਾਨਕ ! ਸਦਾ-ਥਿਰ ਪ੍ਰਭੂ ਦੇ ਦਰ ਤੋਂ ਇਹ ਸੱਚਾ ਅਤੇ ਅਟੱਲ ਧਰਮ-ਨਿਆਂ ਹੀ ਵਰਤਿਆ ਹੈ (ਕਿ ਮਨਮੁਖ ਨੂੰ ਖੋਟੇ ਕਰਮਾਂ ਦਾ ਫਲ ਭਟਕਣਾ ਅਤੇ ਖੁਆਰੀ ਦੇ ਰੂਪ ਵਿਚ ਹੀ ਮਿਲਦਾ ਹੈ)।੧੫।

**ਡਖਣੇ ਮ: ੫।।**

**ਪਰਭਾਤੇ ਪ੍ਰਭ ਨਾਮੁ ਜਪਿ, ਗੁਰ ਕੇ ਚਰਣ ਧਿਆਇ।।**
**ਜਨਮ ਮਰਣ ਮਲੁ ਉਤਰੈ, ਸਚੇ ਕੇ ਗੁਣ ਗਾਇ।।੧।।**
**ਮ: ੫।। ਦੇਹ ਅੰਧਾਰੀ ਅੰਧੁ, ਸੁੰਞੀ ਨਾਮ ਵਿਹੂਣੀਆ।।**
**ਨਾਨਕ ਸਫਲ ਜਨੰਮੁ, ਜੈ ਘਟਿ ਵੁਠਾ ਸਚੁ ਧਣੀ।।੨।।**
**ਮ: ੫।। ਲੋਇਣ ਲੋਈ ਡਿਠ, ਪਿਆਸ ਨ ਬੁਝੈ ਮੂ ਘਣੀ।।**
**ਨਾਨਕ ਸੇ ਅਖੜੀਆ ਬਿਅੰਨਿ, ਜਿਨੀ ਡਿਸੰਦੋ ਮਾ ਪਿਰੀ।।੩।।**

**ਉਚਾਰਣ** : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੂਰਾਂ ਦਾ ਉਚਾਰਣ ਨਾਸਕੀ ਹੈ :

ਅਖੜੀਆ-ਅੱਖਾਂ। ਜਿਨੀ-ਜਿਨ੍ਹਾਂ ਨਾਲ।
ਵਿਹੂਣੀਆ-ਉਚਾਰਣ ਨਾਸਕਤਾ ਬਿਨਾਂ।
ਜਿਨੀ-'ਨ' ਉਚਾਰਣ ਭਾਰਾ।

**ਪਦ ਅਰਥ** : ਪਰਭਾਤੇ-ਸਵੇਰੇ, ਅੰਮ੍ਰਿਤ ਵੇਲੇ। ਮਲੁ-ਮੈਲ।੧।

ਦੇਹ ਅੰਧਾਰੀ ਅੰਧੁ-ਦੇਹੀ ਅੰਨ੍ਹੀ ਕੋਠੀ ਹੈ, (ਜਿਸ ਵਿਚ) ਅਗਿਆਨ ਹੈ। ਸੁੰਞੀ-ਸਖਣੀ। ਨਾਮ ਵਿਹੂਣੀਆ-ਨਾਮ ਤੋਂ ਵਿਰਵੀ (ਵਾਂਝਿਤ)। ਜੈ-ਜਿਸ ਦੇ। ਘਟਿ-ਹਿਰਦੇ ਵਿਚ। ਵੁਠਾ-ਵਸਿਆ ਹੋਇਆ ਹੈ। ਸਚੁ ਧਣੀ-ਸਦਾ ਥਿਰ ਰਹਿਣ ਵਾਲਾ ਮਾਲਕ।੨।

ਲੋਇਣ-ਅੱਖਾਂ ਨਾਲ। ਲੋਈ-ਸ੍ਰਿਸ਼ਟੀ। ਮੂ-ਮੇਰੇ ਵਿਚ। ਘਣੀ-ਬਹੁਤੀ। ਬਿਅੰਨਿ-ਹੋਰ ਤਰ੍ਹਾਂ ਦੀਆਂ ਹੁੰਦੀਆਂ ਹਨ। ਡਿਸੰਦੋ-ਦਿਸਦਾ ਹੈ। ਮਾ ਪਿਰੀ-ਮੇਰਾ ਪਿਆਰਾ।੩।

**ਅਰਥ** : ਪ੍ਰਭਾਤ ਸਮੇਂ (ਅੰਮ੍ਰਿਤ ਵੇਲੇ) ਪ੍ਰਭੂ ਦਾ ਨਾਮ ਜਪਣਾ ਕਰ ਅਤੇ ਗੁਰੂ ਦੇ ਚਰਨਾਂ (ਗੁਰ-ਸ਼ਬਦ ਦੀ ਧੁਨੀ) ਦਾ ਧਿਆਨ ਧਰ। ਸਦਾ-ਥਿਰ ਪ੍ਰਭੂ ਦੇ ਗੁਣ ਗਾਇਨ ਕਰ, ਇਸ ਤਰ੍ਹਾਂ ਜਨਮ ਮਰਣ (ਦੇ ਮੂਲ, ਵਿਕਾਰਾਂ) ਦੀ ਮੈਲ ਦੂਰ ਹੋ ਜਾਂਦੀ ਹੈ।੧।

ਉਹ ਦੇਹੀ ਮਾਨੋ ਅੰਨ੍ਹੀ (ਕੋਠੀ) ਹੈ, ਜਿਸ ਵਿਚ ਅਗਿਆਨ ਹੈ। ਨਾਮ ਤੋਂ ਬਿਨਾਂ ਦੇਹੀ ਸੁੰਞੀ (ਰੱਬੀ ਰਹਿਮਤ ਤੋਂ ਸਖਣੀ) ਹੈ।

ਨਾਨਕ ! ਜਨਮ ਸਫਲਾ ਉਸੇ ਦਾ (ਜਾਣੋ), ਜਿਸ ਦੇ ਹਿਰਦੇ ਵਿਚ ਸਦਾ ਥਿਰ ਪ੍ਰਭੂ ਵਸਿਆ ਹੋਇਆ ਹੈ।੨।

ਮੈਂ (ਨਾਨਾ-ਪ੍ਰਕਾਰੀ ਰਚਨਾ ਵਾਲੀ) ਸ੍ਰਿਸ਼ਟੀ ਇਨ੍ਹਾਂ ਅੱਖਾਂ ਨਾਲ ਵੇਖ ਲਈ ਹੈ, ਮੇਰੀ (ਰੰਗ ਤਮਾਸ਼ੇ ਵੇਖਣ ਦੀ) ਪਿਆਸ ਮਿਟੀ ਨਹੀਂ, ਸਗੋਂ ਵਧੇਰੇ ਭੜਕੀ ਹੈ।

ਨਾਨਕ ! (ਦੇਖਣ ਦੀ ਪਿਆਸ ਤਾਂ ਕੇਵਲ ਪ੍ਰਭੂ ਦੇ ਦੀਦਾਰ ਕੀਤਿਆ ਹੀ ਬੁਝ ਸਕਦੀ ਹੈ, ਪਰ) ਉਹ ਅੱਖਾਂ ਹੋਰ ਕਿਸਮ ਦੀਆਂ (ਭਾਵ-ਸੁਰਤਿ ਦੀਆਂ) ਹੁੰਦੀਆਂ ਹਨ, ਜਿਨ੍ਹਾਂ ਦੁਆਰਾ ਮੇਰਾ ਪਿਆਰਾ ਪ੍ਰੀਤਮ ਦਿਸ ਆਉਂਦਾ ਹੈ।੩।

**ਪਉੜੀ।।**

**ਜਿਨਿ ਜਨਿ ਗੁਰਮੁਖਿ ਸੇਵਿਆ, ਤਿਨਿ ਸਭਿ ਸੁਖ ਪਾਈ।।**
**ਓਹੁ ਆਪਿ ਤਰਿਆ ਕੁਟੰਬ ਸਿਉ, ਸਭੁ ਜਗਤੁ ਤਰਾਈ।।**
**ਓਨਿ ਹਰਿ ਨਾਮਾ ਧਨੁ ਸੰਚਿਆ। ਸਭ ਤਿਖਾ ਬੁਝਾਈ।।**
**ਓਨਿ ਛਡੇ ਲਾਲਚ ਦੁਨੀ ਕੇ, ਅੰਤਰਿ ਲਿਵ ਲਾਈ।**
**ਓਸੁ ਸਦਾ ਸਦਾ ਘਰਿ ਅਨੰਦੁ ਹੈ, ਹਰਿ ਸਖਾ ਸਹਾਈ।।**
**ਓਨਿ ਵੈਰੀ ਮਿਤ੍ਰ ਸਮ ਕੀਤਿਆ, ਸਭ ਨਾਲਿ ਸੁਭਾਈ।।**
**ਹੋਆ ਓਹੀ ਅਲੁ ਜਗ ਮਹਿ, ਗੁਰ ਗਿਆਨੁ ਜਪਾਈ।।**
**ਪੂਰਬਿ ਲਿਖਿਆ ਪਾਇਆ, ਹਰਿ ਸਿਉ ਬਣਿ ਆਈ।।੧੬।।**

**ਉਚਾਰਣ** : ਸਿਉ-(ਨਾਲ, ਸਮੇਤ) ਅੰਤਲੇ ਸੂਰ ਦਾ


www.AKJ.Org

ਉਚਾਰਣ ਨਾਸਕੀ।
ਜਿਨਿ , ਤਿਨਿ-'ਨ' ਉਚਾਰਣ ਭਾਰਾ।
ਕੀਤਿਆ-ਉਚਾਰਣ ਨਾਸਕਤਾ ਬਿਨਾਂ।

**ਪਦ ਅਰਥ** : ਜਿਨਿ ਜਨਿ-ਜਿਸ ਜਿਸ ਮਨੁੱਖ ਨੇ। ਗੁਰਮੁਖਿ-ਗੁਰੂ ਦਾ ਅਨੁਸਾਰੀ ਹੋ ਕੇ। ਸੇਵਿਆ-ਸਿਮਰਿਆ। ਪਾਈ-ਪ੍ਰਾਪਤੀ ਕਰ ਲਈ। ਕੁਟੰਬ-ਟੱਬਰ, ਪਰਵਾਰ। ਓਨਿ-ਉਸ ਨੇ। ਸੰਚਿਆ-ਇਕੱਠਾ ਕੀਤਾ। ਤਿਖਾ-ਤ੍ਰੇਹ, ਪਿਆਸ, ਤ੍ਰਿਸ਼ਨਾ। ਲਿਵ ਲਾਈ-ਸੁਰਤੀ ਜੋੜੀ। ਘਰਿ-ਹਿਰਦੇ-ਘਰ ਵਿਚ। ਸਖਾ-ਮਿੱਤਰ। ਸਹਾਈ-ਸਹਾਇਤਾ ਕਰਨ ਵਾਲਾ। ਸਮ-ਸਮਾਨ, ਇਕੋ ਜਿਹੇ। ਕੀਤਿਆ-ਕੀਤੇ ਹਨ। ਸੁਭਾਈ-ਸਦ-ਭਾਵਨਾ। ਓਹੀ-ਉਹੋ ਹੀ। ਅਲੁ-ਮੁਕੰਮਲ, ਪੂਰਨ। ਗੁਰ ਗਿਆਨੁ-ਗੁਰੂ ਦਾ ਗਿਆਨ (ਨਾਮ)। ਪੂਰਬਿ ਲਿਖਿਆ-ਪਹਿਲਾਂ ਤੋਂ ਧੁਰ ਦਰਗਾਹੋਂ ਲਿਖਿਆ ਫਲ। ਬਣਿ ਆਈ-ਪ੍ਰੀਤੀ ਲਗ ਗਈ।

**ਅਰਥ** : ਜਿਸ ਜਿਸ ਜੀਵ ਨੇ ਗੁਰੂ ਦਾ ਅਨੁਸਾਰੀ ਹੋ ਕੇ ਵਾਹਿਗੁਰੂ ਨੂੰ ਸੇਵਿਆ (ਸਿਮਰਿਆ), ਉਸ ਨੇ ਸਾਰੇ ਸੁੱਖਾਂ ਦੀ ਪ੍ਰਾਪਤੀ ਕਰ ਲਈ।

ਉਹ (ਗੁਰੂ ਦੀ ਮਿਹਰ ਸਦਕਾ) ਆਪ ਪਰਵਾਰ ਸਮੇਤ (ਭਵ ਸਾਗਰ ਤੋਂ) ਪਾਰ ਹੋ ਗਿਆ ਅਤੇ ਸਾਰਾ ਜਗਤ (ਗੁਰੂ ਦੀ ਚਰਨੀਂ ਲਾ ਕੇ) ਤਾਰ ਦਿੱਤਾ।

ਉਸ ਨੇ (ਜੀਵਨ ਵਿਚ) ਹਰਿ-ਨਾਮ-ਧਨ ਇਕਤ੍ਰ ਕੀਤਾ, ਜਿਸ ਦੀ ਬਰਕਤ ਨਾਲ ਸਾਰੀ ਤ੍ਰਿਸ਼ਨਾ (ਮਾਇਕੀ ਪਦਾਰਥਾਂ ਦੀ ਭੁੱਖ) ਮਿਟਾਅ ਲਈ।

ਉਸ ਨੇ ਸਾਰੇ ਦੁਨਿਆਵੀ ਲਾਲਚ ਛਡ ਦਿਤੇ ਅਤੇ ਆਪਣੇ ਅੰਦਰ (ਹਿਰਦੇ ਵਿਚ ਪ੍ਰਭੂ ਨਾਲ) ਸੁਰਤ ਜੋੜ ਲਈ।

ਵਾਹਿਗੁਰੂ ਉਸ ਦਾ ਮਿੱਤਰ ਬਣ ਕੇ (ਸਦੀਵਕਾਲ) ਸਹਾਈ ਹੋ ਗਿਆ, ਇਸ ਲਈ ਉਸ ਦੇ ਹਿਰਦੇ ਘਰ ਵਿਚ ਸਦੀਵੀ ਖੇੜਾ ਖਿੜ ਗਿਆ।

ਉਸ ਨੇ ਦੁਸ਼ਮਣ ਅਤੇ ਸੱਜਣ ਇਕ-ਸਮਾਨ ਜਾਣ ਲਏ, ਸਭਨਾਂ ਨਾਲ ਸਦ-ਭਾਵਨਾ ਦੇ ਪ੍ਰੀਤੀ ਬਣਾ ਲਈ।

ਕੇਵਲ ਉਹ ਹੀ, ਗੁਰ ਗਿਆਨ (ਨਾਮ) ਜਪ ਜਪ ਕੇ, ਸੰਸਾਰ ਵਿਚ ਪੂਰਨ ਪੁਰਖ ਹੋ ਨਿਬੜਿਆ।

ਧੁਰੋਂ ਲਿਖਿਆ ਫਲ ਪ੍ਰਾਪਤ ਹੋ ਗਿਆ, ਜਿਸ ਦੇ ਫਲ-ਸਰੂਪ ਵਾਹਿਗੁਰੂ ਨਾਲ ਪ੍ਰੀਤ ਪੈ ਗਈ।੧੯।

❁ ❁ ❁ ❁ ❁

(ਪੰਨਾ ੮ ਦਾ ਬਾਕੀ)

ਆਪਣੀ ਘਰਵਾਲੀ ਨੂੰ ਉਹ ਪ੍ਰੇਮੀ ਕਹਿਣ ਲੱਗਾ ਕਿ ਇਕ ਡਾਕਟਰ ਨੇ ਮੈਨੂੰ ਸਲਾਹ ਦਿੱਤੀ ਹੈ ਕਿ ਜੇਕਰ ਤੂੰ ਇਕ ਆਂਡਾ ਰੋਜ਼ ਖਾਵੇਂ ਤਾਂ ਤੇਰੀ ਸਿਹਤ ਬਹੁਤ ਛੇਤੀ ਤਕੜੀ ਹੋ ਜਾਵੇਗੀ। ਉਸ ਪ੍ਰੇਮੀ ਨੇ ਮਜ਼ਬੂਰ ਕਰਕੇ ਆਪਣੀ ਘਰਵਾਲੀ ਨੂੰ ਬਾਬਾ ਹਰਨਾਮ ਸਿੰਘ ਜੀ ਪਾਸ ਭੇਜਿਆ। ਉਸ ਬੀਬੀ ਨੇ ਉਸੇ ਤਰ੍ਹਾਂ ਬਾਬਾ ਜੀ ਨੂੰ ਆ ਬੇਨਤੀ ਕੀਤੀ। ਬਾਬਾ ਜੀ ਬਹੁਤ ਨਾਰਾਜ਼ ਹੋਏ ਅਤੇ ਕਿਹਾ ਉਦੋਂ ਉਹ ਡਾਕਟਰ ਕਿੱਥੇ ਗਿਆ ਹੋਇਆ ਸੀ ਜਦੋਂ ਸਾਰੇ ਡਾਕਟਰਾਂ ਨੇ ਜਵਾਬ ਦਿੱਤਾ ਸੀ ? ਉਸ ਨੂੰ ਕਹੋ ਕਿ ਐਵੇਂ ਬਹਾਨੇ-ਬਾਜ਼ੀ ਨਹੀਂ ਕਰੀਦੀ। ਜਿੰਨਾਂ ਦੇਰ ਆਪਣੇ ਕੀਤੇ ਪ੍ਰਣ ਤੇ ਕਾਇਮ ਰਹੇਗਾ ਓਨਾ ਚਿਰ ਹੀ ਠੀਕ ਰਹੇਗਾ, ਜਦ ਕੀਤਾ ਹੋਇਆ ਬਚਨ ਤੋੜਿਆ, ਮੁੜ ਬੀਮਾਰ ਹੋ ਜਾਵੇਗਾ। ਫਿਰ ਸਾਡੇ ਪਾਸ ਬਿਲਕੁਲ ਨਹੀਂ ਆਉਣਾ। ਬੀਬੀ ਜੀ ਨੇ ਬਾਬਾ ਜੀ ਦਾ ਬਚਨ ਆਪਣੇ ਪਤੀ ਨੂੰ ਦੱਸਿਆ ਪਰ ਉਸ ਦਾ ਮਨ ਥਿੜ੍ਹਕ ਚੁੱਕਾ ਸੀ। ਥੋੜ੍ਹੇ ਹੀ ਦਿਨਾਂ ਬਾਅਦ ਉਸ ਨੇ ਸ਼ਰਾਬ ਵੀ ਪੀ ਲਈ ਅਤੇ ਆਂਡਾ ਵੀ ਖਾ ਲਿਆ। ਬੱਸ ਫਿਰ ਕੀ ਸੀ, ਉਸ ਦਿਨ ਤੋਂ ਐਸਾ ਢਿੱਲਾ ਹੋਇਆ ਕਿ ਮੁੜ ਰਾਜ਼ੀ ਹੀ ਨਾ ਹੋ ਸਕਿਆ ਅਤੇ ਸਰੀਰ ਤਿਆਗ ਗਿਆ।

ਲਿਖਣ ਤੋਂ ਭਾਵ ਇਹ ਕਿ ਜਿਥੇ ਸਭ ਦਵਾਈਆਂ ਫੇਲ੍ਹ ਹੋ ਜਾਂਦੀਆਂ ਹਨ ਉਥੇ ਗੁਰਬਾਣੀ-ਨਾਮ ਦੀ ਔਸ਼ਧੀ ਰੋਗ ਕੱਟਦੀ ਹੈ। ਦੂਸਰੇ ਅੰਮ੍ਰਿਤ ਦੀ ਸ਼ਕਤੀ ਸਭ ਸ਼ਕਤੀਆਂ ਤੋਂ ਸ਼੍ਰੋਮਣੀ ਹੈ। ਤੀਸਰਾ ਜਿੰਨਾਂ ਚਿਰ ਮਨੁੱਖ ਆਪਣੇ ਕੀਤੇ ਬਚਨ ਤੇ ਕਾਇਮ ਰਹਿੰਦਾ ਹੈ ਪਰਮੇਸ਼ਰ ਉਸਦੀ ਸਹਾਇਤਾ ਕਰਦਾ ਹੈ। ਜੋ ਬਚਨ ਕਰਕੇ ਫਿਰ ਉਸ ਤੋਂ ਮੁੱਕਰ ਜਾਂਦਾ ਹੈ, ਉਸ ਪ੍ਰਤੀ ਤਾਂ ਸਤਿਗੁਰੂ ਜੀ ਨੇ ਫੈਸਲਾ ਦਿੱਤਾ ਹੈ :-

**ਬਚਨ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ।।**
**ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ।।**

(ਪੰਨਾ ੧੦੯੯)

ਕੱਚੇ ਮਨੁਖ ਦੀ ਗੁਰੂ ਚਰਨਾਂ ਵਿਚ ਕੋਈ ਥਾਂ ਨਹੀਂ ਹੈ। ਉਸ ਦਰ ਤਾਂ ਹੁਕਮ ਅਨੁਸਾਰ ਚੱਲਣ ਵਾਲਿਆਂ ਉਤੇ ਹੀ ਮਿਹਰ ਹੁੰਦੀ ਹੈ। ਜਦੋਂ ਮਨ-ਮਤ ਦੀ ਖੋਟ ਰਲ ਕੇ ਹੁਕਮ ਮੰਨਣ ਵਿਚ ਦਿਲ ਆ ਜਾਂਦੀ ਹੈ, ਤਦ ਗੁਰੂ ਕ੍ਰਿਪਾ ਤੋਂ ਮਨੁੱਖ ਖਾਲੀ ਰਹਿ ਜਾਂਦਾ ਹੈ :

**ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ।।**
**ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ।।**

(ਆਸਾ ਮ: ੧, ਪੰਨਾ ੪੨੧)

❁ ❁ ❁ ❁ ❁



www.AKJ.Org

# ਗੁਰਮਤਿ ਵਿਚ ਆਏ ਹੋਏ ਦੀ ਪਹਿਚਾਣ

(ਪ੍ਰਿ : ਮੋਹਰ ਸਿੰਘ ਜੀ)

ਗੁਰਮਤਿ ਜੈਸੇ ਮਿੱਠੇ ਸ਼ਬਦ ਦਾ ਭਾਵ ਤਾਂ ਉਹ ਹੀ ਜਾਨ ਸਕਦੇ ਹਨ ਜੋ ਇਸ ਤੇ ਚਲਦੇ ਹਨ ਤੇ ਆਪਣੀ ਕਮਾਈ ਦਾ ਆਧਾਰ ਇਸ ਨੂੰ ਸਮਝਦੇ ਹਨ। ਗੁਰੂ ਦੀ ਸਿਖਿਆ ਨੂੰ ਉਸ ਨੂੰ ਮੰਨਣਾ ਹੀ ਗੁਰਸਿਖ ਦਾ ਗੁਰੂ-ਮੁਖ ਹੋਣਾ ਕਹਿਲਾਉਂਦਾ ਹੈ। ਆਪਣੀ ਮਤ ਦਾ ਤਿਆਗ ਗੁਰੂ ਦੀ ਬਖਸ਼ਿਸ਼ ਦੀ ਪ੍ਰਾਪਤੀ ਦਾ ਪਹਿਲਾ ਜ਼ੀਨਾ (ਸੀੜ੍ਹੀ) ਹੈ। ਗੁਰੂਵਾਕ ਅਨੁਸਾਰ :-

**ਤਿਆਗੇ ਮਨ ਕੀ ਮਤੜੀ ਵਿਸਾਰੇ ਦੂਜਾ ਭਾਉ ਜੀਉ।**
**ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ।**

(ਪੰਨਾ ੭੬੩)

ਗੁਰੂ ਤੇ ਸਿੱਖ ਦਾ ਰਿਸ਼ਤਾ ਇਕ ਬੜਾ ਉਤਮ, ਗੈਹਰਾ ਤੇ ਸਮਝਨ ਯੋਗ ਹੈ। ਇਹ ਰਿਸ਼ਤਾ ਮਾਂ ਤੇ ਪੁੱਤਰ ਦੇ ਰਿਸ਼ਤੇ ਨਾਲੋਂ ਵੀ ਗੰਭੀਰ ਮੰਨਿਆ ਗਿਆ ਹੈ। ਦੁਨਿਆਵੀ ਤਅੱਲਕਾਂ ਕਰਕੇ ਮਾਪੇ ਕਦੀ ਕਦੀ ਬਚੇ ਤੇ ਕ੍ਰੋਧਿਤ ਹੋ ਕੇ ਐਸਾ ਵੀ ਕਰਦੇ ਹਨ ਕਿ ਉਸ ਤੋਂ ਤਅੱਲਕ ਤੋੜ ਕੇ ਉਸਦੇ ਫੇਰ ਲਵੇ ਵੀ ਨਹੀਂ ਲਗਦੇ ਤੇ ਪੁੱਤਰ ਦੀ ਬਦਨਾਮੀ ਕਰਦੇ ਹਨ। ਉਹਨਾਂ ਦਾ ਭਾਵ ਦੁਨੀਆਂ ਨੂੰ ਇਹ ਦੱਸਣਾ ਹੁੰਦਾ ਹੈ ਕਿ ਉਹ ਸੱਚੇ ਹਨ। ਪਰ ਗੁਰੂ ਦੇ ਪਿਆਰ ਦੀ ਮਿਸਾਲ ਸਾਹਿਬ ਦਸ਼ਮੇਸ਼ ਪਿਤਾ ਜੀ ਨੇ ਭਾਈ ਜੋਗਾ ਸਿੰਘ ਜੀ ਵਾਸਤੇ ਵੇਸਵਾ ਦੇ ਦਰਵਾਜ਼ੇ ਤੇ ਪਹਿਰਾ ਦੇ ਕੇ ਦੁਨੀਆਂ ਅੱਗੇ ਪੇਸ਼ ਕੀਤੀ ਹੈ। ਹੋਰ ਗੁਰੂ ਸਾਹਿਬਾਨ ਦੇ ਜੀਵਨ ਤੋਂ ਵੀ ਪਤਾ ਲਗਦਾ ਹੈ ਕਿ ਉਹਨਾਂ ਨੇ ਆਪਣਾ ਆਪ ਤੇ ਆਪਣਾ ਸਰਬੰਸ ਵਾਰਨ ਤੋਂ ਵੀ ਦਰੇਗ ਨਹੀਂ ਕੀਤਾ। ਇਹ ਸਭ ਕੁਛ ਕਿਸ ਲਈ ? ਕੇਵਲ ਆਪਣੇ ਸਿੱਖਾਂ ਲਈ। ਸਿੱਖੀ ਦੀ ਇਮਾਰਤ ਬਨਾਉਣ ਵਾਸਤੇ ਗੁਰੂ ਸਾਹਿਬਾਨ ਨੇ ਆਪਣਾ ਆਪਣਾ ਹਿੱਸਾ ਪਾਇਆ ਤੇ ਆਪਣੇ ਬੱਚਿਆਂ ਦਾ ਖੂਨ ਵੀ ਨੀਹਾਂ ਵਿਚ ਪਾ ਕੇ ਸਿੱਖੀ ਦੀ ਇਮਾਰਤ ਨੂੰ ਪੱਕਿਆਂ ਕੀਤਾ। ਇਹ ਹੈ ਇਸ਼ਾਰੇ ਮਾਤਰ ਗੁਰੂ ਤੇ ਸਿੱਖ ਵਲੋਂ ਗੁਰੂ ਤੇ ਸਿੱਖ ਦੇ ਰਿਸ਼ਤੇ ਦਾ ਸਬੂਤ !

**ਸਖੀ ਵੀਸ ਆਇਆ ਫਿਰਿ ਛੋਡਿ ਨ ਜਾਈ।।**
**ਇਹ ਰੀਤਿ ਭਲੀ ਭਗਵੰਤੇ।।** (ਪੰਨਾ ੨੪੯)

ਗੁਰੂ ਕਿਸੇ ਹਾਲਤ ਵਿਚ ਵੀ ਸਿੱਖ ਨੂੰ ਕਿਸੇ ਕਿਸਮ ਦੀ ਔਕੜ ਵਿਚ ਨਹੀਂ ਵੇਖ ਸਕਦਾ।

ਮਜ਼ਮੂਨ ਤੋਂ ਦੂਰ ਨਾ ਜਾਂਦਾ ਹੋਇਆ ਸਾਧ ਸੰਗਤ ਦੀ ਬਖਸ਼ੀ ਹੋਈ ਬੁੱਧੀ ਅਨੁਸਾਰ ਇਹ ਕਹਿਣਾ ਉਚਿਤ ਸਮਝਦਾ ਹਾਂ ਕਿ ਗੁਰਮਤਿ ਵਿਚ ਆਏ ਹੋਏ ਦੀ ਪਹਿਲੀ ਪਹਿਚਾਨ ਇਹ ਹੈ ਕਿ ਜਦੋਂ ਉਸਨੂੰ ਗੁਰਮਤਿ ਦੀ ਗੱਲ ਦੱਸੀ ਜਾਵੇ ਤਾਂ ਕੀ ਉਹ ਧਿਆਨ ਨਾਲ ਸੁਣਦਾ ਹੈ, ਉਸਤੋ ਨੁਕਤਾਚੀਨੀ ਤੇ ਨਹੀਂ ਸ਼ੁਰੂ ਕਰ ਦੇਂਦਾ ਅਤੇ ਸੁਣਨ ਪਿਛੋਂ ਕੀ ਉਹ ਉਸ ਤੇ ਅਮਲ ਕਰਨ ਦਾ ਉਪਰਾਲਾ ਵੀ ਕਰਦਾ ਹੈ ਕਿ ਨਹੀਂ ? ਜੇ ਉਹ ਆਪਣੇ ਅੰਦਰਲੇ ਮਨ ਨਾਲ ਸੁਣ ਰਿਹਾ ਹੈ ਤਾਂ ਸਮਝੋ ਕਿ ਉਸ ਅੰਦਰ ਗੁਰਮਤਿ ਦਾ ਪਿਆਰ ਜਾਗ ਰਿਹਾ ਹੈ।

ਭਾਵੇਂ ਅਸੀਂ ਸੌ ਫੀ ਸਦੀ ਪੱਕਾ ਅੰਦਾਜ਼ਾ ਨਹੀਂ ਲਗਾ ਸਕਦੇ ਫੇਰ ਵੀ ਅਨੁਭਵ ਦੇ ਮੁਤਾਬਕ ਦੂਜੀ ਪਹਿਚਾਨ ਉਸਦੀ ਇਹ ਹੈ ਕਿ ਉਸਦੇ ਵਿਚਾਰ ਦੇ ਦਾਇਰੇ ਨੂੰ ਦੇਖੋ। ਜੇ ਉਸਦਾ ਦਾਇਰਾ ਵਿਸ਼ਾਲ ਹੈ ਤਾਂ ਉਹ ਉੱਚੀ ਬਿਰਤੀ ਦਾ ਮਾਲਕ ਹੋ ਸਕਦਾ ਹੈ ਅਤੇ ਜੇ ਉਸ ਦੇ ਵਿਚਾਰ ਦਾ ਦਾਇਰਾ ਸੰਕੁਚਿਤ ਹੈ ਤੇ ਉਹ ਅਜੇ ਗੁਰਮਤਿ ਤੇ ਚੱਲਣਾ ਨਹੀਂ ਸਿਖਿਆ। ਉਹ ਅਜੇ ਗੁਰਮਤਿ ਤੋਂ ਦੂਰ ਹੀ ਹੈ।

ਤੀਜੀ ਪਹਿਚਾਨ ਇਹ ਕਹੀ ਜਾ ਸਕਦੀ ਹੈ ਕਿ ਜੇ ਉਹ ਆਪਣੇ ਵਿਚਾਰ ਦੂਜਿਆਂ ਤੇ ਠੋਸਨਾ ਚਾਹੁੰਦਾ ਹੈ ਤਾਂ ਉਹ ਗੁਰਮਤਿ ਦਾ ਜਾਨੂੰ ਨਹੀਂ ਤੇ ਉਸਦੀ ਬਿਰਤੀ ਉਚੀ ਨਹੀਂ ਹੋ ਸਕਦੀ, ਜਬਰੀ ਪਾਲਸੀ ਨਾਲ ਤਾਂ ਕੋਈ ਵੀ ਕਿਸੇ ਨੂੰ ਨਹੀਂ ਮਨਾ ਸਕਦਾ। ਚੌਥੇ ਪਹਿਚਾਨ ਉਸਦੇ ਸੁਭਾਵ ਦੀ ਪਰਖ ਹੈ। ਜੇ ਉਸਦੇ ਮਨ ਵਿਚ ਨਿਮ੍ਰਤਾ ਤੇ ਗਰੀਬੀ ਹੈ ਤਾਂ ਉਸਦੀ ਬਿਰਤੀ ਸਾਫ਼ ਤੇ ਉਚੀ ਕਹੀ ਜਾ ਸਕਦੀ ਹੈ ਨਹੀਂ ਤੇ ਉਹ ਪਿੱਛੇ ਹੀ ਹੈ। ਗੁਰਮਤਿ ਵਿਚ ਆਉਣ ਦਾ ਸਬੂਤ ਇਹ ਹੀ ਹੈ ਕਿ ਸਿੱਖ ਦੇ ਮਨ ਵਿਚ ਗਰੀਬੀ ਆ ਜਾਂਦੀ ਹੈ। ਗਰੀਬੀ ਤੋਂ ਭਾਵ ਆਜ਼ਜ਼ੀ ਤੇ ਨਿਮਰਤਾ ਹੈ। ਗੁਰਵਾਕ ਅਨੁਸਾਰ-

**ਗੁਰਮਤਿ ਰਿਦੈ ਗਰੀਬੀ ਆਵੈ।**

(ਭਾਈ ਗੁਰਦਾਸ ਜੀ, ਵਾਰ ੧੨/੪)

ਇਸ ਤੋਂ ਇਲਾਵਾ ਪੰਜਵੀਂ ਪਹਿਚਾਨ ਇਉਂ ਹੈ ਕਿ ਉਸਦਾ ਦਿਨ ਦਾ ਕਰਮ-ਚੱਕਰ ਵੇਖਿਆ ਜਾਵੇ। ਉਸਦੇ ਦਿਨ ਦਾ ਕਰਮ-ਚੱਕਰ ਆਪਣੇ ਆਪ ਹੀ ਦੱਸ ਦੇਵੇਗਾ ਕਿ ਇਹ ਕਿਸ ਹੱਦ ਤੱਕ, ਕਿਸ ਸਮੇਂ, ਕਿਸ ਵਿਧੀ ਨਾਲ ਅਤੇ ਕਿਸ ਪ੍ਰਕਾਰ ਦੀ ਸੰਗਤਿ ਵਿਚ ਰਹਿ



www.AKJ.Org

ਕੇ ਅੰਦਰਲੀਆਂ ਸ਼ਕਤੀਆਂ ਦਾ ਵਿਕਾਸ ਕਰ ਰਿਹਾ ਹੈ। ਜੇ ਉਸਦੇ ਅਮਲ ਠੀਕ ਹਨ ਤਾਂ ਉਹ ਗੁਰਮਤਿ ਦਾ ਸੁਚੱਜਾ ਜਾਣੂ ਕਿਹਾ ਜਾ ਸਕਦਾ ਹੈ।

ਇਸ ਤੋਂ ਇਲਾਵਾ ਉਸਦੇ ਗੁਰਮਤਿ ਐਕਸ਼ਨ ਦਿਖਾਵੇ ਮਾਤ੍ਰ ਤਾਂ ਨਹੀਂ ? ਉਸ ਤੋਂ ਉਪਰੰਤ ਉਸ ਦੇ ਅਸੂਲਾਂ ਦੀ ਪੁਖ਼ਤਗੀ ਕਿਸ ਹੱਦ ਤੱਕ ਹੈ ? ਕਿਧਰੇ ਢਿੱਲ ਤੇ ਨਹੀਂ ਦੇ ਦੇਂਦਾ। ਜੇ ਉਸ ਵਿਚ ਆਪਣੇ ਅਸੂਲਾਂ ਦਾ ਪਿਆਰ ਹੈ ਤੇ ਉਹਨਾਂ ਨੂੰ ਨਿਭਾਉਣ ਲਈ ਉਹ ਦੁਨੀਆਂਦਾਰਾਂ ਦੀ ਪਰਵਾਹ ਨਹੀਂ ਕਰਦਾ ਤਾਂ ਉਹ ਸੁੱਚਾ ਹੀਰਾ ਹੈ, ਕੀ ਹੋਇਆ ਉਸ ਦੀ ਦੁਨੀਆਦਾਰਾਂ ਨਾਲ ਸੁਸਾਇਟੀ ਨਹੀਂ ਬਣ ਸਕਦੀ। **ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ।।** (ਪੰਨਾ ੧੪੫)। ਐਸਾ ਸਿੱਖ ਠੀਕ ਹੀ ਗੁਰਮਤਿ ਤੇ ਚੱਲਣ ਵਾਲਾ ਹੁੰਦਾ ਹੈ। ਭਾਵੇਂ ਉਹ ਥੋੜ੍ਹੀ ਰਫ਼ਤਾਰ ਨਾਲ ਚਲਦਾ ਦਿਸੇ, ਪਰ ਉਸਦਾ ਐਸਾ ਰਸਤਾ ਉਸਨੂੰ ਉੱਚਾ ਉਠਾਣ ਵਿਚ ਮਦਦ ਦੇਵੇਗਾ। ਇਹ ਤਾਂ ਹੈ ਜ਼ਾਹਰੀ ਪਹਿਚਾਨ। ਵੈਸੇ ਤਾਂ ਦਾਤਾ ਆਪ ਹੀ ਵੱਡਾ ਪਾਰਖੂ ਹੈ। ਸਾਡੇ ਮਨਾਂ ਦਾ ਅੰਦਾਜ਼ਾ ਗਲਤ ਵੀ ਹੋ ਸਕਦਾ ਹੈ।

ਗੁਰਮਤਿ ਵਿਚ ਆਏ ਦੀ ਪਹਿਚਾਨ ਸਭ ਤੋਂ ਵੱਡੀ ਇਹ ਹੈ ਕਿ ਉਹ ਕਿਸੇ ਕੰਮ ਦਾ ਕਰਤਾ ਆਪਣੇ ਆਪ ਨੂੰ ਨਹੀਂ ਮੰਨੇਗਾ। ਜਦੋਂ ਉਹ ਕਿਸੇ ਦਾ ਭਲਾ ਕਰੇਗਾ ਤੇ ਭਲਾ ਕੀਤੇ ਹੋਏ ਮਨੁੱਖ ਵਲੋਂ ਆਪਣੀ ਵਡਿਆਈ ਸੁਣਕੇ, ਕੰਮ ਕਰਤਾਰ ਦਾ ਹੀ ਕੀਤਾ ਹੋਇਆ ਦਰਸਾਵੇਗਾ।

ਉਹ ਬੋਲਨ ਵਿਚ ਘੱਟ ਸ਼ਬਦਾਂ ਦਾ ਇਸਤੇਮਾਲ ਕਰਕੇ ਆਪਣੇ ਭਾਵ ਨੂੰ ਪ੍ਰਗਟ ਕਰੇਗਾ। ਉਹ ਦੁਨਿਆਵੀ ਗੱਲਾਂ ਸੁਣ ਕੇ ਕੁੱਝ ਚਿਰ ਮਗਰੋਂ ਮਨ ਵਿਚ ਉਪਰਾਮਤਾ ਮਹਿਸੂਸ ਕਰੇਗਾ ਤੇ ਦੁਨੀਆਦਾਰਾਂ ਦੀ ਬਕ ਬਕ ਨੂੰ, ਜਿਸ ਵਿਚ ਨਿੰਦਾ ਦਾ ਅੰਸ਼ ਜ਼ਿਆਦਾ ਹੁੰਦਾ ਹੈ, ਅਣਡਿਠ ਕਰਨ ਦੀ ਕੋਸ਼ਿਸ਼ ਕਰੇਗਾ।

ਗੁਰਮਤਿ - ਜਾਣੂ, ਜ਼ਿਆਦਾ ਜ਼ੋਰ, ਅਮਲੀ ਤੌਰ ਤੇ ਭਲਾਈ ਕਰਨ ਤੇ ਦੇਵੇਗਾ ਕਿਉਂ ਜੋ ਉਸਨੂੰ ਭਲਾ ਕੰਮ ਕਰਕੇ ਅੰਦਰਲੀ ਖੁਸ਼ੀ ਹੁੰਦੀ ਹੈ। ਗੁਰਮਤਿ ਵਿਚ ਆਇਆ ਹੋਇਆ ਤੇ ਗੁਰਮਤਿ ਦਾ ਜਾਣੂ ਸੱਜਨ, ਦੂਜਿਆਂ ਨੂੰ ਗੁਰਮਤਿ ਵੱਲ ਪ੍ਰੇਰੇਗਾ। ਇਕ ਖਾਸ ਨਿਮਰਤਾ ਦੇ ਢੰਗ ਨਾਲ ਬਚਨ ਕਰੇਗਾ ਜਿਹੜੀ ਕਿ ਸਾਰਿਆਂ ਦੇ ਦਿਲਾਂ ਨੂੰ ਜਿਤ ਕੇ ਉਹਨਾਂ ਤੇ ਗੁਰਮਤਿ ਦਾ ਪ੍ਰਭਾਵ ਪਾਵੇਗੀ।

ਮਾਨੁਖ ਭਾਵੇਂ ਕਿਸੇ ਵੀ ਧਰਮ ਨੂੰ ਪਾਲਣ ਵਾਲਾ ਹੋਵੇ। ਜੇ ਉਹ ਦੂਜਿਆਂ ਦੇ ਧਰਮ ਨਾਲ ਘਿਰਨਾ ਨਹੀਂ ਕਰਦਾ ਤੇ ਉਹਨਾਂ ਤੇ ਟੀਕਾ ਟਿੱਪਣੀ ਨਹੀਂ ਕਰਦਾ ਤੇ ਮਨ ਵਿਚ ਬੁਰਾ ਨਹੀਂ ਸੋਚਦਾ, ਨਾਲ ਹੀ ਨਾਲ ਦਿਲ ਵਿਚ **'ਕਿਆ ਜਾਨਹੁ ਸਹ ਕਉਨ ਪਿਆਰੀ'** (ਪੰਨਾ ੩੨੭) ਯਾਦ ਰੱਖਦਾ ਹੈ, ਉਹ ਹੀ ਦਾਤੇ ਦੇ ਨਾਮ ਦਾ ਪ੍ਰਚਾਰ ਹੈ ਤੇ ਗੁਰਮਤਿ ਨੂੰ ਸਮਝਨ ਵਾਲਾ ਹੁੰਦਾ ਹੈ। ਆਮ ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰੇ ਐਸੇ ਪ੍ਰਚਾਰਕ ਆਪਣੇ ਆਪ ਨੂੰ ਗੁਰਮਤਿ-ਜਾਣੂ ਤੇ ਰੱਬ-ਲੋਕ ਸਮਝਦੇ ਹਨ ਤੇ ਲੋਗ ਵੀ ਜਿਨ੍ਹਾਂ ਬਾਰੇ ਇਹ ਖਿਆਲ ਕਰਦੇ ਹਨ ਕਿ ਭਗਤੀ-ਰੌਚਕ ਤੇ ਨੇਕ ਹਨ, ਦੂਜੇ ਧਰਮ ਦਿਆਂ ਨੂੰ ਵੇਖ ਕੇ ਨਫ਼ਰਤ ਨਾਲ ਕਈ ਕਿਸਮ ਦੇ ਸ਼ਬਦ ਮੂੰਹੋਂ ਵੀ ਕਹਿ ਦੇਂਦੇ ਹਨ, ਐਸੇ ਮਨੁਖ ਬੇਸ਼ੱਕ ਆਪਣੇ ਮਨ ਵਿਚ ਅਪਨੇ ਲਈ ਕੁੱਝ ਵੀ ਸੋਚਣ, ਗੁਰਮਤਿ ਦੇ ਜਾਣੂ ਨਹੀਂ ਕਹੇ ਜਾ ਸਕਦੇ ਕਿਉਂਕਿ ਗੁਰਮਤਿ ਦੇ ਤਰਾਜ਼ੂ ਤੇ ਉਹ ਪੂਰਾ ਨਹੀਂ ਉਤਰਦੇ।

ਅਸੀਂ ਲੋਕ ਕਈ ਵਾਰੀ ਦੂਜਿਆਂ ਦੇ ਜ਼ਾਹਰੀ ਭੇਖ ਤੇ ਪੂਜਾ ਪਾਠ ਤੋਂ ਉਹਨਾਂ ਬਾਰੇ ਗਲਤ ਅੰਦਾਜ਼ੇ ਲਾ ਲੈਂਦੇ ਹਾਂ। ਗੁਰਮਤਿ ਦਾ ਜਾਣੂ ਹੋਨਾ ਤੇ ਗੁਰਮਤਿ ਨੂੰ ਅਮਲੀ ਤੌਰ ਤੇ ਮੰਨਣਾ ਦੋ ਅਲੱਗ ਚੀਜ਼ਾਂ ਹਨ। ਇਕ ਫ਼ਾਰਸੀ ਦੇ ਆਲਮ ਨੇ ਕਿਹਾ ਢੁਕਵਾਂ ਕਿਹਾ ਹੈ :-

*'ਖ਼ੁਦਾ-ਤਰਸ ਅਜ਼ ਖ਼ੁਦਾ-ਦਾਨ ਹਜ਼ਾਰ ਦਰਜਾ ਬੇਹਤਰ ਅਸਤ।'* ਅਰਥਾਤ ਵਾਹਿਗੁਰੂ ਨੂੰ ਜਾਨਣ ਵਾਲੇ ਨਾਲੋਂ ਵਾਹਿਗੁਰੂ ਦਾ ਭੈਅ ਰੱਖਣ ਵਾਲਾ ਹਜ਼ਾਰ ਗੁਣਾਂ ਚੰਗਾ ਹੁੰਦਾ ਹੈ। ਠੀਕ ਹੈ ਸਾਰੀ ਗੱਲ ਤਾਂ ਇਥੇ ਮੁਕਦੀ ਹੈ ਕਿ ਗੁਰਮਮਿਤ ਵਿਚ ਆਇਆ ਹੋਇਆ ਆਪਣੀ ਦ੍ਰਿਸ਼ਟੀ ਬਦਲੇ ਤੇ ਉਸ ਦੀ ਸ੍ਰਿਸ਼ਟੀ ਆਪਣੇ ਆਪ ਬਦਲ ਜਾਵੇਗੀ। ਜੇ ਉਹ ਸਮ-ਦ੍ਰਿਸ਼ਟੀ ਹੈ ਤਾਂ ਗੁਰਮਤਿ ਤੇ ਠੀਕ ਚੱਲ ਰਿਹਾ ਹੈ। ਵਾਹਿਗੁਰੂ ਐਸੇ ਮਨੁੱਖਾਂ ਦਾ ਕਦਮ ਕਦਮ ਤੇ ਸਹਾਇਕ ਹੁੰਦਾ ਹੈ, ਹੋਵੇਗਾ ਤੇ ਹੁੰਦਾ ਰਿਹਾ ਹੈ। ❀ ❀ ❀ ❀ ❀

## ਅਲਹਾਮ

ਸਾਸ ਗ੍ਰਾਸ, ਜਪਾਂ ਤਿਰਾ ਨਾਮ।
ਕਦੀ ਨਾ ਕਰਾਂ, ਮੈਂ ਬਿਸ੍ਰਾਮ।
ਅਨਹਦ ਧੁਨ ਹੋ ਨਿਬੜੇ 'ਤੇਰਾ'।
ਸ਼ਾਲਾ ਹੋ ਜਾਵੇ ਅਲਹਾਮ।



www.AKJ.Org

# ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ।। (੨)

(ਭਾਈ ਜਸਬੀਰ ਸਿੰਘ ਖਾਲਸਾ, ਖੰਨੇ ਵਾਲੇ)

ਲੜੀ ਜੋੜਨ ਲਈ ਦੇਖੋ 'ਸੂਰਾ' ਜਨਵਰੀ, ੧੯੯੯....

ਅਕਲ ਤੇ ਪ੍ਰਤੀਤ ਵਿਚ ਥੋੜ੍ਹਾ ਜਿਹਾ ਹੋਰ ਭੀ ਭੇਦ ਨਜ਼ਰ ਆਉਂਦਾ ਹੈ। ਜੇ ਬੰਦਾ ਕਹੇ ਮੈਂ ਆਪਣੀ ਅਕਲ ਦੇ ਨਾਲ ਨਾਮ ਦੀ ਪ੍ਰਾਪਤੀ ਕਰ ਲਵਾਂਗਾ, ਨਾਮੁਮਕਿਨ ਹੈ। ਸੂਰਜ ਦਾ ਬੜਾ ਪ੍ਰਕਾਸ਼ ਹੈ, ਸੂਰਜ ਦੀਆਂ ਕਿਰਨਾਂ ਫੈਲੀਆ ਹੋਈਆਂ ਹਨ। ਕਈ ਵਾਰ ਅਸੀਂ ਵੇਖਦੇ ਹਾਂ ਕਿ ਇਕ ਛੋਟਾ ਜਿਹਾ ਬਾਲਕ ਖੇਡ ਰਿਹਾ ਹੈ। ਬਾਲਕ ਦੇ ਬਾਹਰਲੇ ਸਰੀਰ ਤੱਕ ਸੂਰਜ ਦਾ ਪ੍ਰਕਾਸ਼ ਪਹੁੰਚਦਾ ਹੈ। ਸਾਨੂੰ ਸੂਰਜ ਦੀਆਂ ਕਿਰਨਾਂ ਤੋਂ ਬਾਲਕ ਖੇਡਦਾ ਨਜ਼ਰ ਆਉਂਦਾ ਹੈ। ਪਰ ਖੇਡਦੇ ਖੇਡਦੇ ਬਾਲਕ ਨੇ ਇਕ ਸਿੱਕਾ ਮੂੰਹ ਵਿਚ ਪਾ ਲਿਆ। ਸਿੱਕਾ ਬਾਲਕ ਦੇ ਅੰਦਰ ਚਲਾ ਗਿਆ। ਹੁਣ ਸੂਰਜ ਦੀਆਂ ਕਿਰਨਾਂ ਦਾ ਪ੍ਰਕਾਸ਼ ਉਸ ਸਿੱਕੇ ਨੂੰ ਨਹੀਂ ਵੇਖ ਸਕਦਾ। ਸੂਰਜ ਦੀ ਕਿਰਨ ਹੈ ਤਾਂ ਸੂਖਸ਼ਮ ਪ੍ਰੰਤੂ ਹੁਣ ਸਿੱਕਾ ਕਿਵੇਂ ਵੇਖੀਏ ? ਹੁਣ ਬਾਲਕ ਨੂੰ ਐਕਸ ਰੇ ਮਸ਼ੀਨ ਤੇ ਲਿਜਾਣਾ ਪੈਂਦਾ ਹੈ। ਹੁਣ ਐਕਸ ਰੇ ਮਸ਼ੀਨ ਕੀ ਹੈ ? ਸੂਰਜ ਦੀਆਂ ਕਿਰਨਾਂ ਤੋਂ ਪ੍ਰਭਾਵਸ਼ਾਲੀ ਕਿਰਨਾਂ ਅੰਦਰ ਤੱਕ ਪਹੁੰਚਦੀਆਂ ਹਨ ਤੇ ਸਿੱਕਾ ਵੇਖ ਲੈਂਦੀਆਂ ਹਨ। ਇਸ ਤਰ੍ਹਾਂ ਜਿਥੋਂ ਤੱਕ ਸੂਰਜ ਦੀਆਂ ਕਿਰਨਾਂ ਦਾ ਸੁਆਲ ਸੀ ਉਥੇ ਤੱਕ ਤਾਂ ਅਕਲ ਦੌੜਦੀ ਹੈ, ਅਕਲ ਦੌੜ ਰਹੀ ਹੈ। ਅੰਦਰ ਦਾ ਸਿੱਕਾ ਜੋ ਐਕਸ ਰੇ ਮਸ਼ੀਨ ਰਾਹੀਂ ਵੇਖਿਆ ਗਿਆ, ਉਹ ਮਸ਼ੀਨ ਦੀ ਅਕਲ ਦੀ ਦੌੜ ਹੈ। ਕਿਸੇ ਦੀ ਅਕਲ ਨੇ ਐਕਸ ਰੇ ਮਸ਼ੀਨ ਵੀ ਬਣਾ ਦਿੱਤੀ ਤੇ ਸਿੱਕਾ ਭੀ ਦੇਖ ਲਿਆ। ਕੀ ਐਕਸ ਰੇ ਮਸ਼ੀਨ, ਕੀ ਖੁਰਦਬੀਨ, ਕੀ ਸੂਰਜ ਦਾ ਪ੍ਰਕਾਸ਼ ਆਤਮਾ ਨੂੰ ਵੇਖ ਲਵੇਗਾ ? ਨਹੀਂ ਵੇਖ ਸਕਦੇ। ਇਸ ਦਾ ਮਤਲਬ ਹੈ, ਅਕਲ ਨਹੀਂ ਵੇਖ ਸਕਦੀ। ਅਕਲ ਨਾਲ ਬਣਾਏ ਹੋਏ ਸਾਧਨ ਨਹੀਂ ਵੇਖ ਸਕਦੇ। ਫਿਰ ਕੌਣ ਵੇਖ ਸਕਦੈ ? ਪ੍ਰਤੀਤ ਵੇਖ ਸਕਦੀ ਹੈ। ਜਿਸ ਦੇ ਉੱਤੇ ਤੁਹਾਨੂੰ ਪ੍ਰਤੀਤ ਹੋਏਗੀ ਉਹ ਪ੍ਰਤੀਤ ਵਾਲਾ ਤੁਹਾਡੇ ਤੇ ਭਰੋਸਾ ਕਰਕੇ ਆਪਣੇ ਗੁਪਤ ਖਜ਼ਾਨੇ ਨੂੰ ਭੀ ਤੁਹਾਨੂੰ ਦਿਖਾ ਦੇਵੇਗਾ। ਜੇ ਪ੍ਰਤੀਤ ਨਹੀਂ ਜਿਵੇਂ ਬਾਪੂ ਨੂੰ ਪ੍ਰਤੀਤ ਨਹੀਂ ਆਪਣੇ ਮੁੰਡਿਆ ਤੇ, ਧਨ ਹੋਣ ਦੇ ਬਾਵਜੂਦ ਵੀ ਕੌਡੀ ਨਹੀਂ ਦਿੰਦਾ। ਪਰ ਜੇ ਉਦੋਂ ਪ੍ਰਤੀਤ ਆ ਜਾਵੇ ਤਾਂ ਖਜ਼ਾਨੇ ਦੀਆਂ ਚਾਬੀਆਂ ਦੇ ਦਿੰਦਾ ਹੈ। ਜਦੋਂ ਪ੍ਰਤੀਤ ਹੋਵੇ ਫਿਰ ਗੱਲ ਸਮਝ ਵਿਚ ਆਉਂਦੀ ਹੈ। ਪ੍ਰਤੀਤ ਹੀ ਹੈ ਵਿਉਂਤ, ਨਿਰਮਲ ਰੀਤ ਤੇ ਪ੍ਰੀਤ ਦੀ। ਪ੍ਰਤੀਤ ਉਦੋਂ ਉਪਜੇਗੀ ਜਦੋਂ ਸਾਡੇ ਅੰਦਰ ਇਹ ਪੂਰਨ ਨਿਸ਼ਚਾ ਬਣ ਜਾਏ ਕਿ ਜਿਸ ਦੇ ਉੱਪਰ ਅਸੀਂ ਪ੍ਰਤੀਤ ਕਰ ਰਹੇ ਹਾਂ ਉਸਦੀ ਹੋਂਦ ਹੈ। ਕਈ ਲੋਕ ਰੱਬ ਦੀਆਂ ਗੱਲਾਂ ਤਾਂ ਬਹੁਤ ਕਰਦੇ ਹਨ। ਬੜੇ ਮੰਦਰ ਤੇ ਹੋਰ ਧਾਰਮਿਕ ਸਥਾਨ ਹਨ, ਕਥਾ ਵਾਰਤਾ ਹੁੰਦੀਆਂ ਹਨ, ਸਾਰੇ ਚੰਗੇ ਵਿਚਾਰ ਦਿੰਦੇ ਹਨ, ਚੰਗੇ ਗੁਣੀ ਗਿਆਨੀ ਬੋਲਦੇ ਹਨ, ਬੜੀ ਚੰਗੀ ਗੱਲ ਕਰਦੇ ਹਨ। ਕਈ ਵਾਰ ਇਹ ਦੇਖਿਆ ਹੈ ਕਿ ਉਨ੍ਹਾਂ ਨੂੰ ਵੀ ਅੰਦਰੋਂ ਅਜੇ ਦ੍ਰਿੜ੍ਹ ਵਿਸ਼ਵਾਸ਼ ਨਹੀਂ ਕਿ ਪਰਮਾਤਮਾ ਹੈ ਕਿ ਨਹੀਂ। ਇਉਂ ਜਾਪਦਾ ਹੈ ਕਿ ਦਸਤਗੀਰ ਪੀਰ ਭੀ ਹੋਵੇ, ਬੰਦਗੀ ਕਰਨ ਵਾਲਾ, ਬੜੇ ਬੜੇ ਚੰਗੇ ਵਿਚਾਰ ਦੇ ਰਿਹਾ ਹੈ ਪਰ ਦਸਤਗੀਰ ਭੀ ਗੁਰੂ ਨਾਨਕ ਦੇਵ ਜੀ ਨੂੰ ਪੁੱਛੇ ਕਿ ਖੁਦਾ ਵੰਦ ਕਰੀਮ ਕਿੱਥੇ ਰਹਿੰਦਾ ਹੈ ? ਇਸ ਦਾ ਮਤਲਬ ਇਹ ਹੈ ਕਿ ਅੰਦਰ ਇਕ ਗੱਲ ਲੁਕੀ ਹੋਈ ਹੈ, ਸਾਡੇ ਅੰਦਰ ਭੀ ਹੈ, ਗੱਲਾਂ ਅਸੀਂ ਰੱਬ ਦੀਆਂ ਜ਼ਰੂਰ ਕਰਦੇ ਹਾਂ ਪਰ ਸਾਡੇ ਅੰਦਰ ਅਜੇ ਤੱਕ ਇਹ ਬਣਿਆ ਹੋਇਐ ਕਿ ਰੱਬ ਹੈ ਕਿੱਥੇ ? ਸਾਰੇ ਕਹਿੰਦੇ ਹਨ ਮੈਂ ਰੱਬ ਦੇ ਦਰਸ਼ਨ ਕਰਨੇ ਹਨ। ਹੈਰਾਨਗੀ ਹੈ 60-60 ਸਾਲ ਹੋ ਗਏ ਗੁਰਦੁਆਰੇ ਜਾਂਦਿਆਂ ਨੂੰ ਕਿਸੇ ਦੀ 100-100 ਸਾਲ ਉਮਰ ਹੋ ਗਈ ਅਜੇ ਤੱਕ ਇਕੋ ਵੀਚਾਰ ਲਈ ਬੈਠੇ ਹਾਂ ਕਿ ਰੱਬ ਦੇ ਦਰਸ਼ਨ ਕਰਨੇ ਹਨ। ਕੀ ਅਜੇ ਤੱਕ ਅਸੀਂ ਰੱਬ ਨਹੀਂ ਵੇਖਿਆ ? ਕਾਂਸ਼ ! ਮੈਂ ਇਹ ਗੱਲ ਦਾਅਵੇ ਨਾਲ ਕਹਿ ਦਿਆਂ -

**"ਭਾਗੁ ਹੋਆ ਗੁਰਿ ਸੰਤੁ ਮਿਲਾਇਆ।"** (ਪੰਨਾ ੯੭)

ਰੱਬ ਦੇ ਤਾਂ ਨਿੱਤ ਦਰਸ਼ਨ ਹੁੰਦੇ ਹਨ, ਕੋਈ ਕਰੇ ਤਾਂ ਸਹੀ। ਹੁਣੇ ਕਰਨੇ ਹਨ ਤਾਂ ਹੁਣੇ ਹੀ ਹੋ ਸਕਦੇ ਹਨ। ਸਾਹਿਬ ਕਹਿੰਦੇ ਹਨ ਕਿ ਪਾਰਬ੍ਰਹਮ ਬੜੇ ਸੁੰਦਰ ਹਨ। ਪਰਮੇਸ਼ਰ ਬੜੇ ਅਨੂਪ ਹਨ, ਪਰਮੇਸ਼ਰ ਮਿੱਠੀ ਬੋਲੀ ਬੋਲਦੇ ਹਨ, ਉਹਨਾਂ ਦੇ ਹਰ ਬਚਨ ਵਿਚੋਂ ਆਤਮਕ ਜੀਵਨ ਦੇਣ ਵਾਲੇ ਨਾਮ ਰਸ ਦੀਆਂ ਝੜੀਆਂ ਲੱਗਦੀਆਂ ਹਨ-

**"ਪਰਬ੍ਰਹਮ ਪਰਮੇਸਰੁ ਅਨੂਪੁ।।"** (ਪੰਨਾ ੧੧੫੨)

ਫਿਰ ਮੈਂ ਪਰਬ੍ਰਹਮ ਦੇ ਦਰਸ਼ਨ ਕਰਨ ਕਿੱਥੇ ਜਾਵਾਂ ? ਇਸ ਦੀ ਮੂਰਤ ਕਿੱਥੇ ਹੈ ? ਇਤਨੇ ਸੁੰਦਰ ਪ੍ਰਭ ਦੀ ਮੂਰਤ ਭੀ ਸਫਲ ਹੈ। ਇਤਨੇ ਸੁੰਦਰ ਰੱਬ ਦਾ ਸਰੂਪ ਭੀ ਸਫਲ ਹੈ। ਫਿਰ ਦਰਸ਼ਨ ਕਿੱਥੇ ਕਰਾਂ ? ਸਾਹਿਬ ਕਹਿੰਦੇ ਹਨ -



www.AKJ.Org

"ਸਫਲ ਮੂਰਤਿ ਗੁਰ ਤਿਸਕਾ ਰੂਪੁ।।" (ਪੰਨਾ ੧੧੫੨)

ਗੁਰੂ ਹੀ ਰੱਬ ਹੈ, ਗੁਰੂ ਹੀ ਪਰਮੇਸ਼ਰ ਹੈ। ਬਾਣੀ ਹੀ ਰੂਪ ਹੈ ਪ੍ਰਭੂ ਦਾ, ਸ਼ਬਦ ਹੀ ਰੂਪ ਹੈ ਪ੍ਰਭੂ ਦਾ।

"ਸਤਿਗੁਰ ਦੇਉ ਪ੍ਰਤਖਿ ਹਰਿ ਮੂਰਤਿ
ਜੋ ਅੰਮ੍ਰਿਤ ਬਚਨ ਸੁਣਾਵੈ।।" (ਪੰਨਾ ੧੨੬੪)

ਹੁਣ ਰੱਬ ਨੂੰ ਕਿਧਰੇ ਹੋਰ ਲੱਭਣ ਜਾਣਾ ਹੈ ? ਨਿੱਤ ਰੱਬ (ਗੁਰਬਾਣੀ) ਨੂੰ ਮੱਥਾ ਟੇਕਣ ਵਾਲੇ, ਨਾਲੇ ਰੱਬ ਨੂੰ ਮੱਥਾ ਟੇਕੀ ਜਾਂਦੇ ਹਨ ਤੇ ਨਾਲੇ ਪੁੱਛਦੇ ਹਨ ਰੱਬ ਕਿੱਥੇ ਹੈ ? ਨਿੱਤ ਸ਼ਬਦ ਨਾਲ ਗੱਲਾਂ ਕਰਨ ਵਾਲੇ ਕਹਿੰਦੇ ਹਨ, ,ਰੱਬ ਕਿੱਥੇ ਹੈ ? ਸ਼ਬਦ ਦੇ ਤਾਂ ਦਰਸ਼ਨ ਸੁਰਤ ਕਰਦੀ ਹੈ। ਦਰਸ਼ਨ ਚਾਰ ਪ੍ਰਕਾਰ ਦੇ ਹਨ। ਦਰਸਨ, ਪਰਸਨ, ਸਰਸਨ ਤੇ ਹਰਸਨ। ਜਦੋਂ ਸ਼ਬਦ ਨੂੰ ਸੁਣੀਦਾ ਹੈ ਇਹ ਦਰਸ਼ਨ ਹਨ, ਜਦੋਂ ਸੁਰਤ ਸ਼ਬਦ ਨੂੰ ਛੂੰਹਦੀ ਹੈ, ਪਰਸਨ ਹੈ। ਜਦੋਂ ਵੀਚਾਰ ਅੰਦਰ ਆਉਂਦੇ ਹਨ, ਸਰਸਨ ਹੈ ਤੇ ਜਦੋਂ ਵੀਚਾਰਾਂ ਦੀ ਕਮਾਈ ਹੁੰਦੀ ਹੈ, ਹਰਸਨ ਹੈ। ਇਹੋ ਹੀ ਪ੍ਰਭੂ ਦਾ ਦਰਸ਼ਨ ਹੈ।

ਸੋ ਉਪਰੋਕਤ ਵੀਚਾਰ ਤੋਂ ਇਹ ਗੱਲ ਸਮਝ ਆ ਗਈ ਕਿ ਰੱਬ ਦੇ ਦਰਸ਼ਨ ਹੁੰਦੇ ਹਨ। ਜੇ ਉਮਰ 60-70 -80 ਸਾਲ ਦੀ ਹੋ ਗਈ ਤਾਂ ਭੀ ਨਿਰਾਸ਼ ਨਾ ਹੋਣਾ ਕਿ ਹੁਣ ਦਿਨ ਗਿਣਤੀ ਦੇ ਰਹਿ ਗਏ ਮੈਂ ਕੀ ਕਰਾਂਗਾ। ਗੱਲ ਇਹ ਹੈ ਕਿ ਪ੍ਰਭੂ ਦੀ ਮੇਹਰ ਆਪਣੀ ਹੀ ਮੇਹਰ ਹੁੰਦੀ ਹੈ। ਕੀ ਪਤਾ ਤੁਹਾਡੇ ਜਾਂਦਿਆ ਜਾਂਦਿਆ ਹੀ ਤੁਹਾਡੇ ਤੇ ਮੇਹਰ ਹੋ ਜਾਏ। ਇਸ ਕਰਕੇ ਦਿਨਾਂ ਦੀ ਗਿਣਤੀ ਵਿਚ ਨਾ ਜਾਉ, ਜਿੰਨਾਂ ਸਮਾਂ ਬਾਕੀ ਰਹਿ ਗਿਆ ਹੈ ਉਹ ਤਾਂ ਪ੍ਰਤੀਤ ਵਿਚ ਗੁਜਾਰ ਲਵੋ।

ਜੇ ਤੁਹਾਡੀ ਪ੍ਰਤੀਤ ਬਣ ਜਾਏਗੀ ਤਾਂ ਇਹ ਨਿਰਮਲ ਰੀਤ ਬਣ ਜਾਏਗੀ। ਕੀ ਪਤਾ ਜਾਂਦਿਆ ਜਾਂਦਿਆ ਹੀ ਪ੍ਰਭੂ ਨਾਲ ਗਲਾਂ ਹੋ ਜਾਣ। ਪ੍ਰਭੂ ਮੇਰੇ ਗੱਲਾਂ ਕਰਦੇ ਨੇ, ਸਾਂਈ ਮੇਰੇ ਗੱਲਾਂ ਕਰਦੇ ਨੇ, ਗੁਰੂ ਮੇਰੇ ਗੱਲਾਂ ਕਰਦੇ ਨੇ, ਗੁਰੂ ਮੇਰੇ ਬੋਲਦੇ ਨੇਂ, ਸਚਮੁਚ ਬੋਲਦੇ ਨੇ, ਗੁਰੂ ਬੜਾ ਪਿਆਰ ਕਰਦੇ ਨੇ, ਗੁਰੂ ਬੜੀ ਗਲਵਕੜੀ ਪਾਉਂਦੇ ਨੇ, ਸਚਮੁਚ ਬੜੀ ਨਿੱਘੀ ਗਲਵਕੜੀ ਪਾਉਂਦੇ ਨੇ। ਸੱਚੀ ਗੱਲ ਇਹ ਹੈ ਕਿ ਗੁਰੂ ਪਿਆਰ ਵਿਚ ਆ ਕੇ ਗੁਰਬਾਣੀ ਦੀਆਂ ਲੋਰੀਆਂ ਭੀ ਸਣਾਉਂਦੇ ਨੇ ਪਰ ਗੋਦ ਵਿਚ ਬੈਠਣਾ ਪੈਂਦਾ ਹੈ। ਜੇਕਰ ਕੋਈ ਦੂਰ ਫਿਰਦੈ, ਉਹ ਲੋਰੀਆਂ ਦਾ ਆਨੰਦ ਕਿਸ ਤਰ੍ਹਾਂ ਲੈ ਸਕਦੇ ਹਨ ? ਲੋਰੀਆਂ ਦਾ ਆਨੰਦ ਉਸੇ ਨੂੰ ਹੈ ਜਿਸ ਨੂੰ ਗੋਦ ਵਿਚ ਬੈਠਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਪ੍ਰਤੀਤ ਦਾ ਆਨੰਦ ਭੀ ਉਹੀ ਲੈਂਦੇ ਹਨ ਜੋ ਪ੍ਰਤੀਤ ਵਾਲੇ ਦੀ ਗੋਦ ਵਿਚ ਬੈਠ ਜਾਂਦੇ ਹਨ। ਜਦੋ ਪ੍ਰਤੀਤ ਆ ਜਾਏ ਤਾਂ ਵਾਹਿਗੁਰੂ ਦੀ ਹੋਂਦ ਨੂੰ ਮਨ ਸਵੀਕਾਰ ਕਰੇਗਾ। ਪੂਰਾ ਭਰੋਸਾ ਹੈ ਕਿ ਰੱਬ ਹੈ। ਇਕ ਮਹਾਤਮਾ ਬੈਠੇ ਸਨ। ਇਕ ਨਾਸਤਕ ਬੰਦਾ ਮਹਾਤਮਾ ਦੇ ਪਾਸ ਪਹੁੰਚਿਆ ਜਿਵੇਂ ਅੱਜ ਕਲ ਅਸੀਂ ਭੀ ਪਹੁੰਚ ਜਾਂਦੇ ਹਾਂ। ਉਹ ਨਾਸਤਕ ਬੰਦਾ ਕਹਿਣ ਲੱਗਾ ਹੇ ਮਹਾਤਮਾ ! ਤੂੰ ਰੋਜ਼ਾਨਾ ਹੀ ਰੱਬ ਦੀਆਂ ਗੱਲਾਂ ਕਰਦਾ ਹੈਂ। ਤੂੰ ਹਰ ਵਕਤ ਰੱਬ ਦੀਆਂ ਗੱਲਾਂ ਲੋਕਾਂ ਨੂੰ ਸੁਣਾਉਂਦਾ ਹੈਂ। ਤੂੰ ਸੁਣਾਉਂਦਾ ਹੈਂ, ਅਸੀਂ ਸੁਣੀ ਜਾਂਦੇ ਹਾਂ। ਮੈਂ ਦੇਖਿਆ ਹੈ ਤੇਰੇ ਪਾਸ ਕਈ ਬੰਦੇ ਆਉਂਦੇ ਹਨ ਅਤੇ ਸੁਣ ਕੇ ਚਲੇ ਜਾਂਦੇ ਹਨ। ਮੈਂ ਭੀ ਸੁਣਨ ਆਉਂਦਾ ਹਾਂ, ਸੁਣ ਕੇ ਚਲਾ ਜਾਂਦਾ ਹਾਂ। ਹੇ ਮਹਾਤਮਾ ! ਮੈਨੂੰ ਇਹ ਯਕੀਨ ਹੈ ਕਿ ਤੂੰ ਪੂਰਨ ਹੈਂ। ਮੈਨੂੰ ਇਹ ਭੀ ਯਕੀਨ ਹੈ ਕਿ ਤੂੰ ਸੱਚੀਆਂ ਗੱਲਾਂ ਕਰਦਾ ਹੈਂ। ਮੈਨੂੰ ਇਹ ਭੀ ਭਰੋਸਾ ਹੈ ਕਿ ਜਿਹੜੀਆਂ ਤੂੰ ਗੱਲਾਂ ਕਰਦਾ ਹੈਂ, ਇਸ ਬਾਰੇ ਤੂੰ ਜਾਣਦਾ ਹੈਂ। ਜਿਸ ਪ੍ਰਭੂ ਬਾਰੇ ਤੁਸੀਂ ਗੱਲਾਂ ਕਰਦੇ ਹੋ ਉਸ ਬਾਰੇ ਤੁਸੀਂ ਜਾਣਦੇ ਹੋ। ਉਸ ਦੇ ਰਾਹ ਨੂੰ, ਉਸ ਦੇ ਪਿਆਰ ਨੂੰ ਭੀ ਤੁਸੀਂ ਜਾਣਦੇ ਹੋ, ਪਰ ਮੈਨੂੰ ਇੱਕ ਗੱਲ ਦਾ ਜੁਆਬ ਦਿਓ ਕਿ ਮੇਰੇ ਵਰਗੇ ਤੁਹਾਡੇ ਕੋਲ ਕਈ ਆਉਂਦੇ ਹਨ, ਏਨੀਆਂ ਗੱਲਾਂ ਸੁਣ ਕੇ ਭੀ ਉਹ ਉਸ ਰਸਤੇ ਕਿਉਂ ਨਹੀਂ ਚਲਦੇ ? ਤੁਹਾਡੀਆਂ ਗੱਲਾਂ ਦਾ ਸਾਡੇ ਤੇ ਅਸਰ ਕਿਉਂ ਨਹੀਂ ? ਜਦ ਗੱਲਾਂ ਪੂਰਨ ਹਨ, ਹਰ ਗੱਲ ਪੂਰਨ ਹੈ ਫਿਰ ਸਾਡੇ ਵਰਗੇ ਅਧੂਰੇ ਲੋਕਾਂ ਤੇ ਅਸਰ ਕਿਉਂ ਨਹੀਂ ? ਮਹਾਤਮਾ ਬੋਲੇ, "ਤੂੰ ਪਹਿਲਾਂ ਇਹ ਦੱਸ ਤੂੰ ਇਥੋਂ ਦਾ ਰਹਿਣ ਵਾਲਾ ਹੈਂ ?" ਕਹਿਣ ਲੱਗਾ, "ਮੈਂ ਇਸੇ ਸ਼ਹਿਰ ਦਾ ਰਹਿਣ ਵਾਲਾ ਹਾਂ।" ਮਹਾਤਮਾ ਕਹਿੰਦੇ, "ਸ਼ੁਰੂ ਤੋਂ ਹੀ ਇਥੇ ਰਹਿਣ ਵਾਲਾ ਹੈਂ ਜਾਂ ਪਹਿਲਾਂ ਕਿਤੇ ਹੋਰ ਵਸਿਆ ਹੋਇਆ ਸੀ ?" ਉਹ ਵਿਆਕਤੀ ਕਹਿਣ ਲੱਗਾ ਕਿ ਮੈਂ ਇਥੇ ਤਕਰੀਬਨ ਸੱਠ ਕੋਹ ਪਰੇ ਹੋਰ ਕਿਸੇ ਸ਼ਹਿਰ ਵਿਚ ਰਹਿੰਦਾ ਸੀ। ਮੈਂ 5-7 ਸਾਲ ਤੋਂ ਇੱਥੇ ਹਾਂ। ਮੇਰੇ ਮਾਤਾ ਪਿਤਾ ਸੰਬੰਧੀ ਉਥੇ ਹੀ ਰਹਿੰਦੇ ਹਨ। ਮਹਾਤਮਾ ਕਹਿਣ ਲੱਗੇ ਕਿ ਜਿਥੋਂ ਤੂੰ ਆਇਆ ਹੈਂ, ਉਸ ਸ਼ਹਿਰ ਦਾ ਸਭ ਕੁੱਝ ਜਾਣਦਾ ਹੋਵੇਂਗਾ। ਉਹ ਵਿਅਕਤੀ ਕਹਿਣ ਲੱਗਾ ਕਿ ਮੈਂ ਉਸ ਸ਼ਹਿਰ ਬਾਰੇ ਸਭ ਕੁਝ ਜਾਣਦਾ ਹਾਂ। ਮਹਾਤਮਾ ਕਹਿੰਦੇ, "ਉਥੋਂ ਤੋਂ ਲੈ ਕੇ ਇਥੋਂ ਤੱਕ ਦਾ ਜੋ ਰਸਤਾ ਹੈ ਉਸ ਬਾਰੇ ਤੂੰ ਜਾਣਦਾ ਹੋਵੇਂਗਾ।" ਕਹਿਣ ਲੱਗਾ, "ਪੂਰੀ ਤਰ੍ਹਾਂ ਜਾਣਦਾ ਹਾਂ।" ਮਹਾਤਮਾ ਕਹਿੰਦੇ ਕਿ ਕਦੀ ਕਦਾਈਂ ਇਥੋਂ ਦੇ ਰਹਿਣ ਵਾਲਿਆ ਵਿਚੋਂ ਕੋਈ ਉਸ ਸ਼ਹਿਰ ਦਾ ਰਸਤਾ



www.AKJ.Org

ਪੁੱਛਣ ਆਉਂਦਾ ਹੋਵੇਗਾ ਜਿਸ ਨੇ ਉਥੇ ਜਾਣਾ ਹੋਵੇ। ਵਿਅਕਤੀ ਕਹਿਣ ਲੱਗਾ, "ਕਈ ਆਉਂਦੇ ਹਨ।" ਮਹਾਤਮਾ ਕਹਿੰਦੇ ਫਿਰ ਤੂੰ ਤਾਂ ਰਸਤਾ ਠੀਕ ਦਸਦਾ ਹੈਂ ਕਿਉਂਕਿ ਤੈਨੂੰ ਪਤਾ ਹੈ। ਤੂੰ ਉਸ ਸ਼ਹਿਰ ਬਾਰੇ ਭੀ ਠੀਕ ਵਾਕਫੀਅਤ ਦਿੰਦਾਂ ਹੋਵੇਗਾ ਕਿਉਂਕਿ ਤੂੰ ਜਾਣਦਾ ਹੈਂ। ਵਿਅਕਤੀ ਕਹਿਣ ਲੱਗਾ,"ਮੈਂ ਬਿਲਕੁਲ ਠੀਕ ਦੱਸਦਾ ਹਾਂ।" ਮਹਾਤਮਾ ਕਹਿਣ ਲੱਗੇ ਕਿ ਤੂੰ ਇਹ ਦਾਅਵਾ ਕਰ ਸਕਦਾ ਹੈਂ ਕਿ ਜਿੰਨੇ ਤੇਰੇ ਕੋਲ ਰਸਤਾ ਪੁੱਛਣ ਆਉਂਦੇ ਹਨ ਉਹ ਉਸ ਸ਼ਹਿਰ ਪਹੁੰਚ ਜਾਂਦੇ ਹਨ। ਵਿਅਕਤੀ ਕਹਿਣ ਲੱਗਾ ਜੀ ਪਹੁੰਚਦਾ ਤਾਂ ਉਹੀ ਹੈ ਜਿਹੜਾ ਪੁੱਛ ਕੇ ਤੁਰ ਪੈਂਦਾ ਹੈ। ਸੱਚ ਹੈ, ਉਪਦੇਸ਼ ਤਾਂ ਬਹੁਤ ਸੁਣਦੇ ਹਨ, ਉਪਦੇਸ਼ ਪੂਰਨ ਹੈ, ਗੁਰੂ ਪੂਰਨ ਹੈ, ਬਾਣੀ ਪੂਰਨ ਹੈ, ਸ਼ਬਦ ਪੂਰਨ ਹੈ, ਦਰਬਾਰ ਪੂਰਨ ਹੈ, ਗੁਰੂ ਦੀ ਸਮਰੱਥਾ ਪੂਰਨ ਹੈ, ਬਖਸ਼ਿਸ਼ ਪੂਰਨ ਹੈ, ਦਿਆਲਤਾ ਪੂਰਨ ਹੈ, ਕ੍ਰਿਪਾਲਤਾ ਪੂਰਨ ਹੈ, ਸ਼ਬਦ ਪੂਰਨ ਹੈ ਰਾਹ ਦਿਖਾਉਣ ਵਾਲਾ ਪੂਰਨ ਹੈ। ਪਰ ਪਹੁੰਚੇਗਾ ਉਹੀ ਜਿਹੜਾ ਰਸਤੇ ਤੇ ਤੁਰੇਗਾ। ਜਿਸਨੇ ਸੁਣੀ ਜਾਣਾ ਹੈ, ਸੁਣਕੇ ਘਰ ਚਲੇ ਜਾਣਾ ਹੈ, ਉਹ ਕਿਵੇਂ ਪਹੁੰਚੇਗਾ ? ਹਰ ਸਾਲ ਸਮਾਗਮ ਹੁੰਦੇ ਹਨ, ਬੜੀ ਵਾਹ ਵਾਹ ਹੁੰਦੀ ਹੈ ਪਰ ਜੀਵਨ ਉੱਥੇ ਦਾ ਉੱਥੇ ਹੀ ਰਹਿੰਦਾ ਹੈ। ਜ਼ਰਾ ਸੋਚੀਏ, ਜੋ ਪਿਛਲੇ ਸਾਲ ਸੁਣਿਆ ਸੀ ਕੋਈ ਤੁਰਿਆ ਹੈ ? ਜੇਕਰ ਕੋਈ ਤੁਰਿਆ ਹੈ ਤਾਂ ਪਤਾ ਲੱਗ ਜਾਂਦਾ ਹੈ ਕਿ ਕਿੱਥੇ ਕੁ ਤੱਕ ਪਹੁੰਚਿਆ ਹੈ। ਮਹਾਤਮਾ ਦੇ ਪਾਸ ਇਕ ਨਾਸਤਕ ਆਇਆ ਤੇ ਕਹਿਣ ਲੱਗਾ ਤੂੰ ਰੱਬ ਦੀਆਂ ਗੱਲਾਂ ਤਾਂ ਬਹੁਤ ਕਰਦਾ ਹੈਂ, ਮੈਨੂੰ ਦਿਖਾ ਕਿ ਰੱਬ ਕਿੱਥੇ ਹੈ ? ਮੈਂ ਨਹੀਂ ਮੰਨਦਾ ਕਿ ਰੱਬ ਹੈ। ਸਾਇੰਸ ਨੇ ਬੜੀ ਤਰੱਕੀ ਕੀਤੀ ਹੈ, ਇਕ ਸੂਈ ਦੇ ਨੱਕੇ ਤੇ ਹਜ਼ਾਰਾਂ ਕਟਾਣੂ ਦੇਖੇ ਜਾ ਸਕਦੇ ਹਨ, ਤੇਰਾ ਰੱਬ ਕਿਉਂ ਨਹੀਂ ਦਿਸਦਾ ? ਮਹਾਤਮਾ ਬੋਲੇ ਜੇ ਰੱਬ ਨੂੰ ਨਹੀਂ ਮੰਨਦਾ ਤਾਂ ਇਹ ਦੱਸ ਤੇਰਾ ਨਾਂ ਕੀ ਹੈ ? ਉਹ ਬੋਲਿਆ ਮੇਰਾ ਨਾਂ ਪਰਸ਼ੋਤਮ ਹੈ। "ਤੇਰੇ ਪਿਤਾ ਦਾ ਨਾਮ ਕੀ ਹੈ ?" ਮਹਾਤਮਾ ਨੇ ਪੁੱਛਿਆ। ਉਹ ਵਿਅਕਤੀ ਕਹਿਣ ਲੱਗਾ, "ਮੇਰੇ ਪਿਤਾ ਦਾ ਨਾਂ ਸੇਵਾਦਾਸ ਹੈ।" ਮਹਾਤਮਾ ਕਹਿਣ ਲੱਗੇ, "ਮੈਂ ਨਹੀਂ ਮੰਨਦਾ ਤੇਰਾ ਪਿਤਾ ਸੇਵਾਦਾਸ ਹੈ।" ਵਿਅਕਤੀ ਕਹਿੰਦਾ, ਮੈਂ ਸੱਚ ਕਹਿੰਦਾ ਹਾਂ, ਮੈਂ ਸੇਵਾਦਾਸ ਦਾ ਪੁੱਤਰ ਹਾਂ। ਮਹਾਤਮਾ ਕਹਿੰਦੇ ਤੂੰ ਕਹੀ ਜਾ, ਮੈਂ ਮੰਨ ਹੀ ਨਹੀਂ ਸਕਦਾ ਕਿ ਕੋਈ ਸੇਵਾਦਾਸ ਹੈ। ਤੂੰ ਕਹਿੰਦਾ ਹੈ ਸਾਇੰਸ ਦੇ ਇਸ ਯੁੱਗ ਵਿੱਚ ਸੂਈ ਦੇ ਨੱਕੇ ਤੇ ਹਜ਼ਾਰਾਂ ਕੀਟਾਣੂ ਨਜ਼ਰ ਆਉਂਦੇ ਹਨ, ਮੈਂ ਇੱਥੇ ਬੈਠਾ ਹਾਂ ਤੇਰਾ ਪਿਓ ਕਿਉਂ ਨਹੀਂ ਨਜ਼ਰ ਆਉਂਦਾ ? ਉਹ ਵਿਅਕਤੀ ਕਹਿਣ ਲੱਗਾ ਕਿ ਮੈਂ ਤੁਹਾਨੂੰ ਆਪਣਾ ਪਿਤਾ ਦਿਖਾ ਸਕਦਾ ਹਾਂ। ਮਹਾਤਮਾ ਬੋਲੇ, "ਕਿਵੇਂ ਦਿਖਾਏਂਗਾ ?" ਉਹ ਵਿਅਕਤੀ ਕਹਿਣ ਲੱਗਾ ਕਿ ਮੇਰੇ ਨਾਲ ਮੇਰੇ ਘਰ ਚਲੋ, ਮੈਂ ਤੁਹਾਨੂੰ ਆਪਣਾ ਪਿਤਾ ਦਿਖਾ ਦਿੰਦਾ ਹਾਂ। ਜੇ ਤੂੰ ਆਪਣੇ ਘਰ ਲਿਜਾ ਕੇ ਪਿਤਾ ਦਿਖਾ ਸਕਦੈ, ਤੂੰ ਮੇਰੇ ਨਾਲ ਮੇਰੇ ਘਰ ਚਲ, ਮੈਂ ਤੈਨੂੰ ਆਪਣਾ ਪਿਤਾ ਪਾਰਬ੍ਰਹਮ ਦਿਖਾ ਦਿੰਦਾ ਹਾਂ। ਪਾਰਬ੍ਰਹਮ ਪਿਤਾ ਨੂੰ ਦੇਖਣ ਵਾਸਤੇ ਜਿਹੜਾ ਰਾਹ ਦੱਸਦਾ ਹੈ ਉਸ ਨਾਲ ਉਸ ਦੇ ਘਰ ਜਾਣਾ ਹੋਏਗਾ, ਉਸ ਰਸਤੇ ਤੇ ਤੁਰਨਾ ਹੋਏਗਾ। ਜੋ ਸਤਿਗੁਰ ਸਾਨੂੰ ਰਾਹ ਦੱਸਦੇ ਹਨ, ਪਾਰਬ੍ਰਹਮ ਪਰਮੇਸ਼ਰ ਨੂੰ ਮਿਲਣ ਦਾ ਤਾਂ ਸਾਨੂੰ ਸਤਿਗੁਰਾਂ ਦੀ ਉਂਗਲ ਫੜ ਕੇ ਸਤਿਗੁਰਾਂ ਦੇ ਨਾਲ ਤੁਰਨਾ ਹੋਏਗਾ, ਜਿੱਧਰ ਸਤਿਗੁਰੂ ਤੋਰ ਕੇ ਲੈ ਜਾਣਗੇ, ਉਸ ਘਰ ਵਿੱਚ ਜਾਣਾ ਹੋਏਗਾ। ਉਹੀ ਸਤਿਗੁਰ ਸੁਜਾਣ ਹਨ ਜੋ–

**"ਘਰਿ ਮਹਿ ਘਰੁ ਦੇਖਾਇ ਦੇਇ"** (ਪੰਨਾ ੧੨੯੧)

ਪ੍ਰਤੀਤ ਲਈ ਦੂਸਰੀ ਗੱਲ ਇਹ ਜ਼ਰੂਰੀ ਹੈ ਕਿ ਸਾਨੂੰ ਇੱਕ ਨਿਸ਼ਚਾ ਕਰਨਾ ਹੋਏਗਾ ਕਿ ਮੇਰਾ ਪਿਤਾ ਪਰਮੇਸ਼ਰ ਹਰ ਸਮੇਂ ਹੀ ਮੇਰੇ ਅੰਗ ਸੰਗ ਹੈ। ਪਹਿਲੀ ਗੱਲ ਹੈ, ਰੱਬ ਦੀ ਹੋਂਦ ਨੂੰ ਮੰਨਣਾ ਕਿ ਰੱਬ ਹੈ। ਦੂਸਰੀ ਗੱਲ ਇਹ ਸਵੀਕਾਰਨੀ ਹੋਏਗੀ ਕਿ ਪਿਤਾ ਮੇਰੇ ਅੰਗ ਸੰਗ ਹੈ। ਜਦੋਂ ਕੋਈ ਬੱਚਾ ਆਪਣੇ ਪਿਤਾ ਦੀ ਉਂਗਲੀ ਫੜ ਕੇ ਤੁਰਦਾ ਹੈ, ਉਸ ਬੱਚੇ ਵਿਚ ਨਿਡਰਤਾ ਹੁੰਦੀ ਹੈ, ਕਿਉਂਕਿ ਪਿਉ ਮੇਰੇ ਨਾਲ ਹੈ, ਮੇਰਾ ਕੋਈ ਕੁੱਝ ਨਹੀਂ ਵਿਗਾੜ ਸਕਦਾ। ਬੱਚੇ ਦੇ ਅੰਦਰੋਂ ਕੰਮ ਕਰਨ ਦਾ ਉਤਸ਼ਾਹ ਜਾਗਦਾ ਹੈ ਕਿਉਂਕਿ ਮਨ ਵਿਚ ਹੈ, "ਪਿਓ ਮੇਰੇ ਨਾਲ ਹੈ।" ਜੇ ਇੱਕ ਪਿਤਾ ਦੇ ਨਾਲ ਹੁੰਦਿਆਂ ਬੱਚੇ ਨੂੰ ਉਤਸ਼ਾਹ ਭੀ ਮਿਲੇ, ਨਿਡਰਤਾ ਭੀ ਆਵੇ, ਹਿੰਮਤ ਭੀ ਆਵੇ ਤਾਂ ਗਲ ਸਮਝ ਆਉਂਦੀ ਹੈ, ਕਦੇ ਬੱਚਾ ਇਕੱਲਾ ਤੁਰੇ ਉਸ ਵਿਚ ਹਿੰਮਤ ਨਹੀਂ ਆ ਸਕਦੀ। ਇਸੇ ਤਰ੍ਹਾਂ ਪ੍ਰਤੀਤ ਰੱਖਣ ਵਾਲਾ ਹਰ ਸਮੇਂ ਵਾਹਿਗੁਰੂ ਦੀ ਹਾਜ਼ਰੀ ਨੂੰ ਮੰਨੇ ਕਿ "**ਗੁਰੁ ਮੇਰੈ ਸੰਗਿ ਸਦਾ ਹੈ ਨਾਲੇ**" (ਪੰਨਾ ੩੯੪)।

ਉਸਦੀ ਹਾਜ਼ਰੀ ਨੂੰ ਮੰਨੇ ਕਿ ਪਿਤਾ ਮੇਰੇ ਨਾਲ ਹੈ ਮੇਰੇ ਨਾਲ ਹੀ ਰਹਿੰਦਾ ਹੈ, ਗੁਰੂ ਮੇਰੇ ਨਾਲ ਏ,। ਸੱਚਮੁੱਚ ਜਿਹੜਾ ਹਰ ਸਮੇਂ ਗੁਰੂ, ਪਰਮੇਸ਼ਰ ਦੀ ਹਜ਼ੂਰੀ ਵਿੱਚ ਰਹੇਗਾ ਉਸਦੇ ਅੰਦਰ ਹਿੰਮਤ ਆਏਗੀ, ਨਿਡਰਤਾ ਆਏਗੀ, ਉਸਦੇ ਅੰਦਰੋਂ ਹੀ ਉਤਸ਼ਾਹ ਪੈਦਾ ਹੋਵੇਗਾ। ਕਿਸ ਲਈ ਉਤਸ਼ਾਹ ਪੈਦਾ ਹੋਵੇਗਾ ? ਇਸ ਲਈ ਕਿ '**ਗੋਬਿੰਦ ਮਿਲਣ ਕੀ ਏਹ ਤੇਰੀ ਬਰੀਆ**' ਗੋਬਿੰਦ



www.AKJ.Org

ਲਈ ਉਤਸਾਹ ਪੈਦਾ ਹੁੰਦਾ ਹੈ। ਨਹੀਂ ਤਾਂ ਅਸੀਂ ਬਾਰ ਬਾਰ ਸੁਣਦੇ ਰਹਿੰਦੇ ਹਾਂ '**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।**' ਇਹ ਭੀ ਸਾਨੂੰ ਪਤਾ ਹੈ, ਵਾਰੀ ਇਹੋ ਹੀ ਹੈ। ਇਹ ਭੀ ਪਤਾ ਹੈ ਕਿ ਇਹ ਵਾਰੀ ਦੁਬਾਰਾ ਨਹੀਂ ਮਿਲਣੀ। ਕੀ ਸਾਡੇ ਸਿਰਫ਼ ਬਾਰ ਬਾਰ ਪੜ੍ਹਨ ਨਾਲ ਇਹ ਵਾਰੀ ਲਾਹੇਬੰਦੀ ਹੋ ਜਾਵੇਗੀ ? ਕੀ ਕੇਵਲ ਪੜ੍ਹੀ ਜਾਈਏ, ਪੜ੍ਹੀ ਜਾਈਏ ਤਾਂ ਗੋਬਿੰਦ ਦੀ ਪ੍ਰਾਪਤੀ ਹੋ ਜਾਵੇਗੀ ? ਨਹੀਂ ਹੋਵੇਗੀ, ਉਸ ਦੀ ਪ੍ਰਾਪਤੀ ਲਈ ਉਸਦੀ ਹਜ਼ੂਰੀ ਨੂੰ ਮੰਨਣਾ ਹੋਏਗਾ।

ਤੀਸਰੀ ਗੱਲ ਇਹ ਹੈ ਕਿ ਜਿਸ ਦੀ ਉਂਗਲ ਫੜ ਲਈ ਹੈ, ਉਸ ਨਾਲ ਤੁਰ ਪਏ, ਕੋਈ ਪੁੱਛੇ ਇਹ ਤੇਰੇ ਨਾਲ ਕੌਣ ਹੈ ? ਅਸੀਂ ਕਹਾਂਗੇ ਸਾਡਾ ਪਿਤਾ ਹੈ। ਹੁਣ ਪਿਤਾ ਦੇ ਵਿਚ ਜੋ ਗੁਣ ਹਨ ਤਾਂ ਪਿਤਾ ਨਾਲ ਤੁਰ ਕੇ ਉਨ੍ਹਾਂ ਗੁਣਾਂ ਅਨੁਸਾਰ ਹੀ ਆਪਣੇ ਆਪ ਨੂੰ ਸੁਆਰਨਾ ਹੋਵੇਗਾ। ਨਹੀਂ ਤਾਂ ਕਲ੍ਹ ਨੂੰ ਕੋਈ ਇਹ ਨਾ ਕਹੇ ਕਿ ਪਿਤਾ ਵਿਚ ਇਹ ਗੁਣ ਹਨ ਤੇ ਪੁੱਤਰ ਵਿਚ ਇਹ ਔਗੁਣ ਹਨ, ਫਿਰ ਗੱਲ ਨਹੀਂ ਬਣੇਗੀ। ਜੈਸੇ ਬੰਦੇ ਨਾਲ ਤੁਰੀਏ ਉਸ ਦੀ ਸ਼ਾਨ ਵੱਲ ਭੀ ਵੇਖੀਏ, ਕਿਤੇ ਐਸਾ ਨਾ ਹੋਵੇ ਜਿਸ ਨਾਲ ਮੈਂ ਤੁਰ ਰਿਹਾ ਹਾਂ ਉਸਦੀ ਸ਼ਾਨ ਵਿਚ ਕੋਈ ਫਰਕ ਨਾ ਪੈ ਜਾਏ। ਜਿਸ ਪਿਤਾ ਨਾਲ ਮੈਂ ਤੁਰ ਰਿਹਾ ਹਾਂ, ਕਿਤੇ ਮੇਰੇ ਕੋਲੋਂ ਕੋਈ ਐਸਾ ਕਰਮ ਨਾ ਹੋ ਜਾਏ ਕਿ ਉਸ ਦੇ ਸਤਿਕਾਰ ਵਿਚ ਕੋਈ ਫਰਕ ਨਾ ਪੈ ਜਾਏ। ਜੇ ਪਿਤਾ ਨਾਲ ਤੁਰ ਕੇ ਉਸ ਦਾ ਸਤਿਕਾਰ ਕਾਇਮ ਰੱਖੀਦਾ ਹੈ, ਉਹ ਗੁਣ ਗ੍ਰਹਿਣ ਕਰੀਦੇ ਹਨ ਜੋ ਪਿਤਾ ਦੇ ਹਨ, ਤਾਂ ਜੋ ਸਾਹਿਬ ਨਾਲ ਤੁਰਦਾ ਹੈ ਫਿਰ ਉਹ ਗੁਣ ਗ੍ਰਹਿਣ ਕਰੀਦੇ ਹਨ ਜੋ ਸਾਹਿਬ ਦੇ ਹਨ। ਨਿਰਭਉ ਦੇ, ਨਿਰਵੈਰ ਦੇ, ਪਿਆਰ ਦੇ, ਦਇਆ ਦੇ, ਸੰਤੋਖ ਦੇ, ਧਰਮ ਦੇ, ਧੀਰਜ ਦੇ ਗੁਣ ਗ੍ਰਹਿਣ ਕਰਨੇ ਪੈਣਗੇ। ਕਿਤੇ ਐਸਾ ਨਾ ਹੋਵੇ ਤੁਰਨ ਵਾਲਾ ਤੁਰੀ ਜਾਵੇ ਪਰ ਕੰਮ ਕਰੇ ਪੁੱਠੇ, ਕਰਮ ਕਰੇ ਮਾੜੇ ਤਾਂ ... ਕੀ ਕੀ ਕਹਿਣਗੇ ਕਿ ਰੱਬ ਨੂੰ ਮੰਨਣ ਵਾਲਾ ਕੀ ਕਰ ਰਿਹਾ ਹੈ ? ਮੈਂ ਗੁਰੂ ਕਾ ਸਿੱਖ ਹਾਂ ਪਰ ਸ਼ਰਾਬ ਦੇ ਨਸ਼ੇ ਵਿਚ ਸੜਕ ... ਡਿੱਗਾ ਪਿਆ ਹੈ। ਇਹ ਕਹਿੰਦਾ ਹੈ ਕਿ ਮੈਂ ਗੁਰੂ ... ਗ੍ਰੰਥ ਸਾਹਿਬ ਦਾ ਸਿੱਖ ਹਾਂ ਪਰ ਇਸ ਨੇ ਅਮ... ਖਾ ... ਕੇ ਆਪਣਾ ਜੀਵਨ ਕਿਉਂ ਬਰਬਾਦ ਕੀਤਾ ਹੋ ਇਸ ... ? ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲਾ ਕਹੇ ਕਿ ਮੈਂ ਸਿੱਖ ... ਹਾਂ, ਗੁਰਦੁਆਰੇ ਜਾਂਦਾ ਹਾਂ ਫਿਰ ਇਹ ਵਿਕਾਰੀਅ... ਦੇ ... ਤੇ ਕਿਉਂ ਖਤੇਤਾ ਹੋਇਐ ? ਕਦੇ ਸਿੱਖ ਅੰਦਰੋਂ ... ਮਾਰ... ਕਿ ਉਸਦਾ ਇਕ ਗਲਤ ਕਦਮ ਪੁੱਟਿਆ ਹੋਇਆ ਉਸਨੂੰ ਸਾਹਿਬ ਤੋਂ ਕਿਤਨਾ ਦੂਰ ਕਰ ਦੇਵੇਗਾ ? ਮੇਰੀ ਇੱਕ ਗਲਤ ਸੋਚ ਮੈਨੂੰ ਸਾਹਿਬ ਦੀ ਸੋਚ ਤੋਂ ਕਿਤਨਾ ਦੂਰ ਕਰ ਦੇਵੇਗੀ। ਮੇਰੇ ਜੀਵਨ ਦੀ ਇਕ ਮਾੜੀ ਘਟਨਾ ਕਰਕੇ ਜਿਹੜੇ ਲੋਕ ਮੈਨੂੰ ਪਹਿਲਾਂ ਰੱਬ ਦਾ ਬੰਦਾ ਕਹਿੰਦੇ ਸੀ ਹੁਣ ਉਹੋ ਲੋਕ ਮੈਨੂੰ ਫਿਟਕਾਰਦੇ ਹਨ। ਹੇ ਬੰਦੇ! ਜੇ ਤੂੰ ਰੱਬ ਦੇ ਗੁਣ ਗ੍ਰਹਿਣ ਨਹੀਂ ਕੀਤੇ, ਤੂੰ ਔਗੁਣਾਂ ਵਿਚ ਫਸ ਗਿਆ ਹੈਂ ਤਾਂ ਸਾਹਿਬ ਦਾ ਇਹ ਸ਼ਬਦ ਕਦੇ ਨਾ ਭੁੱਲੀਂ –

> **ਓਇ ਅਗੀ ਕੁਸਟੀ ਗੁਰ ਕੇ ਫਿਟਕੇ,**
> **ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ॥**
> **ਹਰਿ ਤਿਨ ਕਾ ਦਰਸਨੁ ਨ ਕਰਹੁ,**
> **ਜੋ ਦੂਜੈ ਭਾਇ ਚਿਤੁ ਲਾਹੀ॥** (ਪੰਨਾ ੩੦੯)

ਪਰਮੇਸ਼ਰ ਤੋਂ ਟੁੱਟਦੇ ਬੰਦੇ ਤਾਂ ਕੋਹੜੀ ਹਨ, ਗੁਰੂ ਦੇ ਫਿਟਕਾਰੇ ਹੋਏ ਤਾਂ ਕੋਹੜੀ ਹਨ, ਪਾਰਬ੍ਰਹਮ ਦੇ ਫਿਟਕਾਰੇ ਹੋਏ ਤਾਂ ਕੋਹੜੀ ਹਨ।

ਤੀਸਰੀ ਗੱਲ ਇਹ ਹੈ ਕਿ ਜਿਸ ਨਾਲ ਅਸੀਂ ਤੁਰ ਰਹੇ ਹਾਂ ਜਿਸਦੀ ਹਜ਼ੂਰੀ ਨੂੰ ਮੰਨ ਬੈਠੇ ਹਾਂ ਉਸਦਾ ਵਰਤਾਰਾ ਕੈਸਾ ਹੈ ? ਉਸਦੇ ਵਰਤਾਰੇ ਵਾਂਗੂੰ ਆਪਣਾ ਵਰਤਾਰਾ ਵੀ ਬਣਾਉਣਾ ਪਵੇਗਾ। 'ਊਭੀ ਸੇਵ ਕਰੇਇ' ਭਾਵ ਸਾਵਧਾਨ ਹੋ ਕੇ ਸੇਵਾ ਕਰਨੀ ਹੈ। ● ● ● ● ●

## ਦੇਹਧਾਰੀ ਗੁਰੂ – ਡੰਮ

ਧਾਰਮਿਕ ਖੇਤਰ ਵਿੱਚ ਸਤਿਗੁਰੂ, ਗੁਰੂ ਤੇ ਗਿਆਨ ਦੀ ਅਕਸਰ ਬੜੀ ਚਰਚਾ ਹੁੰਦੀ ਹੈ। ਥਾਂ ਪਰ ਥਾਂ ਗੁਰੂ-ਡੰਮ ਦੇ ਅਨੇਕ ਅੱਡੇ ਕਾਇਮ ਹਨ। ਹਰ ਇੱਕ ਅੱਡੇ ਦਾ ਮਾਲਕ ਆਪਣੇ ਆਪ ਨੂੰ ਰੱਬ ਤੱਕ ਪਹੁੰਚਿਆ ਹੋਇਆ ਦਸ ਕੇ ਭੋਲੀ ਭਾਲੀ ਲੋਕਾਈ ਨੂੰ ਆਪਣੇ ਮਗਰ ਲਗਾਈ ਫਿਰਦਾ ਹੈ। ਗੁਰੂਆਂ ਦੀ ਇਤਨੀ ਭਰਮਾਰ ਹੈ ਕਿ ਆਮ ਸ਼ਰਧਾਲੂ ਨੂੰ ਇਹ ਸਮਝ ਨਹੀਂ ਪੈਂਦੀ ਕਿ ਉਹ ਕਿਸ ਨੂੰ ਅਸਲੀ ਤੇ ਕਿਸ ਨੂੰ ਨਕਲੀ ਗੁਰੂ ਸਮਝੇ ਅਤੇ ਕਿਸ ਦੇ ਪਿੱਛੇ ਲੱਗ ਕੇ ਆਪਣਾ ਜੀਵਨ ਸੁਧਾਰੇ। ਇਹ ਅਖੌਤੀ ਗੁਰੂ, ਗਿਆਨ ਦੀ ਚਰਚਾ ਤਾਂ ਬਹੁਤ ਕਰਦੇ ਹਨ ਪਰ ਕਦੇ ਕਿਸੇ ਨੇ ਗਿਆਨ ਦੀ ਕੋਈ ਵਿਆਖਿਆ ਨਹੀਂ ਕੀਤੀ, ਨਾਂ ਹੀ ਸਿੱਧੇ ਸਾਦੇ ਸ਼ਰਧਾਲੂਆਂ ਨੇ ਇਹ ਜਾਨਣ ਦੀ ਕੋਸ਼ਿਸ਼ ਕੀਤੀ ਹੈ ਕਿ ਉਨ੍ਹਾਂ ਦੇ ਅਖੌਤੀ ਗੁਰੂ ਉਨ੍ਹਾਂ ਨੂੰ ਕਿਸ ਕਿਸਮ ਦੇ ਗਿਆਨ ਦੀ ਦਾਤ ਬਖਸ਼ਣਗੇ। ਉਹ ਸ਼ਰਧਾ ਅਤੇ ਵਿਸ਼ਵਾਸ਼ ਦੇ ਆਸਰੇ ਹੀ ਇਨ੍ਹਾਂ ਅਖੌਤੀ ਗੁਰੂਆਂ ਦਾ ਪੱਲਾ ਫੜੀ ਤੁਰੀ ਜਾਂਦੇ ਹਨ।

(ਸੂਬੇਦਾਰ ਧਰਮ ਸਿੰਘ ਸੁੱਜੋਂ)



www.AKJ.Org

## LIFE DEDICATION TO GOD

(S. Jaspinder Singh Canada)

### AWARENESS:

Man is the crown of God's creation. The possibilities of human life are immense. Such is the scope of faculties, to perform, and disceming intellect. Sikhism, as the complete life system, teaches us to remain in the world as house holders and yet keep our vision on the objective of God-Realization. In attaining this objective, we carefully remain spiritually free from worldly attachments even while performing our duties most conscientiously.

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ।।
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ।।੨੧੩।।

(ਪੰਨਾ ੧੩੭੬)

Say Nam Dev Ji to his friend Tirlochan, keep uttering the Divine Word with thy tongue, While the hands and feet engage in routine activity, keep the mind fixed on the Lord, Ever-so-Pure.

### LIFE DEDICATION :

The dedication to the chief objective in the words of Bhagat Ravi Das Ji is complete.

ਬਹੁਤ ਜਨਮ ਬਿਛੁਰੇ ਥੇ ਮਾਧਉ
ਇਹੁ ਜਨਮੁ ਤੁਮਾਰੇ ਲੇਖੇ।।
ਕਹਿ ਰਵਿਦਾਸ ਆਸ ਲਗਿ ਜੀਵਉ
ਚਿਰ ਭਇਓ ਦਰਸਨੁ ਦੇਖੇ।।੨।।੧।।

(ਪੰਨਾ ੬੯੪)

Bhagat Ravi Das Ji Says, that I have been devoid of God-Realization for a long long time during cycles of births and deaths. Now this life is fully dedicated to The Lord. After this long wait, I live with the hope to accomplish my life's mission.

### DIVINE BECKONING :

Thus it is for an individual to pay heed to the clarion call of Gurbani and take a determined plunge into Gursikhi. Great is the promise of a rich harvest in return for a true devotion. Never is a person known to have regretted after making spiritual endeavour. The brotherhood of tressknots, the Khalsa of Guru Gobind Singh, seek the universal good and remain in high spirits. enjoying the best of this world and here-after. Can there be a better welcome for those, who may dare ?

ਕਬਿੱਤ ਭਾਈ ਗੁਰਦਾਸ ਜੀ
ਚਰਨ ਸਰਨ ਗੁਰ ਏਕ ਪੈਡਾ ਜਾਇ ਚਲ ਸਤਿਗੁਰੁ
ਕੋਟ ਪੈਡਾ ਆਗੇ ਹੋਇ ਲੇਤ ਹੈ।।.... (ਪੰਨਾ ੧੧੧)

A single step to seek the shelter of the Guru and the Guru advances millions of steps to recieve the devotee, says Bhai Gurdas Ji.

The enjoyment of uttering Divine Word, obtained from the Guru, is immense and without a worldly comparison.

ਰਾਮਕਲੀ ਮਹਲਾ ੩ ਅਨੰਦੁ
ਏ ਰਸਨਾ ਤੂ ਅਨਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ।।
ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ।।
ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ
ਲਾਗੈ ਆਇ।।...।।੩੨।।

O, My tongue , thou are engrossed in the worldly pleasures and remain ever insatiable. This insatiability will go only when thou find the enjoyment Divine Word. Thus engaged in the blissful activity of Naam Simran, recitation, thou shall be freed of any more desires...(32)

Finally it will be a continuous bliss and ecstasy of mind. The devotee living a dedicated life is feeling the Gur Mantar on his lips.

ਮਾਝ ਮਹਲਾ ੫ (੯੮—੯੯)
ਦੁਖੁ ਤਦੇ ਜਾ ਵਿਸਰਿ ਜਾਵੈ।।
ਭੁਖ ਵਿਆਪੈ ਬਹੁ ਬਿਧਿ ਧਾਵੈ।।
ਸਿਮਰਤ ਨਾਮੁ ਸਦਾ ਸੁਹੇਲਾ
ਜਿਸੁ ਦੇਵੈ ਦੀਨ ਦਇਆਲਾ ਜੀਉ।।੧।।...

One feels pain and suffering only when his mind away from God. Thus drifting from God-love to love for worldiness, he runs around in pursuit of insataible desires. Contemplation of Naam is pure Bliss. This itself is gift of the Lord due to His Grace.

### STATE OF BLISS :

Here is the miracle wrought by the Guru for the benefit of a Sikh, a true devotee, who gives his all to the Guru as a humble offering and lives under Divine Wisdom.

ਸੋਰਠਿ ਮਹਲਾ ੫
ਜਿਨਾ ਬਾਤ ਕੋ ਬਹੁਤੁ ਅੰਦੇਸਰੋ ਤੇ ਮਿਟੇ ਸਭਿ
ਗਇਆ।। ਸਹਜ ਸੈਨ ਅਰੁ ਸੁਖਮਨ ਨਾਰੀ ਊਧ ਕਮਲ
ਬਿਗਸਇਆ।।੧।। ਦੇਖਹੁ ਅਚਰਜੁ ਭਇਆ।। ਜਿਹ



www.AKJ.Org

ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ।। ਰਹਾਉ।। ਜੋਇ ਦੂਤਿ ਮੋਹਿ ਬਹੁਤੁ ਸੰਤਾਵਤ ਤੇ ਭਇਆਨਕ ਭਇਆ।। ਕਰਹਿ ਬੇਨਤੀ ਰਾਖੁ ਠਾਕੁਰ ਤੇ ਹਮ ਤੇਰੀ ਸਰਨਾਇਆ।।੨।। ਜਹ ਭੰਡਾਰੁ ਗੋਬਿੰਦ ਕਾ ਖੁਲਿਆ ਜਿਹ ਪ੍ਰਾਪਤਿ ਤਿਹ ਲਇਆ।। ਏਕੁ ਰਤਨੁ ਮੋ ਕਉ ਗੁਰਿ ਦੀਨਾ ਮੇਰਾ ਮਨੁ ਤਨੁ ਸੀਤਲੁ ਥਿਆ।।੩।। ਏਕ ਬੂੰਦ ਗੁਰਿ ਅੰਮ੍ਰਿਤ ਦੀਨੋ ਤਾ ਅਟਲੁ ਅਮਰੁ ਨ ਮੂਆ।। ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ।।੪।।੩।।੧੪।।

Look ! A Miracle has been wrought. The Lord, that was said to be unapproachable and beyond comprehension, now dwells in my heart with the Guru's Grace Pause.

All my worries have been banjshed. I now enjoy equipoise, complete control over self and my mind has blossomed forth in bliss -1

The evils, like lust, anger, attachment, greed and self ego, that used to torment me so much, are now scared of me. Even they pray to be saved from the wrath of my Lord -2

Divine Treasure is thrown open, for the benefit of divinely destined persons. The most precious Jewel (Naam) has been bestowed on me by the Guru and my body and mind are in ecstatic bliss.-3

Blessed with a drop of Nectar from the Guru, I have attained eternal immortality. The Guru having bestowed the treasure of Divine devotion on Nanak, has set aside, all accounting of the past misdeeds and sins. 4.3.14.

Choosing God-love rather than worldliness is the true objective of human life. This involves complete surrender to the Divine will. God-realization is not earned through merit, but is bestowed by the Lord's Grace. Nevertheless mere contemplation and surrender keep one in ecstatic state, to get inebriated with the intoxicant of God's love. Miraculous is the change felt in the life of a devotee on receiving Divine Grace. ❁ ❁ ❁ ❁ ❁

# ਬਿਨਾ ਗੁਰਮਤਿ ਦੇ ਕੋਈ ਗਾਡੀ ਰਾਹ ਨਹੀਂ

(ਗਿਆਨੀ ਗੁਪਾਲ ਸਿੰਘ ਮਿੱਤਰ)

ਵਿਕਾਰਾਂ ਦੀ ਦੁਨੀਆਂ ਵਿਚ ਵਿਚਰਦੇ ਮਨੁੱਖ ! ਤੈਨੂੰ ਮੰਜ਼ਲ ਦਾ ਚੇਤਾ ਹੀ ਨਹੀਂ।
ਚੜ੍ਹ ਕੇ ਵਿਸ਼ਿਆਂ ਦੀ ਬੇੜੀ ਤੇ ਕਿਉਂ ਠਿੱਲ੍ਹ ਪਿਐਂ, ਤੈਨੂੰ ਲਹਿਰਾਂ ਦਾ ਸੱਜਣਾਂ ਪਤਾ ਹੀ ਨਹੀਂ।
ਤੂੰ ਨਹੀਂ ਵੇਖੀਆਂ ਪਿੰਜਰਿਆਂ ਵਿਚ ਪਈਆਂ ਯਾਦ ਕਰ ਕਰ ਵਕਤ ਰੋਂਦੀਆਂ ਬੁਲਬੁਲਾਂ।
ਲੋਭ ਚੋਗੇ ਦਾ ਪਾ ਕੇ ਤੇ ਸੱਯਾਦ ਨੇ ਫੁੰਡ ਲਈਆਂ, ਕੋਈ ਨਿਕਲਣ ਦੀ ਵਾਹ ਹੀ ਨਹੀਂ।
ਬਹਿਕੇ ਫੁੱਲਾਂ ਤੇ ਮਾਣੇ ਤੂੰ ਮਕਰੰਦ ਰਸ, ਇਹ ਨਾ ਜਾਣੇ ਕਿ ਹੈ ਵਿਸ਼ ਭਰਿਆ ਚਮਨ।
ਵਾੜ ਕੰਡਿਆਂ ਦੀ ਵਲੇਆ ਏ ਵਲਗਣ, ਇਹ ਦਾ ਲੱਭਦਾ ਕੋਈ ਨਿਕਲਣ ਦਾ ਰਾਹ ਨਹੀਂ।
ਵੜ ਕੇ ਕੱਜਲ ਦੀ ਕੋਠੀ 'ਚ ਨਿਰਮਲ ਰਹੇਂ, ਮੰਨ ਸਕਦੀ ਨਹੀਂ ਇਹ ਕਦੀ ਕਲਪਨਾ।
ਖੜ੍ਹਾ ਹੋ ਕੇ ਸਮੁੰਦਰ ਕਿਨਾਰੇ, ਕਹੇਂ ਲੱਗਣੀ ਇਸ ਕੰਧੀ ਨੂੰ ਢਾਹ ਹੀ ਨਹੀਂ।
ਹੀਰੇ ਵਣਜੇ ਨਾ, ਕੌਡਾਂ ਦੇ ਥੈਲੇ ਭਰੀ, ਖੱਟੀ ਖੱਟੀ ਨਾ ਕੁੱਝ, ਆਯੂ ਐਵੇਂ ਗਈ।
ਲੇਖਾ ਦੇਣਾ ਸੁਹੇਲਾ ਕਿਵੇਂ ਹੋਵਸੀ, ਉਥੇ ਬੋਲਣ ਦਾ ਤਾਂ ਕੋਈ ਜਾਹ ਹੀ ਨਹੀਂ।
ਇਹ ਪਗਡੰਡੀ ਜਾਂਦੀ ਰਸਾਤਲ ਨੂੰ ਹੈ, ਏਸ ਰਾਹ ਤੇ ਤੁਰੇਂ, ਤੈਨੂੰ ਕਿਸ ਆਖਿਐ।
ਪੁੱਛ ਪੰਧਾਊਆਂ ਤੋਂ 'ਮਿੱਤਰ' ਉਹ ਦਸ ਦੇਣਗੇ, ਬਿਨਾ ਗੁਰਮਤ ਦੇ ਕੋਈ ਗਾਡੀ ਰਾਹ ਨਹੀਂ।

❁ ❁ ❁ ❁ ❁



www.AKJ.Org

# ਗੁਰੂ ਮਾਨਿਓ ਗ੍ਰੰਥ

(ਡਾ. ਕੁਲਦੀਪ ਕੌਰ 'ਮੋਹਾਲੀ')

ਸਿੱਖ ਧਰਮ ਹਰ ਪੱਖ ਤੋਂ ਵਿਲੱਖਣ ਹੈ। ਗ੍ਰੰਥ ਤਾਂ ਸਾਰੇ ਧਰਮਾਂ ਦੇ ਹਨ ਪਰ **'ਆਦਿ ਗ੍ਰੰਥ'** ਜਿਸਨੂੰ *'ਪੋਥਾ ਸਾਹਿਬ'* ਅਤੇ **'ਪੋਥੀ ਪਰਮੇਸਰ ਕਾ ਥਾਨੁ'** ਕਹਿ ਕੇ ਸਤਿਕਾਰਿਆ ਅਤੇ ਸਨਮਾਨਿਆ ਜਾਂਦਾ ਸੀ, ਸਿੱਖਾਂ ਲਈ *'ਗੁਰੂ ਗ੍ਰੰਥ'* ਅਥਵਾ **'ਸ੍ਰੀ ਗੁਰੂ ਗ੍ਰੰਥ ਸਾਹਿਬ'** ਦੇ ਰੂਪ ਵਿਚ ਗੁਰਗੱਦੀ ਉੱਤੇ ਸੁਸ਼ੋਭਿਤ ਹੋਇਆ। ਕਿਸੇ ਹੋਰ ਧਰਮ ਦੇ ਆਗੂ ਨੇ ਆਪਣਾ ਸੰਦੇਸ਼ ਆਪਣੀ ਕਲਮ ਨਾਲ ਲਿਖ ਕੇ ਆਪਣੇ ਅਨੁਯਾਈਆਂ ਲਈ ਸੰਭਾਲ ਕੇ ਨਹੀਂ ਰੱਖਿਆ। ਬਹੁਤ ਸਾਰੇ ਧਰਮਾਂ ਬਾਰੇ ਖੋਜ ਕਰਨ ਵਾਲੇ ਪ੍ਰਸਿੱਧ ਵਿਦਵਾਨ ਮੈਕਲਿਫ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੰਭੀਰ ਅਧਿਐਨ ਉਪਰੰਤ ਪੂਰਨ ਨਿਸ਼ਚੇ ਨਾਲ ਆਖਿਆ ਸੀ ਕਿ *"ਕਿਸੇ ਧਰਮ ਦੇ ਆਗੂ ਨੇ ਆਪਣੇ ਸਿਧਾਂਤ ਆਪ ਨਹੀਂ ਲਿਖੇ। ਫੀਸਾ ਗੋਰਸ, ਸੁਕਰਾਤ, ਕਨਫਿਊਸ਼ੀਅਸ, ਮਹਾਤਮਾ ਬੁੱਧ, ਈਸਾ, ਹਜ਼ਰਤ ਮੁਹੰਮਦ ਆਦਿ ਕਿਸੇ ਨੇ ਵੀ ਆਪਣਾ ਸੰਦੇਸ਼ ਆਪਣੀ ਕਲਮ ਨਾਲ ਨਹੀਂ ਲਿਖਿਆ।"* ਉਹਨਾਂ ਉਪਦੇਸ਼ਾਂ ਨੂੰ ਉਹਨਾਂ ਦੇ ਪੈਰੋਕਾਰਾਂ ਨੂੰ ਸ਼ਰਧਾ ਭਾਵਨਾ ਤੇ ਆਪਣੀ ਸਮਰਪਣ ਸ਼ਕਤੀ ਦੁਆਰਾ ਕਲਮ ਬੱਧ ਕੀਤਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲਿਆਂ। ਅਜਿਹਾ ਹੋਣ ਨਾਲ ਸੰਬੰਧਿਤ ਗ੍ਰੰਥਾਂ ਵਿਚ ਲੇਖਕਾਂ ਦੀ ਮਾਨਸਿਕ, ਆਤਮਿਕ ਤੇ ਬੌਧਿਕ ਸਮਰਥਾ ਅਤੇ ਦ੍ਰਿਸ਼ਟੀਕੋਣ ਅਨੁਸਾਰ ਮੂਲ ਸਿਧਾਂਤਾ ਨਾਲੋਂ ਅੰਤਰ ਆਉਣਾ ਸੁਭਾਵਿਕ ਹੀ ਸੀ। ਸੰਸਾਰ ਵਿਚ ਇੱਕ ਗ੍ਰੰਥ ਹੈ ਜਿਸ ਵਿਚ ਹਰੇਕ ਬਾਣੀ ਰਚੇਤਾ ਦੀ ਆਪਣੀ ਲਿਖਤ ਆਪਣੇ ਪ੍ਰਮਾਣਿਕ ਸਰੂਪ ਵਿਚ ਅੰਕਿਤ ਕੀਤੀ ਮਿਲਦੀ ਹੈ। ਉਹ ਗ੍ਰੰਥ ਹੈ ਸਿੱਖਾਂ ਦਾ **"ਸ੍ਰੀ ਗੁਰੂ ਗ੍ਰੰਥ ਸਾਹਿਬ"**. ਜੋ ਗੁਰਗੱਦੀ ਉੱਤੇ ਜੁਗੋ ਜੁਗ ਅਟੱਲ ਗੁਰੂ ਦੇ ਰੂਪ ਵਿਚ ਸੁਸ਼ੋਭਿਤ ਹੈ।

ਇਸ ਗ੍ਰੰਥ ਦਾ ਸਰੂਪ ਵੀ ਵਿਲੱਖਣ ਹੈ। ਇਹ ਕਿਸੇ ਦੇਸ਼, ਕੌਮ, ਧਰਮ, ਭਾਸ਼ਾ ਆਦਿ ਦੀ ਸੀਮਾ ਵਿਚ ਬੱਝਿਆ ਹੋਇਆ ਨਹੀਂ। ਇਸ ਵਿਚ ਜੋ ਗੁਰ ਵਿਅਕਤੀਆਂ ਦੀ ਬਾਣੀ ਅੰਕਿਤ ਹੈ ਤਾਂ ਭਾਰਤ ਦੇ ਵਿਭਿੰਨ ਪ੍ਰਦੇਸ਼ਾਂ ਨਾਲ ਸੰਬੰਧਤ ਪੰਦਰਾਂ ਭਗਤਾਂ ਜਿਨ੍ਹਾਂ ਵਿਚ ਇਕ ਸੂਫ਼ੀ ਫਕੀਰ ਬਾਬਾ ਫਰੀਦ ਵੀ ਸ਼ਾਮਿਲ ਹੈ, ਯੋਗ ਸਥਾਨ ਪ੍ਰਾਪਤ ਹੋਇਆ ਹੈ। ਇਨ੍ਹਾਂ ਤੋਂ ਛੁੱਟ ਗੁਰ ਉਸਤਤੀ ਗਾਉਣ ਵਾਲੇ ਪੰਦਰਾਂ ਭੱਟਾਂ, ਗੁਰੂ ਘਰ ਦੇ ਕੀਰਤਨੀਏ ਸੱਤਾ ਬਲਵੰਡ ਅਤੇ ਬਾਬਾ ਸੁੰਦਰ ਜੀ ਦੀ ਬਾਣੀ ਵੀ ਸ਼ਾਮਿਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇਸ਼ ਕਾਲ ਦੀ ਹੱਦ ਤੋਂ ਪਰੇ ਹੈ। ਬਾਰ੍ਹਵੀਂ ਸਦੀ ਤੋਂ ਲੈ ਕੇ ਸਤਾਰ੍ਹਵੀਂ ਸਦੀ ਤੱਕ ਦੀ ਰਚਨਾ ਇਸ ਵਿਚ ਸ਼ਾਮਿਲ ਹੈ। ਬਾਰ੍ਹਵੀਂ ਸਦੀ ਦਾ ਬਾਬਾ ਫਰੀਦ ਪੰਜਾਬ ਦਾ ਮੁਸਲਮਾਨ ਸੂਫ਼ੀ ਫਕੀਰ ਹੈ ਤੇ ਭਗਤ ਜੈ ਦੇਵ ਦੱਖਣੀ ਬੰਗਾਲ ਦਾ ਹਿੰਦੂ ਹੈ। ਨਾਮਦੇਵ ਮਹਾਂਰਾਸ਼ਟਰ ਦਾ ਛੀਂਬਾ, ਰਾਮਾਨੰਦ ਉੱਤਰੀ, ਭਾਰਤ ਦਾ ਗੌੜ ਬ੍ਰਾਹਮਣ, ਬਨਾਰਸ ਵਾਸੀ ਰਵਿਦਾਸ ਚੁਮਾਰ ਅਤੇ ਕਬੀਰ ਜੁਲਾਹੇ ਦੇ ਦਰਸ਼ਨ ਇਸ ਗ੍ਰੰਥ ਵਿਚੋਂ ਹੋ ਜਾਂਦੇ ਹਨ। ਪੰਜ ਸਦੀਆਂ ਦੀ ਬਾਣੀ, ਜਿਨ੍ਹਾਂ ਦੇ ਰਚਨਹਾਰ ਭਿੰਨ ਭਿੰਨ ਪ੍ਰਾਂਤਾਂ ਨਾਲ ਸੰਬੰਧ ਰੱਖਦੇ ਹਨ, ਆਪਣੀਆਂ ਪ੍ਰਾਂਤਕ ਭਾਸ਼ਾਵਾਂ ਦਾ ਨਮੂਨਾ ਪੇਸ਼ ਕਰਦੇ ਹਨ। ਇਸ ਤਰ੍ਹਾਂ ਭਾਰਤੀ ਭਾਸ਼ਾਵਾਂ ਦੇ ਸਰੂਪ ਅਤੇ ਵਿਕਾਸ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ। ਗੁਰੂ ਸਾਹਿਬਾਂ ਨੇ ਵੀ ਸਰੋਤਿਆਂ ਨੂੰ ਦ੍ਰਿਸ਼ਟੀ ਵਿਚ ਰੱਖਦਿਆਂ ਹੋਇਆ ਅਤੇ ਵਿਸ਼ੇ ਦੇ ਅਨੁਕੂਲ ਬਹੁਪ੍ਰਕਾਰੀ ਭਾਸ਼ਾ ਦੀ ਵਰਤੋਂ ਕੀਤੀ ਹੈ। ਫਾਰਸੀ, ਸੰਸਕ੍ਰਿਤ, ਬ੍ਰਜ ਆਦਿ ਕਈ ਬੋਲੀਆਂ ਵਿਚ ਬਾਣੀ ਰਚੀ ਗਈ ਹੈ। ਇਸ ਪੱਖ ਤੋਂ ਇਹ ਗ੍ਰੰਥ ਭਾਸ਼ਾ ਵਿਗਿਆਨੀਆਂ ਲਈ ਅਨਮੋਲ ਖਜ਼ਾਨਾ ਸਿਧ ਹੁੰਦਾ ਹੈ। ਵਿਸ਼ੇ ਅਨੁਸਾਰ ਕਈ ਪ੍ਰਕਾਰ ਦੇ ਛੰਦਾਂ ਅਤੇ ਕਾਵਿ ਰੂਪਾਂ ਵਿਚ ਬਾਣੀ ਦੀ ਰਚਨਾ ਹੋਈ ਮਿਲਦੀ ਹੈ। ਰਾਗਾਂ ਦੀ ਮਹਾਨਤਾ ਨੂੰ ਵੀ ਦ੍ਰਿਸ਼ਟੀ ਵਿਚ ਰੱਖਿਆ ਗਿਆ ਹੈ। ਕੁੱਲ ਇਕੱਤੀ ਰਾਗਾਂ ਵਿਚ ਬਾਣੀ ਮਿਲਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉੱਨੀਂ ਰਾਗਾਂ ਵਿਚ ਬਾਣੀ ਰਚੀ, ਗੁਰੂ ਅਮਰਦਾਸ ਜੀ ਨੇ ਸਤਾਰਾਂ, ਗੁਰੂ ਰਾਮਦਾਸ ਜੀ ਨੇ ਤੀਹ, ਗੁਰੂ ਅਰਜਨ ਦੇਵ ਜੀ ਨੇ ਵੀ ਤੀਹ ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ ਹੈ। ਗੁਰੂ ਤੇਗ ਬਹਾਦਰ ਜੀ ਨੇ ਪੰਦਰਾਂ ਰਾਗਾਂ ਵਿਚ ਬਾਣੀ ਰਚੀ, ਰਾਗ ਜੈਜਾਵੰਤੀ ਵਿਚ ਕੇਵਲ ਗੁਰੂ ਤੇਗ ਬਹਾਦਰ ਜੀ ਨੇ ਹੀ ਰਚਨਾ ਕੀਤੀ। ਬਾਬਾ ਫਰੀਦ ਨੇ ਦੋ ਰਾਗਾਂ ਵਿਚ ਬਾਣੀ ਰਚੀ, ਭਗਤ ਕਬੀਰ ਜੀ ਨੇ ਅਠਾਰਾਂ, ਭਗਤ ਨਾਮਦੇਵ ਜੀ ਨੇ ਵੀ ਅਠਾਰਾਂ, ਭਗਤ ਰਵਿਦਾਸ ਨੇ ਸੋਲਾਂ ਰਾਗਾਂ ਵਿਚ ਬਾਣੀ ਰਚੀ। ਹੋਰ ਭਗਤਾਂ ਨੇ ਵੀ ਰਾਗਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ। ਰਾਗ ਰਹਿਤ ਬਾਣੀ ਵੀ ਕਾਫ਼ੀ ਹੈ। ਸਲੋਕ ਅਤੇ ਭੱਟਾਂ ਦੇ ਸਵੱਈਏ ਰਾਗਾਂ ਵਿਚ ਨਹੀਂ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ


www.AKJ.Org

ਸਾਹਿਬ ਦੀ ਸਥਾਪਨਾ ਕਰਨ ਸਮੇਂ ਰਾਗਾਂ ਨੂੰ ਪ੍ਰਮੁੱਖਤਾ ਦਿਤੀ ਹੈ। ਸਾਰੀ ਬਾਣੀ ਨੂੰ ਰਾਗਾਂ ਅਨੁਸਾਰ ਸੰਗ੍ਰਹਿਤ ਕੀਤਾ ਗਿਆ ਹੈ। ਸਾਰੀ ਬਾਣੀ ਦੀ ਵੰਡ ਰਾਗਾਂ ਅਨੁਸਾਰ ਕਰਦਿਆਂ ਹੋਇਆ, ਹਰੇਕ ਰਾਗ ਵਿਚ ਬਾਣੀਆਂ ਦੀ ਤਰਤੀਬ ਵਿਚ ਵੀ ਇਕਸਾਰਤਾ ਲਿਆਂਦੀ ਗਈ ਹੈ। ਪਦੇ, ਅਸ਼ਟਪਦੀਆਂ, ਵਿਸ਼ੇਸ਼ ਬਾਣੀਆ ਛੰਤ, ਵਾਰਾਂ ਅਤੇ ਫਿਰ ਭਗਤਾਂ ਦੀ ਬਾਣੀ ਨੂੰ ਦਰਜ ਕੀਤਾ ਗਿਆ ਹੈ। ਲੋਕਿ ਪ੍ਰਚਲਿਤ ਕਾਵਿ ਰੂਪਾਂ ਨੂੰ ਵੀ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਬਾਰਮਾਂਹ, ਘੋੜੀਆਂ, ਅਲਾਹਣੀਆ ਆਦਿ ਹਰਮਨ ਪਿਆਰੇ ਕਾਵਿ ਰੂਪਾਂ ਨੂੰ ਨਵੇਂ ਰੰਗ, ਨਵੇਂ ਰੂਪ ਅਤੇ ਨਵੇਂ ਆਦਰਸ਼ਾਂ ਨਾਲ ਸਮ੍ਰਿਧ ਕਰਕੇ ਖੁਸ਼ੀ ਗਮੀ ਦੇ ਮੌਕੇ ਗਾਏ ਜਾਂਦੇ ਨੀਵੇਂ ਪੱਧਰ ਦੇ ਗੀਤਾਂ ਦੀ ਥਾਂ ਉੱਚ ਅਧਿਆਤਮਕ ਵਿਚਾਰਾਂ ਵਾਲੇ ਗੀਤ ਜਨ ਸਾਧਾਰਣ ਦੇ ਸਨਮੁੱਖ ਰੱਖੇ ਗਏ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਲਗ ਭਗ ਉਹ ਸਾਰੇ ਰਸ ਉਪਜਾਉਣ ਦੀ ਸਮਰਥਾ ਰੱਖਦੀ ਹੈ ਜਿਨ੍ਹਾਂ ਨੂੰ ਭਾਰਤੀ ਸਾਹਿਤ ਸ਼ਾਸਤਰ ਨੇਤਾਵਾਂ ਨੇ ਕਾਵਿ ਲਈ ਜ਼ਰੂਰੀ ਮੰਨਿਆ ਹੈ, ਪ੍ਰੰਤੂ ਪ੍ਰਧਾਨਤਾ ਸ਼ਾਂਤ ਰਸ ਨੂੰ ਦਿੱਤੀ ਗਈ ਹੈ। ਵਾਸਤਵ ਵਿਚ ਗੁਰਮਤ ਅਨੁਸਾਰ ਸ਼ਾਂਤ ਤੇ ਸਹਜ ਵਿਚ ਵਿਚਰਨਾ ਮਨੁੱਖਾ ਜੀਵਨ ਦਾ ਆਦਰਸ਼ ਹੈ। ਹੋਰ ਸਾਰੇ ਰਸ ਇਸ ਆਦਰਸ਼ ਦੀ ਪੂਰਤੀ ਵਿਚ ਸਹਾਇਕ ਹਨ। ਜੀਵ ਲਈ ਬਿਹਬਲਤਾ ਤੋਂ 'ਸਹਜ' ਤੱਕ ਦਾ ਲੰਮਾ ਸਫ਼ਰ ਬਾਣੀ ਦੀ ਅਗਵਾਈ ਬਿਨਾਂ ਸੰਭਵ ਨਹੀਂ।

ਸੰਖੇਪ ਵਿਚ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਵੇਦ, ਸ਼ਾਸ਼ਤ੍ਰ, ਗੀਤਾ, ਕੁਰਾਨ, ਬਾਈਬਲ ਆਦਿ ਨਾਲੋਂ ਵਿਲੱਖਣ ਹੈ। ਇਹ ਗ੍ਰੰਥ ਸਾਂਝੀਵਾਲਤਾ, ਸਮਾਨਤਾ ਅਤੇ ਅਦ੍ਵੈਤਵਾਦ ਦਾ ਪੂਰਨ ਖ਼ਜ਼ਾਨਾ ਹੈ। ਗੁਰਬਾਣੀ ਵਾਹਿਗੁਰੂ ਨਾਲ ਇਕਸੁਰਤਾ, ਇਕਮਿਕਤਾ, ਲਿਵਲੀਨਤਾ ਅਤੇ ਅਭੇਦਤਾ ਵਿਚੋਂ ਪ੍ਰਾਪਤ ਹੋਇਆ ਗਿਆਨ ਹੈ। ਇਹ ਵਾਹਿਗੁਰੂ ਦਾ ਬਚਨ ਹੈ, ਵਾਹਿਗੁਰੂ ਦਾ ਸ਼ਬਦ ਹੈ, ਵਾਹਿਗੁਰੂ ਦਾ ਹੁਕਮ ਹੈ। ਬਾਣੀ ਅਤੇ ਨਾਮ ਇਕ ਰੂਪ ਹਨ। ਬਾਣੀ ਦੀ ਆਤਮਾ, ਬਾਣੀ ਦਾ ਕੇਂਦਰ ਬਿੰਦੂ ਨਾਮ ਹੈ। ਬਾਣੀ ਵਾਹਿਗੁਰੂ-ਦਰਸ਼ਨ ਲਈ ਸਿੱਖ ਦੇ ਹਿਰਦੇ ਦੀ ਬਿਹਬਲਤਾ ਹੈ, ਵਿਲਕਣੀ ਹੈ, ਬਿਰਹਾ ਹੈ, ਵਲਵਲੇ ਦਾ ਅਮੁੱਕ ਪਰਵਾਹ ਹੈ। ਇਸ ਵਿਚ ਅੱਖੀਂ ਡਿੱਠੇ ਦਾ ਵਰਨਣ ਹੈ, ਵਾਹਿਗੁਰੂ ਦੇ ਸਾਖਿਆਤ ਸਰੂਪ ਦਾ ਚਿਤਰ ਹੈ। ਆਤਮਕ ਸ਼ਾਂਤੀ ਦਾ ਸੋਮਾ ਹੈ। ਬਾਣੀ ਹਲਤ ਪਲਤ ਦੋਹਾਂ ਨਾਲ ਸੰਬੰਧ ਰੱਖਦੀ ਹੈ। *'ਲੋਕ ਸੁਖੀਏ ਪਰਲੋਕ ਸੁਹੇਲੇ'* ਦਾ ਆਦਰਸ਼ ਪੇਸ਼ ਕਰਦੀ ਹੈ। 'ਇਸ ਜਗ' ਤੇ 'ਉਸ ਜਗ' ਦਾ ਅਨੋਖਾ ਸੰਗਮ ਹੈ। ਇਹ ਨਿਰੀਂ ਬਾਣੀ ਨਹੀਂ, ਗੁਰੂ ਬਾਣੀ ਹੈ। ਨਿਰਾ ਗ੍ਰੰਥ ਨਹੀਂ, ਗੁਰੂ ਗ੍ਰੰਥ ਹੈ। ਸੰਸਾਰ ਦੇ ਕਿਸੇ ਧਰਮ ਗ੍ਰੰਥ ਨੂੰ ਗੁਰੂ, ਪੀਰ, ਪੈਗਾਂਬਰ, ਨਬੀ, ਅਵਤਾਰ ਆਦਿ ਦਾ ਪਦ ਪ੍ਰਾਪਤ ਨਹੀਂ ਹੋਇਆ। ਕੇਵਲ ਅਤੇ ਕੇਵਲ ਇਹ ਹੀ ਗ੍ਰੰਥ ਹੈ ਜੋ ਗ੍ਰੰਥ ਨਹੀਂ ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਹ ਸਭ ਕੁੱਝ ਹੁੰਦਿਆਂ ਹੋਇਆ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਵਿਗਿਆਨਕ ਕਸੌਟੀ ਤੇ ਵੀ ਪੂਰੀ ਉੱਤਰਦੀ ਹੈ ਪ੍ਰੰਤੂ ਇਸ ਦਾ ਮੁੱਖ ਉਦੇਸ਼ ਵਿਗਿਆਨਕ ਗਿਆਨ ਦੇਣਾ ਨਹੀਂ, ਸਗੋਂ ਜੀਵ ਨੂੰ ਆਪਣੇ ਮੂਲ ਦੀ ਪਛਾਣ ਕਰਨ ਦਾ ਸਾਧਨ ਦੱਸਣਾ ਹੈ, ਆਤਮ-ਪਰਮਾਤਮ ਮੇਲ ਦੀ ਸੂਝ ਬਖ਼ਸ਼ਣਾ ਹੈ।

ਆਪਣੀ ਭਾਸ਼ਾ ਦੀ ਸੀਮਾ ਵਿਚ ਬੱਝੇ ਹੋਏ ਅਸੀਂ ਬਾਣੀ ਰਚੇਤਾ ਦਾ ਵਰਨਣ ਕਰਦੇ ਹਾਂ ਪਰ ਇਹ ਬਾਣੀ ਰਚੀ ਨਹੀਂ ਗਈ, ਇਹ ਧੁਰ ਕੀ ਬਾਣੀ ਹੈ। ਸਗਲੀ ਚਿੰਤ ਮਿਟਾਉਣ ਵਾਲੀ ਹੈ :

**ਧੁਰ ਕੀ ਬਾਣੀ ਆਈ।।**
**ਤਿਨ ਸਗਲੀ ਚਿੰਤ ਮਿਟਾਈ।।**

(ਸੋਰਠਿ ਮ: ੫, ਪੰਨਾ ੬੨੮)

ਪ੍ਰੋ: ਪੂਰਨ ਸਿੰਘ ਅਨੁਸਾਰ ਇਸ ਬਾਣੀ ਦਾ ਆਵੇਸ਼ ਹੁੰਦਾ ਹੈ। ਇਹ ਬਾਣੀ ਇੱਥੇ ਹੀ ਨਹੀਂ ਅੱਗੇ ਵੀ ਸਾਥ ਦੇਂਦੀ ਹੈ। ਮੌਤ ਥੀਂ ਬਾਅਦ ਰੂਹ ਦੀ ਦੇਵੀ ਸਾਥਣ ਹੋਈ ਮਦਦ ਕਰਦੀ ਜਾ ਰਹੀ ਹੈ ਤੇ ਇਹ ਬਾਣੀ ਧੁਰ ਅਦ੍ਰਿਸ਼ਟ ਦੇਸ਼ਾਂ ਵਿਚ ਕੀਰਤਨ ਰੂਪ ਵਿਚ ਗੂੰਜ ਰਹੀ ਹੈ।

ਧਰਤੀ ਦੇ ਜੀਵਾਂ ਲਈ ਬਾਣੀ ਪ੍ਰਗਟ ਤਾਂ ਕਾਵਿ ਰੂਪ ਵਿਚ ਹੋਈ। ਇਹ ਸਾਹਿਤ ਦਾ ਅੰਗ ਹੀ ਨਹੀਂ ਸਗੋਂ ਸ੍ਰੇਸ਼ਟਤਮ ਸਾਹਿਤ ਮੰਨੀ ਗਈ। ਅਸੀਂ ਧਰਤੀ ਦੇ ਕੀੜਿਆ ਨੇ ਇਸੇ ਪੱਖ ਤੋਂ ਹੀ ਇਸ ਨੂੰ ਪੜ੍ਹਿਆ, ਵਿਚਾਰਿਆ, ਸਮਝਿਆ ਅਤੇ ਇਸ ਤੋਂ ਵਧੇਰੇ ਇਸ ਦੀ ਸਾਹਿਤ ਰੂਪ ਵਿਚ ਪਰਖ ਕੀਤੀ। ਪਰਖ ਦੇ ਖੇਤਰ ਵਿਚ ਪ੍ਰਵੇਸ਼ ਕੀਤਿਆਂ ਬਾਣੀ ਦੀ ਆਤਮਾ ਤੱਕ ਪਹੁੰਚਣਾ ਸੰਭਵ ਨਹੀਂ ਸੀ। ਅਸੀਂ ਇਸ ਦੀ ਉੱਪਰਲੀ ਸਤਹ ਉੱਤੇ ਹੀ ਵਿਚਰਦੇ ਰਹੇ। 'ਕਿੰਤੂ ਪਰੰਤੂ' ਕਰਨ ਵਿਚ ਰੁੱਝ ਗਏ। ਫਲਸਰੂਪ ਕੁੱਝ ਪਾਉਣ ਦੀ ਥਾਂ ਬਹੁਤ ਕੁੱਝ ਗੁਆ ਬੈਠੇ, ਰੂਹ ਦੇ ਦੇਸ਼ ਤੱਕ ਸਾਡੀ ਪਹੁੰਚ ਨਾ ਹੋ ਸਕੀ। ਵਾਸਤਵਿਕ ਜਗਤ ਨੂੰ ਅਸੀਂ ਕਲਪਨਾ ਦਾ



www.AKJ.Org

ਦੇਸ਼ ਸਮਝ ਬੈਠੇ। *'ਕੂੜ ਸਭ ਸੰਸਾਰ'* ਵਿਚ ਉਲਝ ਕੇ ਅਸੀਂ ਸੱਚ ਦੇ ਸੂਰਜ ਵੱਲ ਪਿੱਠ ਕਰ ਲਈ। ਖੰਡਾਂ ਬ੍ਰਹਮੰਡਾਂ ਵਿਚਲੇ ਸੱਚ ਦੀ ਪਛਾਣ ਨਾ ਹੋ ਸਕੀ। *'ਤੁਧ ਬਾਝ ਕੂੜੋ ਕੂੜ'* ਦਾ ਸਿਧਾਂਤ ਸਾਡੀ ਸਮਝ ਵਿਚ ਨਾ ਆਇਆ। *'ਬੁੱਧੀ ਮੰਡਲੇ ਦੀ ਕੈਦ ਵਿਚ'* ਬੈਠ ਅਸੀਂ ਵਲਵਲੇ ਦੇ ਦੇਸ਼ ਨਾਲ ਪ੍ਰੀਤ ਨਾ ਪਾਈ। ਕਬੀਰ ਜੀ ਨੇ ਵੀ ਝੰਜੋੜ ਕੇ ਆਖਿਆ ਸੀ :

**ਲੋਗੁ ਜਾਨੈ ਇਹ ਗੀਤ ਹੈ ਇਹ ਤਉ ਬ੍ਰਹਮ ਬੀਚਾਰ।।**

(ਪੰਨਾ ੩੩੫)

ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਸੋ ਦਰੁ' ਤਕ ਪਹੁੰਚ ਰੱਖਣ ਵਾਲਿਆਂ, ਪਾਰਬ੍ਰਹਮ ਪਰਮੇਸ਼ਰ ਤੋਂ ਵਰੋਸਾਇਆਂ ਦੀ ਬਾਣੀ ਹੈ। ਜੋ ਮਹਾਂਪੁਰਸ਼ 'ਸੋ ਦਰੁ' ਦੇ ਅਗੰਮੀ ਕੌਤਕਾਂ ਨੂੰ ਵੇਖ ਸਕਦਾ ਹੈ, ਉਥੋਂ ਦੇ ਨਾਦ ਨੂੰ ਸੁਣ ਸਕਦਾ ਹੈ, ਰਸਲੀਨ ਹੋ ਸਕਦਾ ਹੈ, ਉਹ ਹੀ ਇਹ ਬੋਲ ਉਚਾਰਦਾ ਹੈ। 'ਸੋ ਦਰੁ' ਤਕ ਪਹੁੰਚ ਕੇ 'ਸੋ ਪੁਰਖ' ਦੇ ਦਰਸ਼ਨਾਂ ਵਿਚ ਲੀਨ ਹੋਣ ਲਈ ਯਤਨਸ਼ੀਲ ਹੋਏ ਬਿਨਾਂ ਬਾਣੀ ਦੀ ਆਤਮਾ ਤੱਕ ਪਹੁੰਚਿਆ ਨਹੀਂ ਜਾ ਸਕਦਾ। ਅਸੀਂ ਬਾਣੀ ਅੱਗੇ ਸੀਸ ਤਾਂ ਝੁਕਾਉਂਦੇ ਹਾਂ ਪਰ ਮਨ ਅਤੇ ਬੁੱਧੀ ਦੇ ਅਕੜੇਵੇਂ ਨੂੰ ਖਤਮ ਨਹੀਂ ਕਰਦੇ। ਇਸੇ ਲਈ ਆਤਮਾ ਕੋਰੀ ਰਹਿ ਜਾਂਦੀ ਹੈ। ਆਤਮਾ ਪਰਮਾਤਮਾ ਵਿਚਲੀ ਕੂੜ ਦੀ ਪਾਲ ਟੁੱਟਦੀ ਨਹੀਂ। ਸਾਡਾ ਹਿਰਦਾ ਸੱਖਣਾ ਹੀ ਰਹਿੰਦਾ ਹੈ। ਅੰਦਰ ਦੀ ਖੁਸ਼ਕੀ ਮਿਟਦੀ ਨਹੀਂ। ਜੇ ਖੁਸ਼ਕੀ ਹੈ ਤਾਂ ਘੱਟਾ ਹੀ ਉਡੇਗਾ। "**ਝਿਮ ਝਿਮ ਵਰਸੈ ਅੰਮ੍ਰਿਤ ਧਾਰਾ**" ਦਾ ਅਨੁਭਵ ਨਹੀਂ ਹੋ ਸਕੇਗਾ।

ਬਾਣੀ ਦੇ ਸਹੀ ਸਰੂਪ ਦੀ ਪਛਾਣ ਲਈਂ ਬਾਣੀ ਵਿਚੋਂ ਹੀ ਅਗਵਾਈ ਮਿਲਦੀ ਹੈ :

**ਬਾਣੀ ਗੁਰੂ ਗੁਰੂ ਹੈ ਬਾਣੀ**
**ਵਿਚ ਬਾਣੀ ਅੰਮ੍ਰਿਤੁ ਸਾਰੇ।।**
**ਗੁਰਬਾਣੀ ਕਹੈ ਸੇਵਕੁ ਜਨੁ ਮਾਨੈ**
**ਪਰਤਖਿ ਗੁਰੂ ਨਿਸਤਾਰੇ।।**

(ਨਟ ਮ: ੪, ਪੰਨਾ ੯੮੨)

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ**
**ਗੁਰ ਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ।।**

(ਗਉੜੀ ਕੀ ਵਾਰ ਮ: ੪, ਪੰਨਾ ੩੦੮)

**ਇਹ ਬਾਣੀ ਜੋ ਜੀਅਹੁ ਜਾਣੈ**
**ਤਿਸੁ ਅੰਤਰਿ ਰਵੈ ਹਰਿ ਨਾਮਾ।।**

(ਬਿਲਾਵਲੁ ਮ: ੩, ਪੰਨਾ ੭੯੭)

**ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ।।**
**ਜਿਨਿ ਪੀਤੀ ਤਿਸੁ ਮੋਖ ਦੁਆਰ।।**

(ਮਲਾਰ ਮ: ੧, ਪੰਨਾ ੧੨੭੫)

ਅਨੇਕਾਂ ਪ੍ਰਮਾਣ ਹਨ ਪਰ ਬਿਨਾਂ ਭੁਖ ਦੇ ਅੰਮ੍ਰਿਤ ਭੋਜਨ ਦੀ ਭਾਲ ਨਹੀਂ ਹੋ ਸਕਦੀ, ਬਿਨਾਂ ਤ੍ਰੇਹ ਦੇ ਅੰਮ੍ਰਿਤ ਜਲ ਲਈ ਕੌਣ ਘਾਲਣਾ ਘਾਲੇਗਾ ?

**ਰਤਨਾ ਰਤਨ ਪਦਾਰਥ,**
**ਬਹੁ ਸਾਗਰੁ ਭਰਿਆ ਰਾਮ।।**
**ਬਾਣੀ ਗੁਰਬਾਣੀ ਲਾਗੇ,**
**ਤਿਨ ਹਥ ਚੜਿਆ ਰਾਮ।।**

(ਆਸਾ ਛੰਤ ਮ: ੪, ਘਰੁ ੧–ਪੰਨਾ ੪੪੨)

ਰਤਨ ਪਦਾਰਥ ਨਾਲ ਭਰਪੂਰ ਆਦਿ ਗ੍ਰੰਥ ਦਾ ਪ੍ਰਕਾਸ਼ 1604 ਈ: ਵਿਚ ਕੀਤਾ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੁਕਮ ਨਾਲ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਦੀ ਸੇਵਾ ਸੌਂਪੀ ਗਈ। ਭਾਵੇਂ ਇਸ ਸਮੇਂ 'ਆਦਿ ਗ੍ਰੰਥ' ਨੂੰ ਗੁਰੂ ਪਦਵੀ ਪ੍ਰਾਪਤ ਨਹੀਂ ਸੀ ਹੋਈ ਪਰ ਗੁਰੂ ਅਰਜਨ ਦੇਵ ਜੀ ਬਾਣੀ ਦਾ ਇੰਨਾਂ ਸਤਿਕਾਰ ਕਰਦੇ ਸਨ ਕਿ ਆਪ ਜੀ ਨੇ ਆਪਣੇ ਬਿਰਾਜਣ ਵਾਲੇ ਕੋਠਾ ਸਾਹਿਬ ਵਿਚ ਪਲੰਘ ਉੱਤੇ 'ਗ੍ਰੰਥ ਸਾਹਿਬ' ਦਾ ਸੁਖਾਸਨ ਕਰਨਾ ਅਤੇ ਆਪ ਜ਼ਮੀਨ ਉੱਤੇ ਚਾਦਰ ਵਿਛਾ ਕੇ ਆਰਾਮ ਕਰਨਾ। ਆਦਿ ਗ੍ਰੰਥ ਦੇ ਪੁਨਰ ਸਰੂਪ ਨੂੰ ਗੁਰਿਆਈ ਮਿਲਣ ਤੋਂ ਪਿਛੋਂ ਵੀ ਹੁਣ ਤੱਕ ਇਹ ਪਰੰਪਰਾ ਉਸੇ ਤਰ੍ਹਾਂ ਚਲੀ ਆ ਰਹੀ ਹੈ। ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸੁੰਦਰ ਪਾਲਕੀ ਵਿੱਚ ਸ੍ਰੀ ਹਰਿਮੰਦਰ ਸਾਹਿਬ ਤੱਕ ਲਿਜਾਣ ਅਤੇ ਰਾਤ ਨੂੰ ਸ੍ਰੀ ਹਰਿਮੰਦਰ ਸਾਹਿਬ ਤੋਂ ਕੋਠਾ ਸਾਹਿਬ ਤੱਕ ਦੇ ਸਫ਼ਰ ਦਾ ਨਜ਼ਾਰਾ ਅਦੁੱਤੀ ਹੁੰਦਾ ਹੈ। ਜਿਸਦੇ ਦਰਸ਼ਨ ਨਾਲ ਆਤਮਾ ਵਿਚ ਅਨੋਖੇ ਅਨੰਦ ਦੀ ਅਨੁਭਵਤਾ ਹੁੰਦੀ ਹੈ।

ਆਦਿ ਗ੍ਰੰਥ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਸ਼ਾਮਿਲ ਨਹੀਂ ਸੀ। ਇਤਿਹਾਸਕ ਪਰਿਸਥਿਤੀਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨਾਲ ਦਮਦਮਾ ਸਾਹਿਬ ਵਿਖੇ ਆਦਿ ਗ੍ਰੰਥ ਦੀ ਪੁਨਰ ਸਿਰਜਨਾ ਕਰਵਾਈ ਅਤੇ ਇਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਅੰਕਿਤ ਕੀਤੀ ਗਈ। ਇਸੇ ਗ੍ਰੰਥ ਨੂੰ ਦਸ਼ਮੇਸ਼ ਪਿਤਾ ਜੀ ਨੇ ਗੁਰਿਆਈ ਦੀ ਬਖਸ਼ਿਸ਼ ਕੀਤੀ। (ਚਲਦਾ)

*ਗੁਰਮਤਿ ਪਰਚਾਰ ਨੂੰ ਮੁਖ ਰੱਖਦਿਆਂ 'ਸੂਰਾ' ਦੇ ਘੱਟੋ ਘੱਟ ਦੋ ਮੈਂਬਰ ਹੋਰ ਬਣਾਓ ਜੀ।*



www.AKJ.Org

# ਸਿੱਖ ਗੁਰੂ ਦੀ ਗੱਲ ਮੰਨਣ ਜਾਂ 'ਵਿਦਵਾਨਾਂ' ਦੀ ?

(ਆਈ. ਪੀ. ਸਿੰਘ)

ਜਿਵੇਂ ਜਿਵੇਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨੇੜੇ ਆ ਰਹੀਆਂ ਹਨ, ਕਈ ਤਰ੍ਹਾਂ ਦੇ ਵਿਵਾਦ ਉੱਠ ਰਹੇ ਨੇ ਤੇ ਅੱਜ ਕਲ੍ਹ ਸਹਿਜਧਾਰੀ ਵੋਟਰ ਗਹਿਰੇ ਵਾਦ-ਵਿਵਾਦ ਦਾ ਮੁੱਦਾ ਬਣੇ ਹੋਏ ਹਨ। ਇਸ ਵੇਲੇ ਇਹ ਮੁੱਦਾ ਇਕਹਿਰਾ ਨਹੀਂ ਹੈ, ਪਤਿਤਪੁਣੇ ਦਾ ਮਸਲਾ ਵੀ ਇਸ ਦੇ ਨਾਲ ਜੁੜ ਗਿਆ ਹੈ। ਇਸੇ ਸਿਲਸਿਲੇ ਵਿੱਚ ਪ੍ਰੋ: ਪਿਆਰਾ ਸਿੰਘ ਭੋਗਲ ਦਾ 7 ਦਸੰਬਰ ਨੂੰ ਛਪਿਆ ਲੇਖ ਆਉਂਦਾ ਹੈ। ਪਰ ਭੋਗਲ ਸਾਹਿਬ ਸਿਰਫ਼ ਇਸ ਗੱਲ ਤੇ ਹੀ ਸੀਮਤ ਨਹੀਂ ਰਹੇ ਕਿ ਸਹਿਜਧਾਰੀਆਂ ਨੂੰ ਵੋਟ ਦਾ ਅਧਿਕਾਰ ਹੋਵੇ ਜਾਂ ਨਾ, ਉਨ੍ਹਾਂ ਇਸ ਤੋਂ ਵੀ ਕਾਫ਼ੀ ਅੱਗੇ ਸਿੱਖ ਧਰਮ ਨਾਲ ਸੰਬੰਧਤ ਸਿਧਾਂਤਕ ਪਹਿਲੂਆਂ ਨਾਲ ਕਾਫ਼ੀ ਛੇੜ-ਛਾੜ ਕੀਤੀ ਹੈ। ਇਹ ਲੇਖ ਕਿਸੇ ਆਵੇਸ਼ ਵਿੱਚ ਆ ਕੇ ਲਿਖਿਆ ਲਗਦਾ ਹੈ, ਕੋਈ ਤਰਕ ਸੰਗਤ ਗੱਲ ਨਹੀਂ ਕੀਤੀ। ਭੋਗਲ ਸਾਹਿਬ ਪ੍ਰੌਢ ਵਿਦਵਾਨ ਤੋਂ ਅਜਿਹੀ ਉਮੀਦ ਕਦੇ ਨਹੀਂ ਸੀ ਕੀਤੀ ਅਤੇ ਨਾ ਹੀ ਕਦੇ ਅਜਿਹਾ ਸੋਚਿਆ ਸੀ ਕਿ ਉਹ ਕਦੇ ਇਸ ਤਰ੍ਹਾਂ ਵੀ ਸਿੱਖ ਸਿਧਾਂਤ ਨੂੰ ਤੋੜ-ਮਰੋੜ ਸਕਦੇ ਹਨ ਅਤੇ ਭਾਂਤ-ਸੁਭਾਂਤ ਦੇ ਫਤਵੇ ਦੇ ਸਕਦੇ ਹਨ। ਸਹਿਜਧਾਰੀ ਵੋਟਾਂ ਦੇ ਮਸਲੇ ਨੂੰ ਖਜਾਇ ਸਿਧਾਂਤਕ ਪਰਿਪੇਖ ਵਿੱਚ ਸਮਝਣ-ਸਮਝਾਉਣ ਦੇ, ਪੇਤਲੀ ਜਿਹੀ ਪਹੁੰਚ ਤੋਂ ਕੰਮ ਲਿਆ ਜਾਂਦਾ ਹੈ 'ਤੇ ਇਸੇ ਦੋਸ਼ ਦਾ ਸ਼ਿਕਾਰ 7 ਦਸੰਬਰ ਵਾਲਾ ਲੇਖ ਹੈ।

ਭੋਗਲ ਸਾਹਿਬ ਦਾ ਸਾਰਾ ਜ਼ੋਰ ਇਸ ਗੱਲ ਤੇ ਲੱਗ ਗਿਆ ਹੈ ਕਿ ਸਿੱਖ ਬਨਣ ਲਈ ਸਾਬਤ-ਸੂਰਤ ਹੋਣ ਦੀ ਕੋਈ ਜ਼ਰੂਰਤ ਨਹੀਂ। ਇਨ੍ਹਾਂ ਦਾ ਫਤਵਾ ਹੈ *'ਜਿਹੜਾ ਵੀ ਵਿਅਕਤੀ ਸਿੱਖ ਕਹਾਉਣਾ ਚਾਹੁੰਦਾ ਹੈ, ਭਾਵੇਂ ਉਸ ਦੇ ਵਾਲ ਰੱਖੇ ਹੋਏ ਹਨ ਜਾਂ ਨਹੀਂ, ਉਹ ਸਿੱਖ ਹੈ।'* ਸਮਝ ਨਹੀਂ ਆਉਂਦੀ ਜਿਹੜਾ ਵਿਅਕਤੀ ਉਸ ਰਸਤੇ ਤੇ ਚੱਲਣ ਤੋਂ ਹੀ ਇਨਕਾਰੀ ਹੈ ਉਹ ਉਸ ਰਸਤੇ ਦਾ ਪਾਂਧੀ ਕਿਵੇਂ ਅਖਵਾ ਸਕਦਾ ਹੈ। ਕੀ ਉਸਨੂੰ ਧੱਕੇ ਨਾਲ ਹੀ ਅਜਿਹਾ ਠਹਿਰਾਇਆ ਜਾ ਸਕਦਾ ਹੈ ? ਸਿੱਖ (ਸੁਹਿਰਦ) ਜਾਂ ਤਾਂ ਆਪਣੇ ਗੁਰੂ ਦੀ ਗੱਲ ਮੰਨਣ ਜਾਂ ਇਨ੍ਹਾਂ 'ਵਿਦਵਾਨਾਂ' ਦੀ। ਗੁਰੂ ਤਾਂ ਹੁਕਮ ਕਰਦਾ ਹੈ, '**ਰਹਿਤ ਪਿਆਰੀ ਮੁਝ ਕੋ ਸਿੱਖ ਪਿਆਰਾ ਨਾਹਿ।**' ਸਿੱਖ ਦੀ ਅਗਵਾਈ ਤਾਂ 'ਸਾਬਤ ਸੂਰਤਿ ਦਸਤਾਰ ਸਿਰਾ' ਦੀ ਫਿਲਾਸਫੀ ਕਰਦੀ ਹੈ ਕਿਉਂਕਿ ਸਿੱਖ ਜਿਸ ਹੁਸਨਲ-ਚਰਾਗ ਦੀ ਉਪਾਸਨਾ ਕਰਦਾ ਹੈ ਤੇ ਉਸੇ ਦਿਸ਼ਾ ਨੂੰ ਵਿਕਾਸ ਕਰਦਾ ਹੈ, ਉਹ ਸਰੂਪ 'ਸੋਹਣੇ ਨੱਕ ਜਿਨ ਲੰਮੜੇ ਵਾਲ' 'ਤੇ ਢਲਿਆ ਹੈ। ਸਿੱਖ ਲਈ ਤਾਂ ਤਾੜਨਾ ਹੈ-

**ਨਿਸ਼ਾਨਿ ਸਿਖੀ ਈ ਪੰਜ ਹਰਫ਼ ਕਾਫ਼।**
**ਹਰਗਿਜ਼ ਨਾ ਬਾਸ਼ਦ ਈਂ ਪੰਜ ਮੁਆਫ਼।**
**ਕੜਾ, ਕਾਰਦੋ, ਕਛ, ਕੰਘਾ ਬਿਦਾਂ।**
**ਬਿਨਾਂ ਕੇਸ, ਹੇਚਸਤ ਜੁਮਲਾ ਨਿਸ਼ਾਂ।**

(ਸਰਬ ਲੋਹ ਗ੍ਰੰਥ)

ਗੁਰੂ ਵਿਦਵਾਨ ਸਿੰਘ ਜੀ ਦੇ ਅਤਿ ਨੇੜਲੇ ਸਿੱਖ ਅਤੇ ਵਿਦਵਾਨ ਭਾਈ ਨੰਦ ਲਾਲ ਜੀ ਅਨੁਸਾਰ-

*ਕੰਘਾ ਦੋਨੋਂ ਵਕਤ ਕਰ,*
*ਪਾਗ ਚੁਨੈ ਕਰ ਬਾਂਧਈ।*

ਜਦ ਕਿ ਗੁਰੂ ਸਾਹਿਬ ਦਾ ਸਾਬਤ ਸੂਰਤ ਹੋਣ ਦਾ ਸਪਸ਼ਟ ਹੁਕਮ ਹੈ ਤੇ ਉਨ੍ਹਾਂ ਵਲੋਂ ਸਪੱਸ਼ਟ ਰਹਿਤ ਦਰਸਾਈ ਗਈ ਹੈ ਤੇ ਜਿਸ ਵਿੱਚ ਕਿਸੇ ਵੀ ਕਿਸਮ ਦਾ ਕੋਈ ਸ਼ੰਕਾ ਨਹੀਂ ਹੈ, ਤਾਂ ਕੀ ਇਹ 'ਵਿਦਵਾਨ' ਗੁਰੂ ਨਾਲੋਂ ਵੀ ਵੱਡੇ ਹਨ ਕਿ ਇਹ ਫੈਸਲਾ ਦੇਣ ਕਿ ਕੌਣ ਸਿੱਖ ਹੈ ਤੇ ਕੌਣ ਨਹੀਂ, ਜਦ ਕਿ ਗੁਰੂ ਸਾਹਿਬ ਦੇ ਹੁਕਮ ਮੁਤਾਬਕ ਅਤੇ ਸਿੱਖ ਰਹਿਤ ਮਰਯਾਦਾ ਮੁਤਾਬਕ ਕੇਸ ਕਟਵਾਉਣ ਵਾਲਾ ਪਤਿਤ ਹੋ ਜਾਂਦਾ ਹੈ ਤੇ ਉਸ ਨੂੰ ਸਿੱਖ ਕਿਵੇਂ ਕਰਾਰ ਦਿੱਤਾ ਜਾ ਸਕਦਾ ਹੈ। ਗੁਰਬਾਣੀ ਅਨੁਸਾਰ ਤਾਂ-

**ਜਉ ਤਉ ਪ੍ਰੇਮ ਖੇਲਣ ਕਾ ਚਾਉ,**
**ਸਿਰੁ ਧਰਿ ਤਲੀ ਗਲੀ ਮੇਰੀ ਆਉ।।**

ਜਿਨ੍ਹਾਂ ਨੂੰ ਪ੍ਰੇਮ ਦੀ ਖੇਡ ਦਾ ਚਾਅ ਹੋਵੇ, ਆਪਣੇ ਗੁਰੂ ਨਾਲ ਪ੍ਰੇਮ ਹੋਵੇ ਉਹ ਤਾਂ ਸਿਰ ਦੇਣ ਲਈ ਵੀ ਤਿਆਰ ਹੁੰਦੇ ਹਨ, ਪਰ ਗੁਰੂ ਦੇ ਹੁਕਮ ਨੂੰ ਮੰਨਣ ਤੋਂ ਆਕੀ 'ਸਿੱਖ ਮਾਪਿਆਂ ਦੇ ਪੁੱਤਰ' ਕੀ ਉਸ ਗੁਰੂ ਦੀ ਗਲੀ ਜਾਣ ਦਾ ਅਧਿਕਾਰ ਰੱਖਦੇ ਹਨ ? ਜਿਨ੍ਹਾਂ ਨੂੰ ਆਪਣੇ ਪਿਆਰੇ ਨਾਲ ਨੇਹੁੰ ਹੀ ਨਹੀਂ ਉਹ ਪ੍ਰੇਮੀ ਨਹੀਂ ਅਖਵਾ ਸਕਦੇ, ਸਿੱਖ ਨਹੀਂ ਅਖਵਾ ਸਕਦੇ। ਸਿਰਫ਼ ਜਿਹੜੇ ਗੁਰੂ ਦੇ ਹੁਕਮ ਨੂੰ ਮੰਨਦੇ ਹਨ ਉਨ੍ਹਾਂ ਲਈ ਹੀ ਗੁਰੂ 'ਉਹ ਸਾਹਿਬ ਮੈ ਉਸ ਦਾ ਚੇਰਾ' ਹੈ। ਗੁਰੂ ਕੇ ਸਿੱਖ



www.AKJ.Org

ਤੁੰ ਤਾਂ ਸ਼ਰਤ ਹੈ, **"ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ। ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ।"**

ਕਿੰਨੀ ਅਜੀਬ ਗੱਲ ਹੈ ਕਿ 'ਜਿਹੜਾ ਵਿਅਕਤੀ ਜਿਸ ਵੀ ਧਾਰਮਿਕ-ਭਾਈਚਾਰੇ ਵਿਚ ਪੈਦਾ ਹੋਇਆ ਹੈ, ਉਹ ਭਾਈਚਾਰਾ ਈਸਾਈ, ਮੁਸਲਮਾਨ ਹੈ ਜਾਂ ਸਿੱਖ ਹੈ, ਆਪਣੇ ਜਮਾਂਦਰੂ ਧਰਮ ਦਾ ਅੰਗ ਹੀ ਰਹਿੰਦਾ ਹੈ, ਭਾਵੇਂ ਉਹ ਸਾਰੀਆਂ ਧਾਰਮਿਕ ਰਸਮਾਂ ਕਰਦਾ ਹੋਵੇ ਜਾਂ ਨਾਂ।" ਇਸ ਤਰ੍ਹਾਂ ਤਾਂ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ , ਹਿੰਦੂ ਹੀ ਰਹੇ ਕਿਉਂਕਿ ਉਨ੍ਹਾਂ ਨੇ ਹਿੰਦੂ ਘਰਾਣਿਆ ਵਿਚ ਜਨਮ ਲਿਆ ਸੀ। ਕੋਈ ਵੀ ਧਰਮ ਮਨੁੱਖ ਖੁਦ ਅਪਣਾਉਂਦਾ ਹੈ, ਜਨਮ ਦੀ ਕੋਈ ਬੰਦਸ਼ ਨਹੀਂ। <u>ਸਿੱਖ ਹੋਣ ਦੀ ਯੋਗਤਾ ਸਿਰਫ਼ ਸਿੱਖਾਂ ਦੇ ਘਰਾਂ ਵਿੱਚ ਪੈਦਾ ਹੋਣਾ ਨਹੀਂ ਸਗੋਂ ਸਿੱਖੀ ਮਾਰਗ 'ਤੇ ਚਲਣਾ ਹੈ।</u> ਘਰਾਣਾ ਇਸ ਵਿੱਚ ਕੋਈ ਮਹੱਤਵ ਨਹੀਂ ਰੱਖਦਾ।

ਇਸ ਲਈ ਅਜਿਹੇ ਪਤਿਤ, ਭਗੌੜੇ ਤਾਂ ਅਖਵਾ ਸਕਦੇ ਹਨ, ਸਹਿਜਧਾਰੀ ਜਾਂ ਸਿੱਖ ਨਹੀਂ। ਕੇਸ ਗੁਰੂ ਦੀ ਮੋਹਰ ਹਨ। ਇਕ ਅੰਗਰੇਜ਼ ਸਿੱਖ ਸਜੀ ਔਰਤ ਦੇ ਸ਼ਬਦਾਂ ਵਿੱਚ *"ਮੇਰੇ ਪਿਆਰੇ ਸਿੱਖ ਵੀਰੋ ! ਤੁਹਾਡੇ ਸਿਰ 'ਤੇ ਉਗੀ ਕੇਸਾਂ ਨੂੰ ਤੁਸੀਂ ਸਿਰਫ਼ ਵਾਲ ਹੀ ਨਾ ਸਮਝੋ, ਇਹ ਤਾਂ ਉਹ ਬਿਜਲੀ ਦੀਆਂ ਤਾਰਾਂ ਹਨ ਜਿਹੜੀਆਂ ਤੁਹਾਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਕਤੀਸ਼ਾਲੀ ਬਿਜਲੀਘਰ ਨਾਲ ਜੋੜਦੀਆਂ ਹਨ। ਤੁਹਾਨੂੰ ਇਨ੍ਹਾਂ ਕੇਸਾਂ ਨੂੰ ਭਾਰਤ ਮਾਤਾ ਦੇ ਸਤਿਕਾਰਯੋਗ ਸੀਸ 'ਤੇ ਸਭਿਆਚਾਰਕ ਤਾਜ ਦੀ ਨਿਆਈਂ ਤਸੱਵਰ ਕਰਨਾ ਚਾਹੀਦਾ ਹੈ।"*

ਭੋਗਲ ਸਾਹਿਬ ਨੂੰ ਤਾਂ ਗੁਰੂ ਦੀ ਦਰਸਾਈ ਫਿਲਾਸਫੀ 'ਤੇ ਪਹਿਰਾ ਦੇਣ ਵਾਲੇ ਜਾਂ ਉਸਦੀ ਗੱਲ ਕਰਨ ਵਾਲੇ ਸੰਪਰਦਾਇ ਦਿਸਦੇ ਹਨ। ਫਿਰ ਤਾਂ ਸ਼ਾਇਦ ਦਸਵੇਂ ਨਾਨਕ ਤੋਂ ਵੱਡਾ ਸੰਪਰਦਾਇਕ ਕੋਈ ਨਾ ਹੋਵੇ ਜਿਨ੍ਹਾਂ ਨੇ 26 ਜੇਠ ਸੰਮਤ 1756 ਨੂੰ ਕਾਬਲ ਦੀ ਸੰਗਤ ਨੂੰ ਭੇਜੇ ਹੁਕਮਨਾਮੇ ਅਨੁਸਾਰ

*".....ਕੇਸ ਰੱਖਣੇ ਇਹ ਸਾਡੀ ਮੋਹਰ ਹੈ।....."*

ਕੇਸ ਰੱਖਣ ਦਾ ਹੁਕਮ ਗੁਰੂ ਦਾ ਹੈ ਨਾ ਕਿ ਕਿਸੇ 'ਸੰਪਰਦਾਇਕ' ਅਕਾਲੀ ਲੀਡਰ ਦਾ। ਇਸੇ ਅਨੁਸਾਰ ਹੀ ਸਿੱਖ ਰਹਿਤ ਮਰਯਾਦਾ ਅਨੁਸਾਰ ਕੇਸ ਕਤਲ ਕਰਵਾਉਣ ਵਾਲਾ ਪਤਿਤ ਮੰਨਿਆ ਜਾਂਦਾ ਹੈ ਅਤੇ ਇਹ ਬੱਜਰ ਕੁਰਹਿਤ ਮੰਨੀ ਜਾਂਦੀ ਹੈ। 'ਪਤਿਤ' ਦਾ ਤਾਂ ਅਰਥ ਹੀ ਰਾਹ ਤੋਂ ਥਿੜਕਿਆ ਹੋਇਆ ਹੈ, ਉਹ ਰਸਤੇ ਦਾ ਪਾਂਧੀ ਕਿਵੇਂ ਅਖਵਾ ਸਕਦਾ ਹੈ ? ਮੁਕਦੀ ਗੱਲ ਤਾਂ ਇਹ ਹੈ <u>ਕਿ ਜੇ ਕੋਈ ਸਿੱਖ ਅਖਵਾਉਣਾ ਚਾਹੁੰਦਾ ਹੈ ਤਾਂ ਗੁਰੂ ਦੀ ਗੱਲ ਤੇ ਅਮਲ ਕਰਨਾ ਪਵੇਗਾ, ਐਵੇਂ ਆਪਣੀ ਮਰਜ਼ੀ ਨਾਲ ਸਿੱਖ ਦੀ ਪਰਿਭਾਸ਼ਾ ਨਹੀਂ ਘੜੀ ਜਾ ਸਕਦੀ।</u> ਸਾਧਾਰਣ ਗੱਲ ਹੈ, ਕਿ ਜੇ ਕਿਸੇ ਸੰਸਥਾ ਵਿੱਚ ਰਹਿਣਾ ਹੋਵੇ ਤਾਂ ਉਥੋਂ ਦੇ ਅਨੁਸ਼ਾਸਨ ਵਿੱਚ ਰਹਿਣਾ ਪੈਂਦਾ ਹੈ। ਜੇ ਕੋਈ 'ਸਿੱਖ ਵਿਦਵਾਨ' ਅਖਵਾਉਣਾ ਚਾਹੁੰਦਾ ਹੈ ਤਾਂ ਪਹਿਲਾਂ ਉਹ 'ਸਿੱਖ' ਬਣੇ, ਨਹੀਂ ਤਾਂ ਉਸ ਦੀ ਹਾਲਤ ਉਸੇ ਤਰ੍ਹਾਂ ਹੀ ਰਹਿੰਦੀ ਹੈ।

**ਸਲਾਮੁ ਜਬਾਬੁ ਦੋਵੈ ਕਰੇ, ਮੁੰਢਹੁ ਘੁਥਾ ਜਾਇ।**

ਇਕ ਪਾਸੇ ਪੁਰਾਤਨ ਸਿੰਘ ਨੇ ਜਿਨ੍ਹਾਂ ਨੇ ਖੋਪਰੀ ਲੁਹਾਉਣੀ ਤਾਂ ਮਨਜ਼ੂਰ ਕਰ ਲਈ ਪਰ ਕੇਸ ਕਟਵਾਉਣੇ ਨਹੀਂ। ਦੂਜੇ ਪਾਸੇ ਲੇਖਕ ਦੇ ਸ਼ਬਦਾਂ ਵਿੱਚ, "ਪਰ ਉਨ੍ਹਾਂ ਲੋਕਾਂ ਦੀ ਗਿਣਤੀ ਵਧੇਰੇ ਸੀ ਜਿਨ੍ਹਾਂ ਨੇ ਰੁਜ਼ਗਾਰ ਹਾਸਲ ਕਰਨ ਨੂੰ ਪਹਿਲ ਦਿੱਤੀ, ਵਾਲ ਕਟਵਾਉਣੇ ਪਏ ਤਾਂ ਕਟਵਾ ਲਏ। ਦੋਨਾਂ ਵਿਚੋਂ ਕੌਣ ਸਿਆਣਾ ਹੋਇਆ ? ਲੇਖਕ ਅਨੁਸਾਰ ਤਾਂ ਦੂਜੀ ਕਿਸਮ ਦੇ ਲੋਕ ਜਿਨ੍ਹਾਂ ਨੇ ਚਾਂਦੀ ਦੇ ਛਿਲੜਾਂ ਦੇ ਲਾਲਚ ਨੂੰ ਅਪਣਾ ਦੀਨ-ਈਮਾਨ ਹੀ ਛੱਡ ਦਿੱਤਾ। ਅਜਿਹੇ ਚਰਿੱਤਰ ਵਾਲੇ ਵਿਅਕਤੀਆਂ ਲਈ ਸਿਧਾਂਤ ਤਾਂ ਨਹੀਂ ਬਦਲੇ ਜਾ ਸਕਦੇ। ਪਰ ਗੁਰੂ ਦਾ ਸਿੱਖ ਕਿਹੜਾ ਅਖਵਾਏਗਾ ? ਵੇਖੋ ਨਾ ਸਿੱਖ ਤਾਂ ਐਵੇਂ ਹੀ ਰੋਜ਼ ਅਰਦਾਸ ਵਿੱਚ ਉਨ੍ਹਾਂ ਨੂੰ ਯਾਦ ਕਰਦੇ ਨੇ ਜਿਨ੍ਹਾਂ ਨੇ *'ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ'* ਨਿਭਾਇਆ, ਅਤੇ ਕੇਸ 'ਦਾਨ' ਮੰਗਦੇ ਹਨ। ਉਹ ਨਾਲ ਬਿਬੇਕ ਦਾਨ ਵੀ ਮੰਗਦੇ ਹਨ। ਪਰ ਸ਼ਾਇਦ ਹੁਣ ਤੱਕ ਸਿੱਖ ਅਰਦਾਸ ਹੀ ਗਲਤ ਕਰਦੇ ਆ ਰਹੇ ਨੇ, ਉਹ ਚੀਜ਼ਾ ਮੰਗਦੇ ਹਨ, ਜਿਹੜੀਆਂ ਅਪ੍ਰਸੰਗਕ ਹਨ। ਜਦ ਕਿ ਲੇਖਕ ਦੇ ਫਤਵੇ ਅਨੁਸਾਰ ਮੋਨੇ ਵੀ ਸਿੱਖ ਹਨ। ਅਸਲ 'ਚ ਹੁਣ ਤੱਕ ਸਿੱਖਾਂ ਨੂੰ ਕਿਸੇ 'ਵਿਦਵਾਨ' ਨੇ ਅਜਿਹੀ 'ਸਹੀ ਸਾਲ੍ਹਾਹ' ਤੇ ਨਿਰਣਾ ਨਹੀਂ ਦਿੱਤਾ ਜਾਂ ਫਿਰ ਅੱਜ ਤੱਕ ਕੋਈ ਏਡਾ 'ਵਿਦਵਾਨ' ਹੀ ਨਹੀਂ ਹੋਇਆ ਜਿਹੜਾ ਗੁਰੂਆਂ ਦੇ ਦਰਸਾਏ ਅਤੇ ਉਨ੍ਹਾਂ ਤੋਂ ਵਰੋਸਾਏ ਮੁੱਢਲੇ ਸਿੱਖ ਸਿਧਾਂਤਾਂ ਨੂੰ ਉਲਟਾਉਣ ਦੀ ਹਿੰਮਤ ਕਰ ਸਕੇ।

ਲੇਖਕ ਪ੍ਰੋ. ਪੂਰਨ ਸਿੰਘ ਦਾ ਕਥਨ (ਪੰਜਾਬ ਜੀਂਦਾ ਗੁਰਾਂ ਦੇ ਨਾਂ ਤੇ) ਵਰਤ ਕੇ ਸਿੱਖ ਧਰਮ ਦੀ ਚਿੰਤਾ ਕਰਨ ਵਾਲੇ ਲੋਕਾਂ ਨੂੰ ਸੰਪਰਦਾਇਕਤਾ ਛੱਡ ਕੇ ਵਿਸ਼ਾਲ ਦ੍ਰਿਸ਼ਟੀ ਨਾਲ ਭਵਿੱਖ ਵੱਲ ਵੱਧਣ ਦੀ ਨਸੀਹਤ ਕਰ ਰਹੇ ਹਨ। ਉਸ ਪ੍ਰੋ. ਪੂਰਨ ਸਿੰਘ ਨੇ ਹੀ



www.AKJ.Org

ਕੇਸਾਂ ਦੀ ਮਹੱਤਤਾ ਨੂੰ ਇਵੇਂ ਪ੍ਰਗਟਾਇਆ ਹੈ :

"ਉਹ ਲੋਕ ਜਿਨ੍ਹਾਂ ਨੂੰ ਪਿਆਰ ਦੇ ਨੇਮਾਂ ਦਾ ਪਤਾ ਨਹੀਂ, ਉਨ੍ਹਾਂ ਨੂੰ ਮਾਲਕ ਦੇ ਬਖਸ਼ੇ ਪਵਿੱਤਰ ਜੂੜੇ ਨੂੰ ਧਾਰਨ ਨਹੀਂ ਕਰਨਾ ਚਾਹੀਦਾ ਅਤੇ ਜੋ ਕੇਸ ਰੱਖਦੇ ਹਨ, ਤਾਂ ਉਨ੍ਹਾਂ ਨੂੰ ਤੇ ਉਸ ਨੂੰ ਇੱਜੜ ਵਿੱਚ ਰੂਹਾਨੀ ਤੌਰ 'ਤੇ ਵੱਖਰਾ ਕਰ ਲੈਣ ਦੇ ਚਿੰਨ੍ਹ ਵਜੋਂ ਰੱਖਣਾ ਚਾਹੀਦਾ ਹੈ, ਅਜਿਹਾ ਹੀ ਗੁਰੂ ਗੋਬਿੰਦ ਸਿੰਘ ਦਾ ਹੁਕਮ ਹੈ। ਉਸ ਦੀ ਫਰਮਾਂਬਰਦਾਰੀ ਹੀ ਜੀਵਨ ਹੈ। ਉਸ ਮਹਾਨ ਪਿਆਰ ਤੋਂ ਬਾਹਰ ਕੋਈ ਜੀਵਨ ਨਹੀਂ। ਗੁਰੂ ਗੋਬਿੰਦ ਸਿੰਘ ਦੇ ਕੇਸਾਧਾਰੀ ਵੀਰਾਂ ਦਾ ਨਿਸ਼ਾਨਾਂ ਹੀ ਵੱਖਰਾ ਹੈ, ਸੇਧ ਹੀ ਵੱਖਰੀ ਹੈ, ਉਨ੍ਹਾਂ ਦੀ ਪ੍ਰੇਰਨਾ ਹੀ ਵੱਖਰੀ ਹੈ।"

**(ਸਿਮਰਨ ਦਾ ਨੂਰੀ ਖਿੜਿਆ ਬਾਗ)**

**(ਪੁਸਤਕ–ਜਿਨ ਕੇ ਚੋਲੇ ਰਤੜੇ–ਪੰਨਾ ੩੨)**

ਹੁਣ ਮੁੜੀਏ ਸਹਿਜਧਾਰੀਆਂ ਨੂੰ ਵੋਟ ਦੇ ਅਧਿਕਾਰ ਵੱਲ। ਸਹਿਜਧਾਰੀ ਕਿਸੇ ਦੇ ਜੀਵਨ ਦਾ ਉਹ ਸਮਾਂ ਹੁੰਦਾ ਹੈ ਜਦੋਂ ਉਹ ਸਿੱਖ ਨਹੀਂ ਹੁੰਦਾ ਕੇਵਲ ਸਹਿਜੇ –ਸਹਿਜੇ ਸਿੱਖ ਬਣਨ ਲਈ ਵਚਨਵੱਧ ਹੁੰਦਾ ਹੈ ਅਤੇ ਸਹਿਜ ਨਾਲ ਧਾਰਨ ਕਰਨ ਵਾਲਾ ਇੱਕ ਦਿਨ ਮੰਜ਼ਿਲ 'ਤੇ ਪਹੁੰਚ ਜਾਂਦਾ ਹੈ। ਪਰ ਕੋਈ ਪੁਸ਼ਤਾਂਬੱਧੀ ਸਹਿਜਧਾਰੀ ਹੀ ਅਖਵਾਈ ਜਾਏ, ਗੱਲ ਸਹੀ ਨਹੀਂ ਜਾਪਦੀ। ਉਹ ਸ਼ਰਧਾਲੂ ਤਾਂ ਹੋ ਸਕਦਾ ਹੈ ਪਰ ਸਿੱਖ ਅਖਵਾਉਣ ਤੋਂ ਉਰੇ ਹੀ ਰਹਿ ਜਾਂਦਾ ਹੈ। ਸਿਰਫ ਮਰਦਮ–ਸ਼ੁਮਾਰੀ ਵਿਚ ਗਿਣਤੀ ਵਧਾਉਣ ਲਈ ਹੀ ਸਿਧਾਂਤਾਂ ਨੂੰ ਤਿਲਾਂਜਲੀ ਨਹੀਂ ਦਿੱਤੀ ਜਾ ਸਕਦੀ। ਸਿੱਖੀ ਤਾਂ ਗਿਣਾਤਮਕ ਨਾਲੋਂ ਗੁਣਾਤਮਕ ਪੱਖ 'ਤੇ ਜ਼ੋਰ ਦਿੰਦੀ ਹੈ, ਗੁਰੂ ਤਾਂ ਹਜ਼ਾਰਾਂ ਵਿਚੋਂ ਸਿਰਫ ਸਿਰ ਦੇਣ ਵਾਲੇ ਹੀ ਛਾਂਟਦਾ ਹੈ। ਗਿਣਤੀ ਵਧਣੀ ਚਾਹੀਦੀ ਹੈ ਪਰ ਮੂਲ ਨਾਲ ਜੁੜੇ ਰਹਿ ਕੇ। ਗਿਣਤੀ ਵਧਾਉਣ ਲਈ ਗੁਰੂ ਵੱਲੋਂ ਖਿੱਚੀ ਲਕੀਰ ਨਹੀਂ ਟੱਪੀ ਜਾ ਸਕਦੀ।

ਸ਼੍ਰੋਮਣੀ ਕਮੇਟੀ ਦਾ ਮੁੱਖ ਮਕਸਦ ਗੁਰਦੁਆਰਾ ਪ੍ਰਬੰਧ ਅਤੇ ਸਿੱਖਾਂ ਦੇ ਧਾਰਮਿਕ ਮਸਲਿਆਂ ਨਾਲ ਨਿਪਟਣਾ ਹੈ ਅਤੇ ਇਹ ਸਿੱਖਾਂ ਦੀ ਇੱਕ ਕੇਂਦਰੀ, ਨੁਮਾਇੰਦਾ ਜਥੇਬੰਦੀ ਦਾ ਰੋਲ ਅਦਾ ਕਰਦੀ ਹੈ, ਇਸ ਤਰ੍ਹਾਂ ਇਸ ਦਾ ਸਬੰਧ ਅਤੇ ਕਾਰਜ ਖੇਤਰ ਸਿਰਫ ਸਿੱਖਾਂ ਨਾਲ ਜਾਂ ਸਿੱਖੀ ਨਾਲ ਸਬੰਧਤ ਹੈ। ਮੁਕਦੀ ਗੱਲ, ਇਹ ਨਿਰੋਲ ਸਿੱਖਾਂ ਦੀ ਸੰਸਥਾ ਹੈ। ਜੇ ਸਿਰਫ ਸਿੱਖ ਹੀ ਇਸ ਸੰਸਥਾ ਨੂੰ ਚੁਣਦੇ ਹਨ ਤਾਂ ਦੂਜੇ ਧਰਮਾਂ ਦੇ ਸ਼ਰਧਾਵਾਨਾਂ ਨਾਲ ਸਾਂਝੇਦਾਰੀਆਂ ਜਾਂ ਆਮ ਸਮਾਜਿਕ ਜੀਵਨ ਵਿਚ ਕੋਈ ਵਿਤਕਰਾ ਨਹੀਂ ਸ਼ੁਰੂ ਹੋ ਜਾਵੇਗਾ ਜਾਂ ਕੋਈ ਸਮਾਜਕ ਵੰਡ ਨਹੀਂ ਹੋਵੇਗੀ। ਕਿਸੇ ਦੇ ਵਿਸ਼ਵਾਸ ਨੂੰ ਨਾ ਹੀ ਅੱਗੇ ਠੇਸ ਲੱਗੀ ਹੈ, ਨਾ ਹੀ ਲੱਗੇਗੀ। ਹਾਂ ਇਸ ਨਾਲ ਸਾਜ਼ਿਸ਼ੀਆਂ ਦਾ ਰਸਤਾ ਜ਼ਰੂਰ ਬੰਦ ਹੋ ਜਾਵੇਗਾ। ਇਸ ਨਾਲ ਭਵਿੱਖ ਵਿਚ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਤੋਂ ਬਚਿਆਂ ਜਾ ਸਕਦਾ ਹੈ। ਕਿਸੇ ਦੇ ਮੱਥੇ 'ਤੇ ਤਾਂ ਨਹੀ ਲਿਖਿਆਂ ਹੁੰਦਾ ਕਿ ਉਹ ਸ਼ਰਧਾਵਾਨ ਹੈ ਜਾਂ ਸਾਜ਼ਿਸ਼ੀ। ਇਹ ਕਿਸੇ ਵੀ ਤਰ੍ਹਾਂ ਸ਼ਰਧਾਵਾਨਾਂ ਨੂੰ ਪਰੇ ਧੱਕਣਾ ਜਾਂ ਉਨ੍ਹਾਂ ਦਾ ਅਪਮਾਨ ਕਰਨਾ ਨਹੀਂ ਹੈ। ਕੀ ਸਿਰਫ ਇੰਨਾਂ ਹੀ ਲਗਾਉ ਹੈ ਕਿ ਜੇ ਵੋਟ ਦਾ ਅਧਿਕਾਰ ਨਹੀਂ ਮਿਲਦਾ ਤਾਂ ਗੁਰੂ ਨਾਲੋਂ ਟੁੱਟ ਜਾਣ। ਇਹ ਕੁਝ ਲਿਖਕੇ ਤਾਂ ਭੋਗਲ ਸਾਹਿਬ ਸੱਚੇ ਸ਼ਰਧਾਵਾਨਾਂ ਦੀ ਸ਼ਰਧਾ ਨੂੰ ਛੁਟਿਆ ਰਹੇ ਹਨ।

8 ਦਸੰਬਰ ਦੀ ਇਕ ਅਖਬਾਰ ਵਿੱਚ ਛਪੀ ਰਿਪੋਰਟ ਅਨੁਸਾਰ ਹੀ ਵੱਡੀ ਗਿਣਤੀ ਵਿੱਚ ਗਲਤ ਮੈਂਬਰ ਬਣ ਰਹੇ ਹਨ। ਅਜਿਹਾ ਵੋਟਰ ਕਿਹੋ ਜਿਹਾ ਉਮੀਦਵਾਰ ਚੁਣਨਗੇ, ਪਾਠਕ ਖੁਦ ਹੀ ਅੰਦਾਜ਼ਾ ਲਗਾ ਸਕਦੇ ਨੇ। ਇੰਨੀ ਵੱਡੀ ਗਿਣਤੀ ਵਿੱਚ ਗਲਤ ਵੋਟ ਬਣਨੇ ਵਿਚੋਂ ਕੀ ਕਿਸੇ ਸ਼ਾਜਿਸ਼ ਦੀ ਬੂਅ ਨਹੀਂ ਆਉਂਦੀ ? ਇਸ ਰਸਤੇ ਨੂੰ ਸ਼ਾਜਿਸ਼ੀ ਚੋਰ ਮੋਰੀ ਵਿਚੋਂ ਇਸਤੇਮਾਲ ਕਰਨਗੇ। ਮੇਰੇ ਖਿਆਲ ਵਿੱਚ ਤਾਂ ਸੱਚੇ ਸਹਿਜਧਾਰੀ ਵੀਰ ਵੀ ਇਸ ਗੱਲ ਨੂੰ ਵਿਸ਼ਾਲ ਹਿਰਦੇ ਨਾਲ ਸਮਝਣਗੇ।

ਕੀ ਗੁਰੂ ਗ੍ਰੰਥ ਸਾਹਿਬ ਦੀ ਮਾਨਤਾ ਦਾ ਘੇਰਾ ਸਿਰਫ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਵੋਟਾਂ ਦਾ ਅਧਿਕਾਰ ਦੇ ਕੇ ਵਧਾਇਆ ਜਾ ਸਕਦਾ ਹੈ ? ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਕੋਈ ਇੰਨੀ ਕਮਜ਼ੋਰ ਨਹੀਂ ਕਿ ਇਸਦੀ ਮਾਨਤਾ ਸਿਰਫ ਵੋਟਾਂ ਨਾਲ ਹੀ ਜੁੜੀ ਹੋਈ ਹੈ। ਦਿਲਚਸਪ ਗੱਲ ਹੈ ਕਿ ਸਹਿਜਧਾਰੀ ਵੋਟਾਂ ਸੰਬੰਧੀ ਬਹੁਤ ਰੌਲਾ ਉਨ੍ਹਾਂ ਲੋਕਾਂ ਵਲੋਂ ਪਾਇਆ ਜਾ ਰਿਹਾ ਹੈ ਜਿਨ੍ਹਾਂ ਦਾ ਸਿੱਖੀ ਜਾਂ ਸਿੱਖਾਂ ਨਾਲ ਕੋਈ ਪ੍ਰਤਿਬੱਧਤਾ ਨਹੀਂ ਜਿਵੇਂ ਕਾਮਰੇਡ ਤੇ ਮਹਾਸ਼ਾ ਪ੍ਰੈਸ। ਜਿਸ ਤਰ੍ਹਾਂ ਦੀਆਂ ਖੁੱਲ੍ਹਾਂ ਦੀ ਮੰਗ ਇਨ੍ਹਾਂ ਲੋਕਾਂ ਵਲੋਂ ਕੀਤੀ ਜਾ ਰਹੀ ਹੈ ਜੇ ਉਹ ਸੱਚਮੁੱਚ ਲਾਗੂ ਕਰ ਦਿੱਤੀਆਂ ਜਾਣ ਤਾਂ ਉਹ ਦਿਨ ਦੂਰ ਨਹੀਂ ਜਿਸ ਦਿਨ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ 19ਵੀਂ ਸਦੀ ਦੇ ਅਖੀਰ ਵਾਂਗ ਫਿਰ ਮੂਰਤੀ ਪੂਜਾ ਸ਼ੁਰੂ ਹੋ ਜਾਵੇਗੀ। ਤੇ ਇਹੋ ਜਿਹੇ ਸਿੱਖਾਂ ਦੀ ਮਾਨਤਾ ਇਹ ਕਰਵਾ ਰਹੇ ਨੇ, ਕੋਈ ਵੱਡੀ ਗੱਲ ਨਹੀਂ ਕੱਲ੍ਹ ਨੂੰ ਇਹ ਮੰਗ ਵੀ ਕੀਤੀ ਜਾਵੇ ਕਿ ਪੰਜਾਂ ਪਿਆਰਿਆਂ 'ਚੋਂ ਘੱਟੋ ਘੱਟ ਇਕ ਸਹਿਜਧਾਰੀ ਜਾਂ ਪਤਿਤ ਹੋਵੇ।

('ਪੰਜਾਬੀ ਟ੍ਰਿਬਿਊਨ' ਚੋਂ ਧੰਨਵਾਦ ਸਹਿਤ)

❀ ❀ ❀ ❀ ❀



www.AKJ.Org

## 'ਸੂਰਾ' ਦਸੰਬਰ, ੧੯੯੫ ਵਿੱਚ ਦਿੱਤੇ ਗਏ ਬੌਚਿਆਂ ਲਈ ਸਵਾਲਾਂ ਦੇ ਜਵਾਬ

੧. ਸਵਾਲ ਵਿੱਚ ਦਿੱਤੀ ਲੜੀਦਾਰ ਤੁਕ, ਪਦ ਛੇਦ ਕਰ ਕੇ ਇਉਂ ਲਿਖੀ ਜਾਵੇਗੀ–
"**ਜੋਬਨੁ ਧਨੁ ਪ੍ਰਭਤਾ ਕੈ ਮਦ ਮਹਿ ਅਹਿਨਿਸਿ ਰਹੈ ਦਿਵਾਨਾ।**" ਇਸ ਦੇ ਅਰਥ ਇਹ ਹਨ – ਜਵਾਨੀ, ਧਨ, ਤਾਕਤ ਦੇ ਨਸ਼ੇ ਵਿੱਚ ਦੁਨੀਆਂ ਦਿਨ ਰਾਤ ਝੱਲੀ ਹੋਈ ਰਹਿੰਦੀ ਹੈ।

੨. ਕੜਾ ਸਰਬ ਲੋਹ ਦਾ ਬਣਿਆ ਹੋਇਆ ਹੋਣਾ ਚਾਹੀਦਾ ਹੈ ਕਿਉਂਕਿ ਇਹ ਕੱਚ ਦੀ ਵੰਗ ਵਾਂਗ ਟੁੱਟਦਾ ਨਹੀਂ, ਅਤੇ ਸਹਿਜੇ ਕੀਤੇ ਵਿੰਗਾ ਨਹੀਂ ਹੁੰਦਾ। ਗੁਰੂ ਦਾ ਹੁਕਮ ਸਰਬ ਲੋਹ ਦਾ ਕੜਾ ਪਾਉਣ ਦਾ ਹੀ ਹੈ।
ਕੜੇ ਦੇ ਲਾਭ ਇਹ ਹਨ –

1. ਲੜਾਈ ਭਿੜਾਈ ਵਿੱਚ ਦੁਸ਼ਮਣ ਦਾ ਵਾਰ ਰੋਕਣ ਵਿੱਚ ਸਹਾਈ ਹੁੰਦਾ ਹੈ।
2. ਬਾਂਹ ਦੇ ਰੋਮਾਂ ਨਾਲ ਰਗੜ ਖਾਣ ਨਾਲ ਫੌਲਾਦੀ ਅਕਸੀਰ (ਦੁਆਈ) ਦਾ ਕੰਮ ਦਿੰਦਾ ਹੈ।
3. ਕੜਾ ਸਾਨੂੰ ਹਰ ਵੇਲੇ ਆਪਣੇ ਗੁਰੂ ਦੀ ਯਾਦ ਦਿਵਾਈ ਰੱਖਦਾ ਹੈ ਜਿਸ ਕਾਰਨ ਅਸੀਂ ਗੁਰ ਹੁਕਮਾਂ ਅੰਦਰ ਰਹਿੰਦੇ ਹੋਏ ਕਿਸੇ ਨਾਲ ਜ਼ੋਰ ਜ਼ੁਲਮ ਤੇ ਬੇਇਨਸਾਫੀ ਕਰਨੋ ਝਿਝਕਦੇ ਹਾਂ।

੩. ਪੁਲਸ ਕਪਤਾਨ ਬੀ. ਟੀ. ਦੇ ਚੁਪੇੜ ਮਾਰਨ ਵਾਲੀ ਬੀਬੀ ਪਿੰਡ ਕਾਉਂਕੇ, ਜ਼ਿਲਾ ਲੁਧਿਆਣੇ ਦੀ ਮਾਤਾ ਕਿਸ਼ਨ ਕੌਰ ਸੀ, ਜਿਹੜੀ ਗੁਰੂ ਕੇ ਬਾਗ ਦੇ ਮੋਰਚੇ ਵਿੱਚ ਫੱਟੜ ਸਿੰਘਾਂ ਦੀ ਮਲ੍ਹਮ ਪੱਟੀ ਕਰਨ ਦੀ ਸੇਵਾ ਕਰਦੀ ਸੀ। ਇੱਕ ਦਿਨ ਮਾਰ ਕੁਟਾਈ ਤੋਂ ਬਾਅਦ ਬੀ. ਟੀ. ਨੇ ਮਾਤਾ ਜੀ ਨੂੰ ਮਖੌਲ ਕੀਤਾ, "ਦੇਖਿਆ ! ਅੱਜ ਅਸੀਂ ਤੁਹਾਡੇ ਸਿੰਘਾਂ ਦੀ ਕਿੰਨੀ ਸੇਵਾ ਕੀਤੀ ਹੈ ?" ਮਾਤਾ ਜੀ ਨੇ ਉਸ ਦੇ ਵੱਟ ਕੇ ਚੁਪੇੜ ਮਾਰੀ, ਉਹ ਮੂੰਹ ਭਾਰ ਧਰਤੀ ਤੇ ਡਿੱਗ ਪਿਆ ਅਤੇ ਸ਼ਰਮ ਦਾ ਮਾਰਾ ਨੱਠ ਕੇ ਆਪਣੇ ਤੰਬੂ ਵਿੱਚ ਜਾ ਵੜਿਆ।

੪. ਕੁਤਕੇ ਨਾਲ ਦੁਸ਼ਮਣਾਂ ਦੇ ਸਰਦਾਰ ਹਯਾਤ ਖਾਂ ਦਾ ਸਿਰ ਫੇਹਣ ਵਾਲਾ ਮਹੰਤ ਕ੍ਰਿਪਾਲ ਦਾਸ ਸੀ। ਇਹ ਘਟਨਾ ਭੰਗਾਣੀ ਦੇ ਯੁੱਧ ਵਿੱਚ ਵਾਪਰੀ ਜਿਹੜਾ ਸੰਨ ੧੬੮੯ ਈ: ਵਿੱਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਪਹਾੜੀ ਰਾਜਿਆਂ ਵਿਚਕਾਰ ਹੋਇਆ।

੫. ਮਰਗ ਦੇ ਭੋਗ ਸਮੇਂ ਮਰੇ ਪ੍ਰਾਣੀ ਦੀ ਫੋਟੋ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਹੀਂ ਰੱਖਣੀ ਚਾਹੀਦੀ ਕਿਉਂਕਿ ਇਹ ਮਨਮਤ ਹੈ। ਜੁਗੋ ਜੁਗ ਅਟੱਲ ਸਤਿਗੁਰੂ ਜਿੰਨ੍ਹਾਂ ਨੂੰ ਅਸੀਂ ਮੱਥਾ ਟੇਕਦੇ ਹਾਂ, ਕੋਈ ਵੀ ਮਨੁੱਖ ਉਨ੍ਹਾਂ ਦੇ ਬਰਾਬਰ ਨਹੀਂ ਹੋ ਸਕਦਾ।

# ਚਾ ਕ ਰੀ

**ਸਤਿਗੁਰ ਕੀ ਸੇਵਾ ਚਾਕਰੀ,**
**ਸੁਖ ਹੂੰ ਸੁਖ ਸਾਰ।।**
**ਐਥੈ ਮਿਲਨਿ ਵਡਿਆਈਆ,**
**ਦਰਗਹ ਮੋਖ ਦੁਆਰੁ।।**
(ਮ: ੩, ਪੰਨਾ ੫੮੬)

**ਹੋਰ ਵਿਡਾਣੀ ਚਾਕਰੀ, ਧ੍ਰਿਗੁ ਜੀਵਣ ਧ੍ਰਿਗੁ ਵਾਸੁ।।**
**ਅੰਮ੍ਰਿਤੁ ਛੋਡਿ ਬਿਖੁ ਲਗੇ, ਬਿਖੁ ਖਟਣਾ ਬਿਖੁ ਰਾਸਿ।।**
**ਬਿਖੁ ਖਾਣਾ ਬਿਖੁ ਪੈਨਣਾ, ਬਿਖੁ ਕੇ ਮੁਖਿ ਗਿਰਾਸਿ।।**
**ਐਥੈ ਦੁਖੋ ਦੁਖੁ ਕਮਾਵਣਾ, ਮੁਇਆ ਨਰਕਿ ਨਿਵਾਸਿ।।**
(ਮ: ੩, ਪੰਨਾ ੫੮੬)

**ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ।।**
**ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ।।** (ਸੂਹੀ ਮ: ੧, ਪੰਨਾ ੭੨੯)

(ਦੁਨੀਆਂ ਦੇ ਲੋਕਾਂ ਦੀਆਂ ਖੁਸ਼ਾਮਦਾਂ, ਲੋਕ–ਵਿਖਾਵੇ ਤੇ ਚਲਾਕੀਆਂ ਕਿਸੇ ਕੰਮ ਨਹੀਂ ਆ ਸਕਦੀਆਂ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਪ੍ਰਭੂ ਦਾ ਨਾਮ ਆਪਣੇ ਹਿਰਦੇ ਵਿੱਚ ਸਾਂਭ ਕੇ ਰੱਖ, ਮਾਇਆ ਦੇ ਮੋਹ ਵਿੱਚ ਬੱਝਾ ਹੋਇਆ ਤੂੰ ਨਾਮ–ਸਿਮਰਨ ਦੀ ਰਾਹੀਂ ਹੀ ਖਲਾਸੀ ਪਾ ਸਕੇਂਗਾ।)

**ਗੁਰ ਕੀ ਸੇਵਾ, ਗੁਰਭਗਤਿ ਹੈ।** (ਪੰਨਾ ੬੬)


www.AKJ.Org

# ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ

(ਭਾਈ ਮਦਨ ਸਿੰਘ ਜੀ, ਯੂ. ਕੇ.)

**"ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ"** (ਦਸਮ ਗਰੰਥ) ਗੁਰੂ ਗੋਬਿੰਦ ਸਿੰਘ ਸਾਹਿਬ ਦੇ ਇਸ ਹੁਕਮ ਨੂੰ ਸਿਖ ਨੇ ਆਪਣੇ ਜੀਵਨ ਦਾ ਆਧਾਰ ਬਣਾ ਕੇ ਸੰਤ ਸਿਪਾਹੀ ਬਨਣਾ ਹੈ। ਸਿਮਰਨ ਕਰਦਿਆਂ ਤੇ ਬਾਣੀ ਪੜ੍ਹਦਿਆਂ ਗੁਰੂ ਦੇ ਸਿੱਖ ਨੇ ਜ਼ਬਰ ਜੁਲਮ ਦੇ ਖਿਲਾਫ ਜਹਾਦ ਕਰਦੇ ਹੀ ਰਹਿਣਾ ਹੈ। ਇਹੋ ਜੁਗਤੀ ਅੰਮ੍ਰਿਤ ਛਕਾਣ ਸਮੇਂ ਸਿੱਖ ਨੂੰ ਦ੍ਰਿੜ ਕਰਾਈ ਜਾਂਦੀ ਹੈ। ਜੁਧੁ ਦਾ ਭਾਵ ਆਪਣੀ ਲੜਾਈ ਝਗੜਾ ਨਹੀਂ ਅਤੇ ਨਾ ਹੀ ਇਹ ਜਹਾਦ ਕਿਸੇ ਕੌਮ ਜਾਂ ਮੁਲਕ ਦੇ ਖਿਲਾਫ ਹੈ। ਇਹ ਧਰਮ ਯੁੱਧ ਸਤਿਗੁਰੂ ਜੀ ਦੇ ਹੁਕਮ ਮੁਤਾਬਿਕ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਨੂੰ ਮਾਰਨ ਅਤੇ ਚੜ੍ਹਦੀ ਕਲਾ ਲਈ ਹੈ। ਸਿੱਖ ਅੰਮ੍ਰਿਤ ਛਕਣ ਸਮੇਂ ਆਪਣੇ ਗੁਰੂ ਨੂੰ ਬਚਨ ਦਿੰਦਾ ਹੈ ਕਿ ਉਹ ਸਦਾ ਇਨ੍ਹਾਂ ਬੁਰਾਈਆਂ ਨੂੰ ਦੂਰ ਕਰਨ ਲਈ ਜਦੋ ਜਹਿਦ ਕਰਦਾ ਰਹੇਗਾ। ਗੁਰਸਿਖੀ ਦੀ ਦਾਤ ਕੰਨਾ ਮੁੰਨਾ ਕੁਰਰ ਵਾਲੀ ਗੱਲ ਨਹੀਂ। ਇਸ ਬਖਸ਼ਿਸ਼ ਦੇ ਪਾਤਰ ਬਣਨ ਲਈ ਬੜੀ ਘਾਲਣਾ ਦੀ ਲੋੜ ਹੈ। ਫੁਰਮਾਨ ਹੈ :-

**"ਜਉ ਤਉ ਪ੍ਰੇਮ ਖੇਲਣ ਕਾ ਚਾਉ। ।**
**ਸਿਰ ਧਰਿ ਤਲੀ ਗਲੀ ਮੇਰੀ ਆਉ।।**
**ਇਤੁ ਮਾਰਗਿ ਪੈਰੁ ਧਰੀਜੈ।।**
**ਸਿਰੁ ਦੀਜੈ ਕਾਣਿ ਨਾ ਕੀਜੈ।।"** (ਪੰਨਾ ੧੪੧੨)

ਸਿੱਖੀ ਦੇ ਮਹੱਲ ਨੂੰ ਦਸਾਂ ਪਾਤਸਾਹੀਆਂ ਨੇ ਧੁਰੋਂ ਆਏ ਇਕ ਖਾਸ ਪ੍ਰੋਗਰਾਮ ਰਾਹੀਂ ਉਸਾਰਿਆ। ਇਸ ਦੀਆਂ ਨੀਹਾਂ ਨੂੰ ਨੰਨ੍ਹੇ ਨੰਨ੍ਹੇ ਬੱਚਿਆਂ ਤੇ ਅਨੇਕਾਂ ਸਿੰਘ ਸਿੰਘਣੀਆਂ ਨੇ ਖੂਨ ਦੇ ਕੇ ਪੱਕਿਆਂ ਕੀਤਾ। ਇਸ ਸਮੇਂ ਸਿੱਖ ਧਰਮ ਦੁਨੀਆਂ ਦੇ ਸਰਬੱਤ ਧਰਮਾਂ ਵਿੱਚ ਵਿਸ਼ੇਸ਼ ਜਗਹ (ਥਾਂ) ਰੱਖਦਾ ਹੈ। ਇਸ ਦੀ ਆਪਣੀ ਆਜ਼ਾਦ ਵਿਚਾਰਧਾਰਾ ਤੇ ਫਿਲਾਸਫੀ ਹੈ।

ਦੇਖਣ ਨੂੰ ਸਿੱਖੀ ਪਰਚਾਰ ਬਹੁਤ ਸੁਹਾਵਣੇ ਤਰੀਕਿਆਂ ਨਾਲ ਹੋ ਰਿਹਾ ਹੈ। ਸਿੱਖ ਦੁਨੀਆਂ ਦੇ ਹਰ ਕੋਨੇ ਵਿੱਚ ਗੁਰਦੁਆਰੇ ਕਾਇਮ ਕਰ ਰਹੇ ਹਨ। ਨਿਸ਼ਾਨ ਸਾਹਿਬ ਝੂਲ ਰਹੇ ਹਨ। ਹਰ ਪਿੰਡ, ਹਰ ਸ਼ਹਿਰ ਦੇ ਗਲੀ ਮੁਹੱਲੇ ਦੇ ਗੁਰਦੁਆਰਿਆਂ ਵਿੱਚ ਅਖੰਡ-ਪਾਠ, ਸਹਿਜ ਪਾਠ, ਗਿਆਨ ਗੋਸ਼ਟੀਆਂ ਤੇ ਕੀਰਤਨ ਦਰਬਾਰ ਹੋ ਰਹੇ ਹਨ। ਕਈ ਜਗਹ ਵੇਖਣ ਵਿਚ ਆਇਆ ਹੈ, (ਖਾਸ ਕਰਕੇ ਪੰਜਾਬ ਵਿੱਚ) ਮੱਲੋ-ਮੱਲੀ ਲਾਊਡ ਸਪੀਕਰਾਂ ਰਾਹੀਂ ਲੋਕਾਂ ਦੇ ਕੰਨੀ ਗੁਰਬਾਣੀ ਪਾਉਣ ਦਾ ਪਰਉਪਕਾਰ ਕੀਤਾ ਜਾਂਦਾ ਹੈ। ਯੂ. ਕੇ. ਵਿੱਚ ਵੀ ਕਈ ਗੁਰਦੁਆਰਿਆਂ 'ਚ ਅਖੰਡ-ਪਾਠਾਂ ਦੀਆਂ ਲੜੀਆਂ ਚੱਲ ਰਹੀਆਂ ਹਨ। ਬਹੁਤ ਜਗ੍ਹਾ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਵੀ ਹੋ ਰਹੇ ਹਨ।

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਮਾਸਕ ਪੱਤਰ 'ਗੁਰਦੁਆਰਾ ਗਜ਼ਟ' ਤੇ 'ਗੁਰਮਤਿ ਪ੍ਰਕਾਸ਼' ਪੜ੍ਹਿਆਂ ਤੁਹਾਨੂੰ ਅੰਮ੍ਰਿਤ ਛਕਣ ਵਾਲੀਆਂ ਸੰਗਤਾਂ ਦੇ ਅੰਕੜੇ ਮਿਲਣਗੇ ਤੇ ਲਿਖਿਆ ਹੋਵੇਗਾ ਕਿ ਫਲਾਂ ਪਿੰਡ ਵਿੱਚ ਧਰਮ ਪ੍ਰਚਾਰ ਕਮੇਟੀ ਦੇ ਉਦਮ ਨਾਲ ਬੇਅੰਤ ਫੌਜਾਂ ਜ਼ਹਾਜੇ ਚੜ੍ਹੀਆਂ। ਇਸੇ ਤਰ੍ਹਾਂ ਦਿੱਲੀ ਪ੍ਰਬੰਧਕ ਕਮੇਟੀ ਲੱਖਾਂ ਹੀ ਰੁਪਏ ਹਰ ਸਾਲ ਧਰਮ ਪ੍ਰਚਾਰ ਲਈ ਖਰਚ ਕਰਦੀ ਹੈ। ਸਵਾਲ ਪੈਦਾ ਹੁੰਦਾ ਹੈ ਕਿ ਜਦ ਐਡੀ ਪੱਧਰ ਤੇ ਸਿੱਖੀ ਪ੍ਰਚਾਰ ਹੋ ਰਿਹਾ ਹੈ ਤਾਂ ਚਿੰਤਾ ਕਿਉਂ ? ਸਿਰਫ਼ ਥੋੜ੍ਹਾ ਕੁ ਘੋਖਣ ਨਾਲ ਕੁੱਝ ਤੱਤ ਸਾਹਮਣੇ ਆਉਂਦੇ ਹਨ। ਕੀ ਅਸੀਂ ਸੱਚ-ਮੁੱਚ ਆਪਣਾਂ ਜੀਵਨ ਗੁਰਬਾਣੀ ਦੇ ਦ੍ਰਿੜਾਏ ਰਸਤੇ ਤੇ ਚਲਾ ਰਹੇ ਹਾਂ ? ਕਿਧਰੇ ਪਖੰਡ ਦੇ ਟੋਏ ਵਿੱਚ ਤਾਂ ਨਹੀਂ ਡਿੱਗ ਰਹੇ ? ਸ਼ਸ਼ਤਰ ਬਸਤਰ ਧਾਰੀ ਹੋਣਾ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਹੈ। ਪਰੰਤੂ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀ ਰਾਹੀਂ ਦ੍ਰਿੜਾਈ ਗੁਰਮਤਿ ਮਰਿਯਾਦਾ ਤੇ ਅਮਲ ਕੀਤੇ ਬਿਨਾਂ ਬਾਹਰਲੀ ਰਹਿਤ ਇਕ ਫੋਕਟ ਕਰਮ ਹੀ ਬਣ ਜਾਂਦੀ ਹੈ। ਫੋਕਟ ਕ੍ਰਿਆ ਨੂੰ ਗੁਰੂ ਸਾਹਿਬ ਨੇ 'ਕੂਰ ਕ੍ਰਿਆ' ਆਖਿਆ ਹੈ। ਅੰਦਰ ਤੇ ਬਾਹਰ ਦੀ ਮਰਯਾਦਾ ਦਾ ਇੱਕ ਸੁਰ ਹੋਣਾ ਜ਼ਰੂਰੀ ਹੈ, ਜਿਵੇਂ ਸਰੀਰ ਤੇ ਰੂਹ ਦੇ ਮੇਲ ਨਾਲ ਹੀ ਜੀਵਨ ਗੱਡੀ ਚਲਦੀ ਹੈ। ਸਿੱਖ ਧਰਮ ਸੁੱਚਾ ਜੀਵਨ ਜੀਉਣਾ ਸਿਖਾਉਂਦਾ ਹੈ। ਇਹ ਥੋਥਾ ਫਲਸਫਾ ਨਹੀਂ। ਗੁਰਸ਼ਬਦ ਦੀ ਵਿਚਾਰ ਕੀਤਿਆਂ ਅਸੀਂ ਸਚਿਆਰ ਸਿੱਖ ਬਣ ਸਕਦੇ ਹਾਂ। ਸਤਿਗੁਰੂ ਜੀ ਦੇ ਹੁਕਮ ਭਾਵ ਰਹਿਤ ਮਰਯਾਦਾ ਬਾਰੇ ਗੁਰਬਾਣੀ ਇਉਂ ਪੁਕਾਰਦੀ ਹੈ :-

(1) **"ਜਾਲਉ ਐਸੀ ਰੀਤਿ ਜਿਤੁ ਮਹਿ ਪਿਆਰਾ ਵੀਸਰੈ।।"** (ਪੰਨਾ ੨੫੩)

(2) **"ਦੁਲਭੁ ਦੇਹ ਪਾਈ ਵਡਭਾਗੀ।।**
**ਨਾਮ ਨ ਜਪਹਿ ਤੇ ਆਤਮਘਾਤੀ।।"** (ਪੰਨਾ ੧੮੮)

(3) **"ਸਚਉ ਓਰੈ ਸਭੁ ਕੋ. ਉਪਰਿ ਸਚੁ ਆਚਾਰ।।"** (ਪੰਨਾ ੬੨)

(4) **"ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ।।"** (ਪੰਨਾ ੫੫੪)

(5) **"ਬਾਬਾ ਹੋਰੁ ਖਾਣਾਂ ਖੁਸੀ ਖੁਆਰੁ।। ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ।।"** (ਪੰਨਾ ੧੬)



www.AKJ.Org

(6) "**ਮੋਹਿ ਬਾਦਿ ਅਹੰਕਾਰਿ, ਸਰਪਰ ਰੁੰਨਿਆ।। ਸੁਖੁ ਨਾ ਪਾਇਨਿ ਮੂਲਿ ਨਾਮ ਵਿਛੁੰਨਿਆ।।**" (ਪੰਨਾ ੭੬੧)

ਇਹਨਾਂ ਆਦੇਸ਼ਾਂ ਤੋਂ ਭਲੀ ਪ੍ਰਕਾਰ ਸਿੱਧ ਹੁੰਦਾ ਹੈ ਕਿ ਸਿੱਖ ਨੇ ਉਹ ਹੀ ਕੰਮ ਕਰਨਾ ਹੈ ਜਿਸ ਨਾਲ ਮਾਨਸਿਕ, ਆਤਮਿਕ ਤੇ ਸਰੀਰਕ ਵਿਕਾਸ ਹੋਵੇ। ਸਤਿਗੁਰੂ ਜੀ ਨੇ ਸਾਨੂੰ 'ਸ਼ਬਦ' ਦੇ ਲੜ ਲਾਇਆ ਹੈ। ਸ਼ਬਦ ਹੀ ਸਾਡਾ ਇਸ਼ਟ ਹੈ। '**ਸ਼ਬਦ ਗੁਰੂ ਸੁਰਤਿ ਧੁਨਿ ਚੇਲਾ।।**'

---------- (ਪੰਨਾ ੯੪੩)

"**ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤ ਸਾਰੇ।। ਗੁਰ ਬਾਣੀ ਕਹੈ ਸੇਵਕੁ ਜਨੁ ਮਾਨੈ ਪ੍ਰਤਖਿ ਗੁਰੂ ਨਿਸਤਾਰੇ।।**" (ਪੰਨਾ ੯੮੨)

ਸ਼ਬਦ ਦੀ ਤਾਕਤ ਨਾਲ ਅਸੀਂ ਆਪਣਾ ਜੀਵਨ ਸੁਧਾਰ ਸਕਦੇ ਹਾਂ ਅਤੇ ਇਸੇ ਨਾਲ ਹੀ ਪੰਥ ਵਿੱਚ ਆ ਚੁੱਕੀਆਂ ਬੁਰਿਆਈਆਂ ਦਾ ਖਾਤਮਾ ਕਰ ਸਕਦੇ ਹਾਂ। ਇਸ ਰਸਤੇ ਚੱਲਣ ਲਈ ਉੱਦਮ ਦੀ ਲੋੜ ਹੈ। ਫਿਰ "**ਸਤਿਗੁਰੂ ਕੋਟ ਪੈਡਾ ਆਗੈ ਹੋਇ ਲੇਤ ਹੈ।**" ਪਰ ਬਦਕਿਸਮਤੀ ਨਾਲ ਗੁਰਬਾਣੀ ਦੇ ਅਰਥ ਅਸੀਂ ਆਪਣੀ ਸੁਆਰਥ ਸਿੱਧੀ ਲਈ ਕਰਦੇ ਹਾਂ। ਮਿਸਾਲ ਦੇ ਤੌਰ ਤੇ ਪਾਖੰਡੀ ਸਾਧ ਸੰਤ ਆਪਣੀ ਗੱਦੀ ਕਾਇਮ ਰੱਖਣ ਲਈ ਸੰਤ ਪਦ ਆਪਣੇ ਆਪ ਨੂੰ ਬ੍ਰਹਮ ਗਿਆਨੀ ਸਾਬਤ ਕਰਨ ਲਈ ਵਰਤਦੇ ਹਨ। ਇਸੇ ਤਰ੍ਹਾਂ ਮਿਰਤਕ ਸੰਸਕਾਰ ਸਮੇਂ ਰਾਗੀ ਸਿੰਘ "**ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ**" ਦੇ ਭਾਵ ਵਾਲੇ ਸ਼ਬਦ ਪੜ੍ਹਦੇ ਹਨ। ਸਿਰਫ ਰਿਸ਼ਤੇਦਾਰਾਂ ਨੂੰ ਖੁਸ਼ ਕਰਨ ਲਈ, ਭਾਵੇਂ ਮਰਨ ਵਾਲਾ ਪ੍ਰਾਣੀ ਕਿੱਡਾ ਹੀ ਕੁਕਰਮੀ ਹੋਵੇ। ਇਹੋ ਜਿਹੀਆਂ ਬੇਅੰਤ ਹੀ ਮਿਸਾਲਾਂ ਮਿਲ ਸਕਦੀਆਂ ਹਨ। ਜਦ ਅਸੀਂ ਗੁਰਬਾਣੀ ਦੇ ਆਸ਼ੇ ਮੁਤਾਬਿਕ ਚਲਦੇ ਹੀ ਨਹੀਂ, ਗੁਰੂ ਪਾਤਸ਼ਾਹ ਕਿਵੇਂ ਸਹਾਈ ਹੋ ਸਕਦੇ ਹਨ ?

**ਕਬੀਰ ਸਾਚਾ ਸਤਿਗੁਰੁ ਕਿਆ ਕਰੈ, ਜਉ ਸਿਖਾ ਮਹਿ ਚੂਕ।।**
**ਅੰਧੇ ਏਕ ਨ ਲਾਗਈ, ਜਿਉ ਬਾਂਸੁ ਬਜਾਈਐ ਫੂਕ।।**
(ਪੰਨਾ੧੩੭੨)

ਜਥੇਦਾਰ ਬਣੇ ਰਹਿਣ ਦੀ ਖਾਹਿਸ਼ ਨੇ ਸਿੱਖ ਧਰਮ ਤੇ ਕੌਮ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਹਉਮੈ ਨੂੰ ਪੱਠੇ ਪਾਉਣ ਲਈ ਕਈ ਅਖੌਤੀ ਲੀਡਰ ਬਣੇ ਫਿਰਦੇ ਹਨ। ਕਈਆਂ ਨੇ ਇਕ ਪਾਰਟੀ ਵਿਚ ਚੌਧਰ ਨਾ ਮਿਲਣ ਤੇ ਨਵੀਂ ਪਾਰਟੀ ਕਾਇਮ ਕਰ ਲੈਣ ਦਾ ਧੰਦਾ ਬਣਾਇਆ ਹੁੰਦਾ ਹੈ। ਯੂ. ਕੇ. ਵਿੱਚ ਅਤੇ ਭਾਰਤ ਵਿੱਚ ਕਈ ਅਕਾਲੀ ਦਲ, ਕਈ ਸਿੱਖ ਸਟੂਡੈਂਟਸ ਫੈਡਰੇਸ਼ਨ ਆਦਿ ਸੰਸਥਾਵਾਂ ਦੀ ਭਰਮਾਰ ਹੈ। ਇਸ ਤਰ੍ਹਾਂ ਨਿੱਤ ਨਵੇਂ ਨਾਵਾਂ ਨਾਲ ਗੁਰਦੁਆਰੇ ਕਾਇਮ ਕਰਨ ਦਾ ਤਰੀਕਾ ਜਾਰੀ ਹੈ। ਤਿਆਗ ਦਾ ਜਜ਼ਬਾ ਉਡਾਰੀ ਮਾਰ ਗਿਆ ਜਾਪਦਾ ਹੈ। ਹਰ ਕੋਈ ਲੀਡਰ ਬਣਨਾ ਚਾਹੁੰਦਾ ਹੈ। ਪਰ "**ਵਿਣੁ ਸੇਵਾ ਧ੍ਰਿਗੁ ਹਥ ਪੈਰ, ਹੋਰ ਨਿਹਫਲ ਕਰਣੀ।।**" ਦੀ ਸਚਾਈ ਨੂੰ ਨਹੀਂ ਸਮਝਦਾ। ਨਵਾਬ ਕਪੂਰ ਸਿੰਘ ਤੇ ਭਾਈ ਕਨ੍ਹਈਆ ਜੀ ਵਰਗੀਆਂ ਸੇਵਾ ਦੇ ਪੁੰਜ ਮਹਾਨ ਸਖਸ਼ੀਅਤਾਂ ਅਲੋਪ ਹੋ ਗਈਆਂ ਜਾਪਦੀਆਂ ਹਨ।

ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਭਾਵ ਦਸਾਂ ਪਾਤਸ਼ਾਹੀਆਂ ਨੇ ਹੀ ਜਾਤਪਾਤ ਦੇ ਕੋਹੜ ਤੋਂ ਬਚਣ ਲਈ ਅਨੇਕਾਂ ਵਾਰ ਤਾੜਨਾ ਕੀਤੀ। ਗੁਰੂ ਗਰੰਥ ਸਾਹਿਬ ਦੀ ਸੰਪਾਦਨਾ ਕਰਕੇ ਗੁਰੂ ਅਰਜਨ ਦੇਵ ਜੀ ਨੇ ਸੱਚੀ ਸੁੱਚੀ ਸੇਧ ਦਿੱਤੀ। ਸੰਪਾਦਨਾ ਸਮੇਂ ਭਗਤ ਕਬੀਰ, ਨਾਮਦੇਵ, ਬਾਬਾ ਫਰੀਦ, ਰਵੀਦਾਸ ਚਮਾਰ ਤੇ ਸੈਨ ਨਾਈ ਆਦਿ ਭਗਤਾਂ ਦੀ ਬਾਣੀ ਸ਼ਾਮਲ ਕਰ ਕੇ ਭਿੰਨ ਭੇਦ ਮਿਟਾ ਦਿੱਤਾ। ਦਰਬਾਰ ਸਾਹਿਬ ਅੰਮ੍ਰਿਤਸਰ ਦੀ ਨੀਂਹ ਸਾਈਂ ਮੀਆਂ ਮੀਰ ਜੀ ਤੋਂ ਰਖਵਾਈ। ਗੁਰੂ ਗੋਬਿੰਦ ਸਿੰਘ ਜੀ ਨੇ ਜਾਹਿਰ ਕਲਾ ਵਰਤਾ ਕੇ ਪੰਜ ਪਿਆਰਿਆਂ ਦੀ ਚੋਣ ਕੀਤੀ, ਅੰਮ੍ਰਿਤ ਦਾ ਬਾਟਾ ਤਿਆਰ ਕਰ ਕੇ ਪੰਜਾਂ ਨੂੰ ਛਕਾਇਆ, ਫਿਰ ਪੰਜਾਂ ਤੋਂ ਆਪ ਛਕ ਕੇ ਊਚ ਨੀਚ ਦਾ ਭਿੰਨ ਭੇਦ ਮਿਟਾ ਦਿੱਤਾ। ਬਚਨ ਕੀਤਾ :-

'**ਖਾਲਸਾ ਮੇਰੋ ਰੂਪ ਹੈ ਖਾਸ।**
**ਖਾਲਸੇ ਮਹਿ ਹਉ ਕਰਹੁ ਨਿਵਾਸ।।**

ਬੇਅੰਤ ਵਰ ਦੇ ਕੇ ਗਰੀਬ ਸਿੱਖਾਂ ਨੂੰ ਸਰਦਾਰੀ ਤੇ ਪਾਤਸ਼ਾਹੀ ਬਖਸ਼ੀ ਪਰ ਅਫਸੋਸ ! ਇੰਨੀ ਵੱਡੀ ਗੁਰੂ ਪਾਤਸ਼ਾਹ ਦੀ ਘਾਲਣਾ ਤੋਂ ਅਸੀਂ ਕੁੱਝ ਵੀ ਨਾ ਸਿਖਿਆ। ਬਿਰਾਦਰੀ ਦੀ ਦਲਦਲ ਵਿਚ ਫਸੇ ਰਹੇ। ਬਿਰਾਦਰੀਆਂ ਦੇ ਨਾਵਾਂ ਤੇ ਗੁਰਦੁਆਰੇ ਕਾਇਮ ਕੀਤੇ ਜਾ ਰਹੇ ਹਨ। ਯੂ. ਕੇ. ਵਿਚ ਰਾਮਗੜ੍ਹੀਆਂ ਦਾ ਗੁਰਦੁਆਰਾ, ਜੱਟਾਂ ਦਾ ਗੁਰਦੁਆਰਾ ਅਤੇ ਭਾਟੜਾ ਬਿਰਾਦਰੀ ਦਾ ਗੁਰਦੁਆਰਾ ਆਮ ਵੇਖਣ ਵਿਚ ਆਉਂਦੇ ਹਨ।

ਅਖੰਡ-ਪਾਠ ਵੀ ਇਕ ਰਸਮੀ ਗੱਲ ਬਣਦੀ ਜਾ ਰਹੀ ਹੈ। ਕਿਸੇ ਪਾਸ ਪਾਠ ਕਰਨ ਜਾਂ ਸੁਣਨ ਦਾ ਸਮਾਂ ਹੀ ਨਹੀਂ ਹੈ। ਮਾਇਆ ਦੇ ਕੇ ਕੀਤਾ ਕਰਾਇਆ ਪਾਠ ਝੱਟ ਸਾਰਨ ਲਈ ਮੁੱਲ ਮਿਲ ਜਾਂਦਾ ਹੈ। ਇਹ ਸਤਿਗੁਰੂ ਜੀ ਦੇ ਹੁਕਮਾਂ ਦੀ ਉਲੰਘਣਾ ਹੈ। ਫੁਰਮਾਨ ਹੈ :- "**ਸੁਣਿਆ ਮੰਨਿਆ ਮਨਿ ਕੀਤਾ ਭਾਉ।।**" ਤੇ ਅਮਲ ਨਹੀਂ ਕਰਦੇ। ਅਖੰਡ ਪਾਠ ਦੇ ਭੋਗ ਬਾਅਦ ਕਈ ਜਗਹ ਸ਼ਰਾਬ ਤੇ ਮੀਟ ਦੇ ਦੌਰ ਚਲਦੇ ਹਨ ਤੇ ਭੰਗੜੇ ਪੈਂਦੇ ਹਨ, ਨਾਲ ਹੀ ਨਿੰਦਿਆ ਚੁਗਲੀ ਦਾ ਬਾਜ਼ਾਰ ਗਰਮ ਹੋ ਜਾਂਦਾ ਹੈ। ਗੁਰਬਾਣੀ ਦੇ ਪਾਠ ਤੋਂ ਆਪਾਂ ਕੁੱਝ ਵੀ ਨਾ ਸਿੱਖਿਆ। ਇਸ ਤਰ੍ਹਾਂ ਕੀਤਾ ਪਾਠ ਕਿਸ ਤਰ੍ਹਾਂ ਲਾਭਦਾਇਕ ਹੋ



www.AKJ.Org

ਸਕਦਾ ਹੈ ? ਬਲਕਿ ਅਸੀਂ ਤਾਂ ਗੁਰਬਾਣੀ ਦੀ ਬੇਅਦਬੀ ਕਰਕੇ ਪਾਪਾਂ ਦੇ ਭਾਗੀ ਬਣਦੇ ਹਾਂ। ਕੀਰਤਨ ਦਰਬਾਰ ਵੀ ਅੱਜਕਲ ਬਹੁਤ ਹੋ ਰਹੇ ਹਨ। ਇਹ ਵੀ ਗੁਰਬਾਣੀ ਪ੍ਰਚਾਰ ਨੂੰ ਮੁੱਖ ਰੱਖ ਕੇ ਨਹੀਂ ਕੀਤੇ ਜਾਂਦੇ। ਇਸ ਪਿੱਛੇ ਵੀ ਚੌਧਰ ਤੇ ਮਾਇਆ ਇਕੱਠੀ ਕਰਨ ਦੀ ਚਾਲ ਹੁੰਦੀ ਹੈ। ਯੂ. ਕੇ. ਵਿਚ ਕਈ ਕੀਰਤਨੀ ਜਥੇ ਭਾਰਤ ਤੋਂ ਆ ਕੇ ਰਹਿੰਦੇ ਹਨ। ਇਸੇ ਤਰ੍ਹਾਂ ਕਈ ਸੰਤ ਮਹਾਤਮਾ ਵੀ ਪਧਾਰੇ ਹੋਏ ਹਨ। ਇਹ ਆਮ ਸਵਾਲ ਕੀਤਾ ਜਾਂਦਾ ਹੈ ਕਿ ਇਹ ਗੁਰੂ ਦੇ ਕੀਤਰਨੀਏ (ਨਹੀਂ ਨਹੀਂ ਮਾਇਆ ਦੇ) ਤੇ ਸੰਤ ਮਹਾਤਮਾ ਹਿੰਦੁਸਤਾਨ, ਖਾਸ ਕਰਕੇ ਪੰਜਾਬ ਵਿਚ ਪ੍ਰਚਾਰ ਕਿਉਂ ਨਹੀਂ ਕਰਦੇ ? ਹਰ ਕੋਈ ਜਾਣਦਾ ਹੈ ਕਿ ਪੰਜਾਬ ਵਿੱਚ ਸਿੱਖ ਨੌਜਵਾਨ ਦਾੜ੍ਹੀ ਕੱਟਣੀ, ਨਸ਼ਿਆ ਦਾ ਇਸਤੇਮਾਲ ਤੇ ਹੋਰ ਕੁਕਰਮਾਂ ਦਾ ਸ਼ੁਦਾਈ ਬਣਦਾ ਜਾ ਰਿਹਾ ਹੈ। ਸਿੱਖੀ ਨੂੰ ਡਾਢੀ ਢਾਹ ਲੱਗੀ ਹੋਈ ਹੈ। ਇਹ ਪਰਚਾਰਕ ਕਿਉਂ ਆਪਣੀ ਗੁਰੂ ਦੀ ਧਰਤੀ ਛੱਡ ਕੇ ਪਰਦੇਸਾਂ ਨੂੰ ਦੌੜ ਰਹੇ ਹਨ ? ਕਾਰਣ ਸਾਫ ਹੈ। ਉੱਥੇ ਮਾਇਆ ਥੋੜ੍ਹੀ ਮਿਲਦੀ ਹੈ, ਇਸ ਲਈ ਇਨ੍ਹਾਂ ਮਹਾਤਮਾ ਤੇ ਕੀਰਤਨੀਆਂ ਨੂੰ ਉਥੇ ਪ੍ਰਚਾਰ ਕਰਨ ਵਿੱਚ ਅਨੰਦ ਨਹੀਂ ਆਉਂਦਾ ਤੇ ਪਾਉਂਡਾਂ ਦੀ ਝਲਕ ਇਨ੍ਹਾਂ ਨੂੰ ਵਲੈਤ ਆਉਣ ਲਈ ਧੂਹ ਪਾਉਂਦੀ ਹੈ। ਗੁਰੂ ਪਾਤਸ਼ਾਹ ਨੇ ਫੁਰਮਾਇਆ ਹੈ :-

**"ਧ੍ਰਿਗੁ ਤਿਨਾ ਦਾ ਜੀਵਿਆ। ਜਿ ਲਿਖਿ ਲਿਖਿ ਵੇਚਹਿ ਨਾਉ।।"**
(ਪੰਨਾ੧੨੪੫)

**"ਰੋਟੀਆ ਕਾਰਣਿ ਪੂਰਹਿ ਤਾਲ।"** ਇਸ ਤਰ੍ਹਾਂ ਮਾਇਆ ਇਕੱਠੀ ਕਰਨ ਵਾਲੇ ਪਾਖੰਡੀ ਮਸੰਦ ਬਣ ਜਾਂਦੇ ਹਨ ਜਿਹਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਤੱਤੇ ਤੇਲ ਦੇ ਕੜਾਹੇ ਵਿੱਚ ਭੁੰਨਿਆ ਸੀ। ਮੋਮੋਠਗਣੇ ਬਣ ਕੇ ਇਕੱਠੀ ਕੀਤੀ ਮਾਇਆ ਇੱਕ ਵੱਡੀ ਬੀਮਾਰੀ ਹੈ ਜੋ ਵਿਭਚਾਰੀ ਤੇ ਕੰਮਚੋਰ ਬਣਨ ਲਈ ਹੱਲਾ ਸ਼ੇਰੀ ਦਿੰਦੀ ਹੈ।

ਵਿਆਹ ਸ਼ਾਦੀ ਸਮੇਂ ਅਸੀਂ ਕਈ ਫਜ਼ੂਲ ਰਸਮਾਂ ਕਰਦੇ ਹਾਂ। ਜੈ ਮਾਲਾ ਲੜਕੀ ਦਾ ਲੜਕੇ ਦੇ ਗਲ ਵਿਚ ਪਾਉਣਾ, ਮੀਟ ਸ਼ਰਾਬ ਤੇ ਭੰਗੜੇ ਆਦਿ ਉੱਤੇ ਬੇਅੰਤ ਖਰਚ ਕਰਨਾ ਅਤੇ ਦਾਜ ਦਹੇਜ ਦੀ ਲਾਹਨਤ ਸਿੱਖ ਕੌਮ ਨੂੰ ਗਲਤ ਰਸਤੇ ਪਾ ਰਹੀ ਹੈ। ਇਹ ਹਿੰਦਵਾਇਣ ਰਸਮਾਂ ਦੀ ਨਕਲ ਹੈ। ਫੋਕੀ ਸ਼ਾਨ ਕਾਇਮ ਰੱਖਣ ਲਈ ਕਈ ਪਰਵਾਰ ਕਰਜ਼ਾਈ ਤੇ ਬਰਬਾਦ ਹੋ ਚੁੱਕੇ ਹਨ। ਇਸ ਲਾਅਨਤ ਤੋਂ ਬਚਣ ਲਈ ਗੁਰਦੇਵ ਨੇ ਸਾਨੂੰ ਸਿੱਧਾ ਸਾਦਾ ਅਨੰਦ ਕਾਰਜ ਦਾ ਤਰੀਕਾ ਦੱਸਿਆ ਹੈ। ਅਸੀਂ ਆਪਣੇ ਪੈਰੀਂ ਆਪ ਕੁਹਾੜਾ ਮਾਰ ਰਹੇ ਹਾਂ। ਗਲਤ ਰਸਮਾਂ ਵਿੱਚ ਫਸ ਕੇ ਆਪਣੀ ਹੋਂਦ ਗੁਆ ਰਹੇ ਹਾਂ ਤੇ ਮਿਲਗੋਭਾ ਹੋਣਾ ਸ਼ਾਨ ਸਮਝਦੇ ਹਾਂ। ਦਸਮ ਪਾਤਸ਼ਾਹ ਦਾ ਫੁਰਮਾਣ ਹੈ :-

**"ਜਬ ਲਗ ਖਾਲਸਾ ਰਹੈ ਨਿਆਰਾ।।**
**ਤਬ ਲਗ ਤੇਜ ਦੀਉ ਮੈ ਸਾਰਾ।।**
**ਜਬ ਇਹ ਗਹੈ ਬਿਪਰਨ ਕੀ ਰੀਤ।।**
**ਮੈ ਨ ਕਰੂੰ ਇਨਕੀ ਪ੍ਰਤੀਤ।।"**

ਵਿੰਗੇ ਟੇਢੇ ਤਰੀਕਿਆਂ ਨਾਲ ਮੂਰਤੀ ਪੂਜਣ ਦੀ ਬਿਮਾਰੀ ਸਿੱਖਾਂ ਵਿੱਚ ਘੁਸੜਦੀ ਆ ਰਹੀ ਹੈ। ਗੁਰੂ ਸਾਹਿਬ ਦੀ ਮਨਘੜਤ ਫੋਟੋ ਨੂੰ ਸਿਹਰੇ ਪਾਉਣੇ, ਮੰਜੀ ਸਾਹਿਬ ਦੇ ਪਾਵਿਆਂ ਨੂੰ ਘੁੱਟਣਾ ਤੇ ਸਮਾਧਾਂ ਨੂੰ ਪੂਜਣਾ ਸਿੱਖ ਧਰਮ ਦੇ ਮੂਲਕ ਸਿਧਾਂਤ ਦੇ ਉਲਟ ਹੈ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਕਈ ਪ੍ਰਕਾਰ ਦੀਆਂ ਫੋਟੋ ਬਣਾਉਣ ਦੀ ਇਜ਼ਾਜਤ ਦੇ ਕੇ ਮਨਮਤ ਫੈਲਾਉਣ ਵਿਚ ਵਾਧਾ ਕੀਤਾ ਹੈ। ਸਿੱਖਾਂ ਦੀ ਇਸ ਧਾਰਮਿਕ ਸੰਸਥਾ ਦਾ ਇਹ ਕਰਮ ਕੁਕਰਮ ਸਾਬਤ ਹੋ ਰਿਹਾ ਹੈ।

ਮ੍ਰਿਤਕ ਪ੍ਰਾਣੀ ਦੀਆਂ ਹੱਡੀਆਂ ਬ੍ਰਹਮਣ ਮੱਤ ਗ੍ਰਹਿਣ ਕਰਕੇ ਹਰਦੁਆਰ ਭੇਟ ਕਰਨ ਦੀ ਬਜਾਇ ਕੀਰਤਪੁਰ ਲੈ ਜਾਣ ਦੀ ਰੀਤ ਆਮ ਪ੍ਰਚੱਲਤ ਹੋ ਗਈ ਹੈ। ਸਿੱਖ ਰਹਿਤ ਮਰਯਾਦਾ ਮੁਤਾਬਿਕ ਹੱਡੀਆਂ ਤੇ ਸੁਆਹ ਨੇੜੇ ਹੀ ਕਿਸੇ ਵਗਦੇ ਪਾਣੀ ਵਿਚ ਪਰਵਾਹ ਕਰ ਦੇਣੀਆਂ ਚਾਹੀਦੀਆਂ ਹਨ ਜਾਂ ਟੋਆ ਪੁੱਟ ਕੇ ਦੱਬ ਦੇਣੀਆਂ ਚਾਹੀਦੀਆਂ ਹਨ ਪਰ ਇਸ ਤੇ ਅਮਲ ਨਹੀਂ।

ਯੂ. ਕੇ. ਵਿੱਚ ਕਈ ਅੰਮ੍ਰਿਤਧਾਰੀ ਸਿੱਖ ਆਪਣੀਆਂ ਦੁਕਾਨਾਂ ਵਿੱਚ ਸਿਗਰਟ ਤੇ ਸ਼ਰਾਬ ਆਦਿ ਵੇਚਦੇ ਹਨ। ਸਿਗਰਟਾਂ ਪੀਣਾ ਜਾਂ ਵੇਚ ਕੇ ਕਮਾਈ ਖਾਣੀ ਇਕ ਬਰਾਬਰ ਹੈ। ਇਹ ਬੱਜਰ ਕੁਰਹਿਤ ਹੈ। ਇਹ ਭੱਦਰ ਪੁਰਸ਼ ਬਹਾਨਾ ਇਹ ਕਰਦੇ ਹਨ ਕਿ ਗਾਹਕ ਸਿਗਰਟ ਤੰਬਾਕੂ ਖਰੀਦਣ ਆਇਆ ਹੋਰ ਗਰੋਸਰੀ ਵੀ ਲੈ ਜਾਂਦਾ ਹੈ, ਕਿਹੜਾ ਅਸੀਂ ਪੀਂਦੇ ਹਾਂ, ਹੱਥ ਨਾਲ ਹੀ ਫੜਾ ਦਿੰਦੇ ਹਾਂ। ਜਾਂ ਗੋਰੀ ਕੁੜੀ ਰੱਖੀ ਹੋਈ ਹੈ, ਉਹ ਦੇ ਦਿੰਦੀ ਹੈ। ਲੋਭ ਲਾਲਚ ਵਿਚ ਆ ਕੇ ਅਸੀਂ ਸਤਿਗੁਰੂ ਜੀ ਦੇ ਹੁਕਮ ਨੂੰ ਭੁੱਲ ਜਾਂਦੇ ਹਾਂ।

ਇਸੇ ਤਰ੍ਹਾਂ ਦੀਆਂ ਹੋਰ ਬੇਅੰਤ ਕਮਜ਼ੋਰੀਆਂ ਸਾਡੇ ਵਿਚ ਆ ਚੁੱਕੀਆਂ ਹਨ। ਸਮੇਂ ਦੀ ਪੁਕਾਰ ਹੈ ਕਿ ਅਕਾਲੀ ਲਹਿਰ ਤੇ ਸਿੰਘ ਸਭਾ ਲਹਿਰ ਵਰਗੀਆਂ ਲਹਿਰਾਂ ਚਲਾ ਕੇ, ਪੰਥ ਵਿਚ ਆ ਚੁੱਕੀਆਂ ਇਨ੍ਹਾਂ ਕੁਰੀਤੀਆਂ ਦਾ ਖਾਤਮਾ ਕੀਤਾ ਜਾਏ। ❁ ❁ ❁ ❁ ❁


www.AKJ.Org

# ਅਕਾਲ' ਜਾਂ ਟਾਈਮਲੈਸ (Time-Less)

(ਸੂਬੇਦਾਰ ਧਰਮ ਸਿੰਘ ਸੁਜੋਂ, ਯੂ. ਕੇ.)

ਗੁਰੂ ਗਰੰਥ ਸਾਹਿਬ ਜੀ ਦੇ ਆਰੰਭ ਵਿਚ ਮੂਲ ਮੰਤਰ ਅੰਦਰ ਵਾਹਿਗੁਰੂ ਦੇ ਗੁਣਾਂ ਦਾ ਜ਼ਿਕਰ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਵਾਹਿਗੁਰੂ ਨੂੰ 'ਅਕਾਲ ਮੂਰਤਿ' ਭੀ ਆਖਦੇ ਹਨ। ਵਿਦਵਾਨ ਇਸ ਪਦ ਦਾ ਅਰਥ ਕੁਝ ਇਸ ਪ੍ਰਕਾਰ ਕਰਦੇ ਹਨ ਕਿ ਉਹ ਹਸਤੀ ਜੋ ਵਕਤ ਦੇ ਅਸਰ ਤੋਂ ਆਜ਼ਾਦ, ਰੈਹਤ ਜਾਂ ਮੁਕਤ ਹੋਵੇ ਜਾਂ ਵਕਤ ਇਸ ਹਸਤੀ ਤੇ ਕੋਈ ਅਸਰ ਨਾ ਕਰਦਾ ਹੋਵੇ। ਸਮੇਂ ਅਨੁਸਾਰ ਹਰ ਜੀਵ, ਬੱਚਾ, ਜਵਾਨ ਤੇ ਬੁੱਢਾ ਹੋ ਕੇ ਅੰਤ ਸਰੀਰ ਤਿਆਗ, ਖਤਮ ਹੋ ਜਾਂਦਾ ਹੈ। ਜੀਵ ਰੈਹਤ ਕਿਸੀ ਵੀ ਪਦਾਰਥ ਨੂੰ ਸਮੇਂ ਅਨੁਸਾਰ ਖੋਰਾ ਲੱਗ ਕੇ ਇਸ ਦੇ ਖਾਤਮੇ ਦਾ ਕਾਰਨ ਬਣਦਾ ਹੈ। ਸੰਸਾਰ ਅੰਦਰ ਕੋਈ ਭੀ ਜੀਵ ਜਾਂ ਪਦਾਰਥ ਵਕਤ ਦੇ ਅਸਰ ਤੋਂ ਬਾਲਾਤਰ ਜਾਂ ਮੁਕਤ ਨਹੀਂ ਹੈ। ਜੇ ਕੋਈ ਭੀ ਵਜੂਦ ਵਕਤ ਦੇ ਅਸਰ ਤੋਂ ਮੁਕਤ ਨਹੀਂ ਤਾਂ ਇਹ ਲਫ਼ਜ਼ ਪਰਮਾਤਮਾ ਜਾਂ ਵਾਹਿਗੁਰੂ ਲਈ ਕਿਵੇਂ ਵਰਤਿਆਂ ਗਿਆ ਹੈ'? ਜੇ ਪਰਮਾਤਮਾ ਵਕਤ ਦੇ ਅਸਰ ਤੋਂ ਮੁਕਤ ਹੈ ਤਾਂ ਕਿਵੇਂ ? ਸੰਸਾਰ ਜੋ ਉਸੇ ਦੀ ਹੀ ਉਪਜ ਹੈ, ਇਹ ਵਕਤ ਦੇ ਅਸਰ ਤੋਂ ਮੁਕਤ ਨਹੀਂ ਤਾਂ ਕਿਉਂ ?

ਇਹ ਸਵਾਲ ਜਿਥੇ ਗੁੰਝਲਦਾਰ ਤੇ ਅਨੋਖਾ ਜੇਹਾ ਹੈ ਉਥੇ ਹੀ ਇਸ ਸਵਾਲ ਦੀ ਖੋਜ ਕੁਝ ਦਿਲਚਸਪ ਭੀ ਹੈ। ਆਉ ਇਸ ਸਵਾਲ ਦੇ ਹੱਲ ਲਈ ਸਾਇੰਸ ਦੀ ਕੁਝ ਸਹਾਇਤਾ ਲਈਏ। ਨਿਊਟਨ ਨਾਮੇ ਇਕ ਮਸ਼ਹੂਰ ਸਾਇੰਸਦਾਨ ਅੱਜ ਤੋਂ ਕੋਈ ਤਿੰਨ ਕੁ ਸੌ ਸਾਲ ਪਹਿਲਾਂ ਹੋਇਆ ਹੈ। ਉਹ ਇਕ ਦਿਨ ਆਪਣੇ ਬਗੀਚੇ ਵਿੱਚ ਸੇਬ ਦੇ ਇੱਕ ਬੂਟੇ ਥੱਲੇ, ਆਪਣੀਆਂ ਸੋਚਾਂ ਵਿੱਚ ਗੜੂੰਦ ਹੋਇਆ ਬੈਠਾ ਸੀ ਕਿ ਅਚਾਨਕ ਇਕ ਸੇਬ ਦਰੱਖਤ ਨਾਲੋਂ ਟੁੱਟ ਨਿਊਟਨ ਦੇ ਸਿਰ ਵਿਚ ਵੱਜਾ। ਸੇਬ ਨੂੰ ਧਰਤੀ ਤੇ ਡਿੱਗਿਆ ਵੇਖ ਉਹ ਸੋਚੀਂ ਪੈ ਗਿਆ ਕਿ ਸੇਬ ਧਰਤੀ ਵੱਲ ਨੂੰ ਕਿਉਂ ਆਇਆ, ਉੱਪਰ ਅਸਮਾਨ ਵੱਲ ਨੂੰ ਕਿਉਂ ਨਹੀਂ ਗਿਆ ? ਨਿਊਟਨ ਦੀ ਇਸ ਸੋਚ ਨੇ ਸੰਸਾਰ ਨੂੰ ਪਦਾਰਥਕ ਖਿੱਚ ਜਾਂ Gravitational Force ਦਾ ਗਿਆਨ ਦਿੱਤਾ। ਇਸ ਵੀਹਵੀਂ ਸਦੀ ਦੇ ਆਰੰਭ ਵਿੱਚ ਇਸ ਸਦੀ ਦੇ ਮਹਾਨ ਸਾਇੰਸਦਾਨ ਐਲਬਰਟ ਆਇਨਸਟਾਈਨ ਨੇ ਇਸ ਖੋਜ ਨੂੰ ਹੋਰ ਅੱਗੇ ਤੋਰਿਆ ਅਤੇ ਸੰਨ 1905 ਵਿੱਚ ਸਪੇਸ਼ਲ ਰੈਲੇਟਿਵਟੀ (Special Relativity) ਅਤੇ ਸੰਨ 1916 ਵਿਚ ਜਨਰਲ ਰੈਲੇਟਿਵਟੀ ਦੇ ਦੋ ਸਿਧਾਂਤ ਸੰਸਾਰ ਦੇ ਅੱਗੇ ਪੇਸ਼ ਕੀਤੇ।

ਇਹ ਸਿਧਾਂਤ ਇਤਨੇ ਗੁੰਝਲਦਾਰ ਅਤੇ ਸਮਝਣ ਲਈ ਇਤਨੇ ਔਖੇ ਸਨ ਕਿ ਸ਼ੁਰੂ ਸ਼ੁਰੂ ਵਿਚ ਆਮ ਇਨਸਾਨ ਤਾਂ ਕਿਆ ਸਾਇੰਸਦਾਨ ਭੀ ਇਸ ਨੂੰ ਨਾ ਸਮਝ ਸਕੇ। ਸੰਨ 1919 ਵਿੱਚ ਸੂਰਜ ਨੂੰ ਪੂਰਨ ਗਰੈਹਣ ਲੱਗਾ ਸੀ ਜੋ ਪੂਰਨ ਰੂਪ ਵਿੱਚ ਅਫਰੀਕਾ ਵਿੱਚ ਨਜ਼ਰ ਆਉਣਾ ਸੀ। ਇੰਗਲੈਂਡ ਦੇ ਮਸ਼ਹੂਰ ਸਾਇੰਸਦਾਨ ਲਾਰਡ ਐਡਿੰਗਟਨ ਨੇ ਅਫਰੀਕਾ ਵਿਚ ਜਾ ਕੇ, ਆਇਨਸਟਾਈਨ ਦੇ ਸਿਧਾਂਤ ਦੀ ਪਰਖ ਲਈ ਕੁੱਝ ਤਜਰਬੇ ਕੀਤੇ। ਇਨ੍ਹਾ ਤਜਰਬਿਆਂ ਦੇ ਨਤੀਜਿਆ ਦੇ ਆਧਾਰ ਤੇ ਲਾਰਡ ਐਡਿੰਗਟਨ ਪਹਿਲਾ ਸਾਇੰਸਦਾਨ ਸੀ ਜੋ ਆਇਨਸਟਾਈਨ ਦੇ ਉਪਰ ਲਿਖੇ ਸਿਧਾਂਤਾਂ ਨੂੰ ਸਮਝ ਸਕਿਆ। ਉਸ ਨੇ ਇਨ੍ਹਾਂ ਸਿਧਾਂਤਾਂ ਦੀ ਪੁਸ਼ਟੀ ਕਰਕੇ ਇਨ੍ਹਾਂ ਦੀ ਹਕੀਕਤ ਤੋਂ ਸੰਸਾਰ ਨੂੰ ਜਾਣੂ ਕਰਾਇਆ। ਇਸ ਤੋਂ ਪਿਛੋਂ ਭੀ ਸੰਸਾਰ ਦੇ ਸਾਇੰਸਦਾਨਾਂ ਨੂੰ ਇਹ ਗੁੰਝਲਦਾਰ ਸਿਧਾਂਤ ਸਮਝਣ ਲਈ 25-26 ਸਾਲ ਲੱਗ ਗਏ ਅੰਤ ਸੰਨ 1945 ਵਿੱਚ ਸੰਸਾਰ ਦੇ ਸਾਇੰਸਦਾਨ, ਆਇਨਸਟਾਈਨ ਦੀ ਖੋਜ ਨਾਲ ਸੈਹਮਤ ਹੋਏ।

ਇਸ ਲੇਖ ਵਿਚ ਅਸੀਂ ਸਿਰਫ ਸਪੈਸ਼ਲ ਰੈਲੇਟਿਵਟੀ ਦੇ ਸਿਧਾਂਤ ਦੀ ਹੀ ਗੱਲ ਕਰਾਂਗੇ, ਉਹ ਭੀ ਉਤਨੀ ਕੁ ਹੀ, ਜਿਤਨੀ ਕੁ ਦਾ ਸੰਬੰਧ ਸਾਡੇ ਇਸ ਹਥਲੇ ਲੇਖ ਨਾਲ ਹੈ। ਇਸ ਸਿਧਾਂਤ ਦੇ ਕੁਝ ਪਰਮੁੱਖ ਰਹੱਸ ਇਸ ਪਰਕਾਰ ਹਨ -

1. ਕੋਈ ਭੀ ਉੜਨੇ, ਰੁੜ੍ਹਨੇ ਜਾਂ ਤੁਰਨੇ ਵਾਲੀ ਸ਼ੈ ਰੋਸ਼ਨੀ ਦੀ ਰਫ਼ਤਾਰ ਤੋਂ ਵੱਧ ਰਫ਼ਤਾਰ ਨਹੀਂ ਪਕੜ ਸਕਦੀ। ਰੌਸ਼ਨੀ ਦੀ ਰਫ਼ਤਾਰ ਇੱਕ ਲੱਖ ਛਿਆਸੀ ਹਜ਼ਾਰ ਮੀਲ ਜਾਂ ਤਿੰਨ ਲੱਖ ਕਿਲੋ ਮੀਟਰ ਪ੍ਰਤੀ ਸੈਕੰਡ ਹੈ।
2. ਰਫ਼ਤਾਰ ਦੇ ਵਾਧੇ ਨਾਲ, ਉੜਨੇ, ਰੁੜ੍ਹਨੇ ਜਾਂ ਤੁਰਨੇ ਵਾਲੀ ਸ਼ੈ ਦਾ ਵਜ਼ਨ ਭੀ ਵਧਦਾ ਜਾਂਦਾ ਹੈ। ਜਦੋਂ ਇਹ ਰਫ਼ਤਾਰ ਰੌਸ਼ਨੀ ਦੀ ਰਫ਼ਤਾਰ ਦੇ ਬਰਾਬਰ ਪਹੁੰਚ ਜਾਵੇ ਤਾਂ ਇਸ ਦਾ ਵਜ਼ਨ ਬੇ-ਓੜਕਾ (Infinite) ਹੋ ਜਾਂਦਾ ਹੈ।
3. ਰਫ਼ਤਾਰ ਦੇ ਵਧਣ ਨਾਲ ਉੜਨੇ, ਰੁੜ੍ਹਨੇ ਜਾਂ ਤੁਰਨੇ ਵਾਲੀ ਸ਼ੈ ਦਾ ਕਦ ਘਟਣ ਲੱਗ ਜਾਂਦਾ ਹੈ। ਰੌਸ਼ਨੀ ਦੀ



www.AKJ.Org

ਰਫ਼ਤਾਰ ਤੇ ਪਹੁੰਚਣ ਤੇ ਸ਼ੈ (ਚੀਜ਼) ਦਾ ਕਦ ਸਿਫ਼ਰ (Zero) ਹੋ ਜਾਂਦਾ ਹੈ।

4. ਰਫ਼ਤਾਰ ਦੇ ਵਾਧੇ ਨਾਲ ਘੜੀ ਦੀ ਰਫ਼ਤਾਰ ਮੱਧਮ ਹੋਣੀ ਸ਼ੁਰੂ ਹੋ ਜਾਂਦੀ ਹੈ। ਰੌਸ਼ਨੀ ਦੀ ਰਫ਼ਤਾਰ ਤੇ ਪਹੁੰਚਣ ਤੇ ਘੜੀ ਦੀ ਰਫਤਾਰ ਬਿਲਕੁੱਲ ਬੰਦ ਹੋ ਜਾਂਦੀ ਹੈ।

5. ਰੌਸ਼ਨੀ ਦੀ ਰਫ਼ਤਾਰ ਤੋਂ ਵੱਧ ਰਫ਼ਤਾਰ, ਹੁਣ ਤੱਕ ਦਰਿਆਫ਼ਤ ਹੋ ਚੁੱਕੇ ਕੁਦਰਤ ਦੇ ਨਿਯਮਾਂ ਅਨੁਸਾਰ ਸੰਭਵ ਤਾਂ ਨਹੀਂ ਪਰ ਆਉਣ ਵਾਲੇ ਸਮੇਂ ਵਿੱਚ ਕੁਦਰਤ ਦੇ ਕਿਸੇ ਨਵੇਂ ਦਰਿਆਫ਼ਤ ਹੋਏ ਨਿਯਮ ਅਨੁਸਾਰ ਜੇ ਰਫ਼ਤਾਰ, ਰੌਸ਼ਨੀ ਦੀ ਰਫ਼ਤਾਰ ਤੋਂ ਵੱਧ ਹੋ ਜਾਵੇ ਤਾਂ ਘੜੀ ਦੀਆਂ ਸੂਈਆਂ ਪਿੱਛੇ ਵੱਲ ਚੱਲਣ ਲੱਗ ਜਾਣਗੀਆਂ, ਸਾਡਾ ਵਿਸ਼ਾ ਕਾਲ ਜਾਂ ਵਕਤ ਨਾਲ ਸੰਬੰਧ ਰੱਖਦਾ ਹੈ। ਵਕਤ ਨੂੰ ਅਸੀਂ ਘੜੀਆਂ ਰਾਹੀਂ ਨਾਪਦੇ ਹਾਂ, ਇਸ ਲਈ ਸਾਨੂੰ ਉੱਪਰ ਦਿੱਤੇ ਨਿਯਮ 4 ਅਤੇ 5 ਦੀ ਖਾਸ ਘੋਖ ਕਰਨੀ ਪਵੇਗੀ।

ਕਿਸੀ ਭੀ ਗਰੇਹ ਦੀ ਪਦਾਰਥ ਖਿੱਚ (Gravitational Force) ਉਸ ਗਰੇਹ ਦੇ ਵਜ਼ਨ ਤੇ ਨਿਰਭਰ ਕਰਦੀ ਹੈ। ਸਾਡੀ ਧਰਤੀ ਦੀ ਪਦਾਰਥਕ ਖਿੱਚ ਦੀ ਸ਼ਕਤੀ 7 ਮੀਲ ਪ੍ਰਤੀ ਸੈਕੰਡ ਜਾਂ 25 ਹਜ਼ਾਰ ਮੀਲ ਪ੍ਰਤੀ ਘੰਟਾ ਹੈ ਜਾਂ ਦੂਸਰੇ ਲਫ਼ਜ਼ਾਂ ਵਿਚ ਸਾਡੀ ਧਰਤੀ ਦੀ ਐਸਕੇਪ ਵਿਲੌਸਿਟੀ (Escape Velocity) 25 ਹਜ਼ਾਰ ਪ੍ਰਤੀ ਘੰਟਾ ਹੈ। ਇਸੀ ਹਿਸਾਬ ਨਾਲ ਸੂਰਜ ਦੀ ਐਸਕੇਪ ਵਿਲੌਸਿਟੀ 385 ਮੀਲ ਪ੍ਰਤੀ ਸੈਕੰਡ ਹੈ। ਕੋਈ ਉਪਗਰੇਹ ਜੇ ਜ਼ਮੀਨ ਦੀ ਖਿੱਚ ਸ਼ਕਤੀ ਤੋਂ ਬਾਹਰ ਨਿਕਲਣਾ ਚਾਹੇ, ਉਸ ਦੀ ਰਫ਼ਤਾਰ 7 ਮੀਲ ਪ੍ਰਤੀ ਸੈਕੰਡ ਜਾਂ 25 ਹਜ਼ਾਰ ਮੀਲ ਪ੍ਰਤੀ ਘੰਟਾ ਤੋਂ ਵੱਧ ਹੋਵੇਗੀ ਤਾਂ ਹੀ ਉਹ ਉਪਗਰੇਹ ਜ਼ਮੀਨ ਦੀ ਖਿੱਚ ਸ਼ਕਤੀ ਦੇ ਖੇਤਰ (Gravitational Field) ਤੋਂ ਬਾਹਰ ਜਾ ਸਕੇਗਾ। ਜੇ ਰਫ਼ਤਾਰ ਇਸ ਤੋਂ ਘੱਟ ਹੋਵੇਗੀ ਤਾਂ ਉਪਗਰੇਹ ਖਿੱਚ ਸ਼ਕਤੀ ਦੇ ਖੇਤਰ ਤੋਂ ਬਾਹਰ ਨਹੀਂ ਜਾ ਸਕੇਗਾ ਤੇ ਇਸ ਖੇਤਰ ਦੇ ਅੰਦਰ ਰੈਹ ਕੇ ਹੀ ਧਰਤੀ ਦੇ ਗਿਰਦ ਹੀ ਚੱਕਰ ਕੱਟਣ ਲਗ ਜਾਵੇਗਾ। ਇਸ ਲਈ ਹੀ ਉਪ ਗਰੇਹਾਂ ਦੀ ਰਫ਼ਤਾਰ 25 ਹਜ਼ਾਰ ਤੋਂ ਵੱਧ 30 ਜਾਂ 35 ਹਜ਼ਾਰ ਮੀਲ ਪ੍ਰਤੀ ਘੰਟਾ ਰੱਖਣੀ ਜ਼ਰੂਰੀ ਹੁੰਦੀ ਹੈ।

ਆਓ ਹੁਣ ਇਸ ਸਿਧਾਂਤ ਦੇ ਦਿਲਚਸਪ ਪੈਹਲੂ ਦੀ ਜਾਣਕਾਰੀ ਭੀ ਕਰਾਈਏ। ਆਉਣ ਵਾਲੇ ਸਮੇਂ ਵਿੱਚ ਸਾਇੰਸਦਾਨ ਹੁਣ ਤੋਂ ਹੀ ਅੰਤਰ-ਗਰੈਹੀ (Inter-stellar) ਸਫ਼ਰ ਦੀ ਵਿਉਂਤਬੰਦੀ ਕਰ ਰਹੇ ਹਨ। ਅੰਤਰ ਗਰੈਹੀ ਸਫ਼ਰ ਲਈ 30-35 ਹਜ਼ਾਰ ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਬਹੁਤ ਹੀ ਥੋੜ੍ਹੀ ਹੈ। ਇਸ ਮਕਸਦ ਲਈ ਸਾਨੂੰ ਬਹੁਤ ਹੀ ਤੇਜ਼ ਰਫ਼ਤਾਰ ਗੱਡੀਆਂ ਦੀ ਲੋੜ ਹੋਵੇਗੀ। ਜੇ ਰੋਸ਼ਨੀ ਦੀ ਰਫ਼ਤਾਰ ਦੇ ਬਰਾਬਰ ਨਹੀਂ ਭੀ ਤਾਂ ਭੀ ਇਸ ਤੋਂ ਅੱਧ ਪਚੱਧੀ ਰਫ਼ਤਾਰ ਤੱਕ ਤਾਂ ਪਹੁੰਚਣਾ ਹੀ ਪਵੇਗਾ। ਸਾਥੋਂ ਸਭ ਤੋਂ ਨਜ਼ਦੀਕੀ ਤਾਰੇ ਜਾਂ ਗਰੇਹ ਤੇ ਪਹੁੰਚਣ ਲਈ ਰੌਸ਼ਨੀ ਦੀ ਰਫ਼ਤਾਰ ਤੇ ਚਲਣ ਨਾਲ ਭੀ ਸਾਢੇ ਚਾਰ ਸਾਲ ਲਗਦੇ ਹਨ ਤੇ ਉਸ ਤੋਂ ਅਗਲੇ ਗਰੇਹ ਤੇ ਪਹੁੰਚਣ ਲਈ 19 ਸਾਲ ਲਗਦੇ ਹਨ। ਜੇ ਕਿਸੀ ਵਕਤ ਰੌਸ਼ਨੀ ਤੋਂ ਅੱਧੀ ਰਫ਼ਤਾਰ ਤੇ ਭੀ ਚਲ ਸਕੇ ਤਾਂ ਇਨ੍ਹਾ ਨਜ਼ਦੀਕੀ ਗਰੇਹਾਂ ਤੇ ਪਹੁੰਚਣ ਲਈ 9 ਤੋਂ 38 ਸਾਲ ਲਗਣਗੇ। ਇੰਨਾਂ ਸਮਾਂ ਹੀ ਵਾਪਸੀ ਲਈ ਲੱਗੇਗਾ, ਹੋਰ ਇਨ੍ਹਾਂ ਤੋਂ ਪਰੇ ਦੇ ਗਰੇਹਾਂ ਦੀ ਤਾਂ ਗੱਲ ਹੀ ਛੱਡੋ।

ਜੇ ਆਉਣ ਵਾਲੇ ਕਿਸੀ ਸਮੇਂ ਇਹ ਸਫ਼ਰ ਸੰਭਵ ਹੋ ਗਏ ਤਾਂ ਹੋਵੇਗਾ ਕਿਆ ? ਜੋ ਸੱਜਨ ਇਨ੍ਹਾਂ ਗਰੇਹਾਂ ਵੱਲ ਜਾ ਕੇ ਆਉਣਗੇ ਤਾਂ ਦੋ ਨੰਬਰ ਤੇ ਗਰੈਹ ਤੇ 38 ਸਾਲ ਜਾਣ ਤੇ 38 ਸਾਲ ਆਉਣ ਨੂੰ ਲੱਗਣਗੇ। ਅਸੀਂ ਜ਼ਮੀਨ ਦੀਆਂ ਘੜੀਆਂ ਅਨੁਸਾਰ 76 ਸਾਲਾਂ ਵਿੱਚ ਵਾਪਸ ਆਵਾਂਗੇ। ਉਪ-ਗਰੇਹੀ ਸਫ਼ਰ ਵਿਚ ਤੇਜ਼ ਰਫ਼ਤਾਰੀ ਦੇ ਕਾਰਨ ਸਾਡੀ ਘੜੀ ਦੀ ਰਫ਼ਤਾਰ ਅਨੁਸਾਰ ਸ਼ਾਇਦ ਦੋ ਸਾਲ ਦਾ ਸਮਾਂ ਹੀ ਗੁਜ਼ਰਿਆ ਹੋਵੇਗਾ। ਜੇ ਇਸ ਸਫਰ ਤੇ ਚਲਣ ਵੇਲੇ ਸਾਡੀ ਉਮਰ 30 ਸਾਲ ਹੋਵੇਗੀ ਤੇ ਸਾਡੇ ਪਿੱਛੇ ਸਾਡੇ ਲੜਕੇ ਦੀ ਉਮਰ 5 ਸਾਲ ਹੋਵੇਗੀ ਤਾਂ ਵਾਪਸੀ ਤੇ ਸਾਡੀ ਉਮਰ 30 + 2 = 32 ਹਾਲੇ ਸਿਰਫ਼ 32 ਸਾਲ ਦੀ ਹੋਵੇਗੀ ਤੇ ਸਾਡੇ ਲੜਕੇ ਦੀ ਉਮਰ 5 + 76 = 81 ਇਕਾਸੀ ਸਾਲ ਦੀ ਹੋਵੇਗੀ। ਅਸੀਂ ਉਸ ਦੇ ਸਾਹਮਣੇ ਬੱਚੇ ਲੱਗਾਂਗੇ ਤੇ ਉਹ ਲੜਕਾ ਸਾਡੇ ਬਾਬੇ ਸਮਾਨ ਹੋਵੇਗਾ, ਅਜੀਬ ਜੇਹੀ ਕਹਾਣੀ ਬਣ ਜਾਵੇਗੀ। ਜੇ ਇਸ ਗਰੇਹ ਤੋਂ ਅੱਗੇ ਕੁੱਝ ਦੂਰ ਹੋਰ ਗਏ ਜਿਥੇ ਜ਼ਮੀਨੀ ਘੜੀਆਂ ਅਨੁਸਾਰ ਇਕ ਹਜ਼ਾਰ ਸਾਲ ਗੁਜ਼ਰ ਚੁੱਕਾ ਹੋਵੇਗਾ ਤੇ ਸਾਡੇ ਹੱਥ ਤੇ ਲੱਗੀ ਘੜੀ ਅਨੁਸਾਰ ਹਾਲੇ ਸ਼ਾਇਦ 8-10 ਸਾਲ ਹੀ ਗੁਜ਼ਰੇ ਹੋਣਗੇ ਤਾਂ ਵਾਪਸੀ ਤੇ ਸਾਡੀ ਹੱਥ ਘੜੀ 20 ਸਾਲ ਗੁਜ਼ਰੇ ਦਸੇਗੀ ਤੇ ਜ਼ਮੀਨ ਦੀਆਂ ਘੜੀਆਂ ਅਨੁਸਾਰ ਦੋ ਹਜ਼ਾਰ ਸਾਲ ਗੁਜ਼ਰ ਚੁੱਕੇ ਹੋਣਗੇ। ਅਸੀਂ ਤਾਂ 30 + 20 = 50 ਸਾਲ ਦੇ ਹੋਵਾਂਗੇ ਤੇ ਜ਼ਮੀਨ ਤੇ ਦੋ ਹਜ਼ਾਰ ਸਾਲ ਗੁਜ਼ਰ ਚੁਕੇ ਹੋਣ ਕਰਕੇ ਸਾਨੂੰ ਪਛਾਨਣੇ ਵਾਲੇ ਭੀ ਕੋਈ ਨਹੀਂ ਹੋਵੇਗਾ। ਇਹ ਭੀ ਪਤਾ ਨਹੀਂ ਕਿ ਘਰ ਤੇ ਪਿੰਡ ਕਾਇਮ ਭੀ ਹੋਵੇਗਾ ਜਾਂ ਸਾਡੇ ਆਉਣ ਤੱਕ [illegible] ਨਵਾਂ ਚੰਡੀਗੜ੍ਹ ਬਣ ਚੁੱਕਾ ਹੋਵੇਗਾ।

ਇਥੇ [illegible] ਬੱਸ ਨਹੀਂ, ਆਓ ਹੁਣ ਜ਼ਰਾ ਲਗਦੇ



www.AKJ.Org

ਹੱਥ ਉਪਰ ਲਿਖੇ ਨਿਯਮ ਨੰ: 5 ਵੱਲ ਭੀ ਥੋੜ੍ਹੀ ਜੇਹੀ ਝਾਤ ਮਾਰ ਲਈਏ। ਇਹ ਨਿਯਮ ਨੰ: 4 ਨਿਯਮ ਨਾਲੋਂ ਭੀ ਜ਼ਿਆਦਾ ਅਦਭੁਤ ਹੈ। ਇਸ ਨਿਯਮ ਅਧੀਨ ਜੇ ਤੁਸੀਂ ਰੌਸ਼ਨੀ ਦੀ ਰਫ਼ਤਾਰ ਤੋਂ ਜ਼ਿਆਦਾ ਤੇਜ਼ ਰਫ਼ਤਾਰ ਪਕੜ ਜਾਓ ਤਾਂ ਤੁਹਾਡੀ ਘੜੀ ਦੀਆਂ ਸੂਈਆਂ ਪਿਛਲੇ ਪਾਸੇ ਵੱਲ ਚੱਲ ਪੈਣਗੀਆ। ਜੇ ਦੂਰ ਦੇ ਕਿਸੇ ਸਫ਼ਰ ਤੇ ਤੁਹਾਡੇ ਹੱਥ ਦੀ ਘੜੀ 20 ਸਾਲ ਪਿਛੇ ਵੱਲ ਘੁੰਮ ਗਈ ਤਾਂ ਵਾਪਸੀ ਤੇ ਤੁਸੀਂ 30 ਦੀ ਥਾਂ 10 ਸਾਲ ਦੇ ਬਣ ਕੇ ਆਉਗੇ।

ਸਾਇੰਸਦਾਨਾਂ ਨੇ ਇਸ ਨਿਯਮ ਦੀ ਵਿਆਖਿਆ ਕਰਦਿਆਂ ਦੋ ਉਦਾਹਰਨਾਂ ਦਿਤੀਆਂ ਹਨ। ਉਹ ਇਸ ਤਰ੍ਹਾਂ ਕਿ ਇਕ ਸੱਜਨ ਆਪਣੇ ਅੰਤਰ-ਗਰੈਹੀ ਸਫ਼ਰ ਤੇ ਰੌਸ਼ਨੀ ਦੀ ਰਫ਼ਤਾਰ ਤੋਂ ਭੀ ਜ਼ਿਆਦਾ ਤੇਜ਼ ਰਫ਼ਤਾਰ ਤੇ ਰਵਾਨਾ ਹੋਇਆ। ਪਿਛੇ ਉਸਦਾ ਲੜਕਾ ਕਿਸੇ ਬਿਦੇਸ਼ੀ ਮੁਲਕ ਵਿਚ ਕਮਾਈ ਕਰਨ ਗਿਆ। ਲੜਕਾ 8-10 ਸਾਲ ਪਿਛੋਂ ਜਦੋਂ ਵਾਪਸ ਆਇਆ ਤਾਂ ਉਸ ਦੀ ਮਾਂ ਇਕ ਬਹੁਤ ਹੀ ਛੋਟੀ ਉਮਰ ਦੇ ਬੱਚੇ ਨੂੰ ਗੋਦੀ ਚੁੱਕੀ ਖੜ੍ਹੀ ਸੀ। ਮਾਂ ਦੀ ਗੋਦ ਵਿੱਚ ਇੱਕ ਬੱਚਾ ਦੇਖ ਕੇ, ਪੁੱਤਰ ਮਾਂ ਨਾਲ ਝਗੜਾ ਕਰਨ ਲੱਗਾ ਕਿ ਪਿਤਾ ਜੀ ਤਾਂ ਅੰਤਰ-ਗਰੈਹੀ ਸਫ਼ਰ ਤੇ ਚਲੇ ਗਏ, ਮੈਨੂੰ ਕਮਾਈ ਕਰਨ ਬਦੇਸ਼ ਜਾਣਾ ਪਿਆ, ਤੂੰ ਸਾਡੀ ਗੈਰ ਹਾਜ਼ਰੀ ਵਿੱਚ ਇਹ ਕਿਆ ਕਾਰਾ ਕਰ ਲਿਆ ? ਅੱਗੋਂ ਮਾਂ ਹੱਸ ਪਈ ਤੇ ਬੋਲੀ ਕਿ ਇਹ ਬੱਚਾ ਜੋ ਮੇਰੀ ਗੋਦ ਵਿੱਚ ਹੈ ਇਹ ਤੇਰਾ ਪਿਤਾ ਜੀ ਹੈ। ਅੰਤਰ-ਗਰੈਹੀ ਸਫ਼ਰ ਤੇ ਇਹ ਰੌਸ਼ਨੀ ਦੀ ਰਫ਼ਤਾਰ ਨਾਲੋਂ ਜ਼ਿਆਦਾ ਤੇਜ਼ ਰਫ਼ਤਾਰ ਤੇ ਸਫ਼ਰ ਕਰਦਾ ਰਿਹਾ ਤੇ ਇਸ ਦੀ ਉਮਰ ਘਟਦੀ ਰਹੀ।

ਦੂਸਰੀ ਉਦਾਹਰਨ ਇਸ ਪ੍ਰਕਾਰ ਹੈ :-ਇੱਕ ਲੜਕੀ ਜਿਸ ਦਾ ਨਾਮ ਮਿਸ ਬਰਾਈਟ ਸੀ ਜੇਹੜੀ ਕਿ ਰੌਸ਼ਨੀ ਦੀ ਰਫ਼ਤਾਰ ਨਾਲੋਂ ਭੀ ਤੇਜ਼ ਚਲ ਸਕਦੀ ਸੀ ਉਹ ਇਕ ਦਿਨ ਸਵੇਰ ਨੂੰ ਘਰੋਂ ਰਵਾਨਾ ਹੋਈ ਪਰ ਪਿਛਲੀ ਰਾਤੀਂ ਉਹ ਘਰ ਵਾਪਸ ਆ ਗਈ। ਸੋ ਜੇ ਕਿਤੇ ਰੌਸ਼ਨੀ ਦੀ ਰਫ਼ਤਾਰ ਤੋਂ ਵੱਧ ਤੇਜ਼ ਰਫ਼ਤਾਰ ਸਫ਼ਰ ਸੰਭਵ ਹੋ ਗਿਆ ਤਾਂ ਬੜੀਆਂ ਅਣਹੋਣੀਆਂ ਜੇਹੀਆਂ ਗੱਲਾਂ ਹੋਣ ਲੱਗ ਪੈਣਗੀਆਂ।

ਹੁਣ ਉਪਰ ਲਿਖੇ ਨਿਯਮ ਨੰ: 4 ਵੱਲ ਵਾਪਸ ਆਉਂਦੇ ਹਾਂ। ਆਉਣ ਵਾਲੇ ਸਮੇਂ ਵਿੱਚ ਜਦੋਂ ਕਿਤੇ ਰੌਸ਼ਨੀ ਦੀ ਰਫ਼ਤਾਰ ਨਾਲ ਸਫ਼ਰ ਸੰਭਵ ਹੋ ਗਿਆ ਤਾਂ ਜੇ ਤੁਸੀਂ 30 ਸਾਲ ਦੀ ਉਮਰ ਵਿਚ ਘਰ ਤੋਂ ਰਵਾਨਾ ਹੋਏ, ਤੁਹਾਡੀ ਘੜੀ ਨਾ ਹੀ ਅੱਗੇ ਤੇ ਨਾ ਹੀ ਪਿਛੇ ਵੱਲ ਚਲ ਰਹੀ ਹੋਵੇਗੀ। ਉਹ ਇਕ ਹੀ ਥਾਂ ਤੇ ਖੜ੍ਹੀ ਰਹੇਗੀ। ਧਰਤੀ ਤੇ ਲੱਖਾਂ ਕਰੋੜਾਂ ਸਾਲ ਗੁਜ਼ਰ ਜਾਣ ਪਿਛੋਂ ਜਦੋਂ ਭੀ ਤੁਸੀਂ ਵਾਪਸ ਆਉਂਗੇ, ਤੁਹਾਡੀ ਉਮਰ ਉਸ ਵਕਤ ਭੀ 30 ਸਾਲ ਦੀ ਹੀ ਹੋਵੇਗੀ। ਜਿਤਨੀ ਦੇਰ ਤੁਸੀਂ ਰੌਸ਼ਨੀ ਦੀ ਰਫ਼ਤਾਰ ਤੇ ਸਫ਼ਰ ਵਿੱਚ ਰਹੋਗੇ, ਤੁਹਾਡੀ ਘੜੀ ਖੜ੍ਹੀ ਹੀਂ ਰਹੇਗੀ, ਵਕਤ ਜਾਂ ਕਾਲ ਦਾ ਵਜੂਦ ਉਤਨੀ ਦੇਰ ਖਤਮ ਰਹੇਗਾ। ਜਦੋਂ ਵਕਤ ਜਾਂ ਕਾਲ ਦਾ ਵਜੂਦ ਹੀ ਕੋਈ ਨਾ ਰਿਹਾ ਤਾਂ ਆਦਿ, ਮਧ ਅਤੇ ਅੰਤ ਦੇ ਸ਼ਬਦਾਂ ਦਾ ਅਰਥ ਹੀ ਕੋਈ ਨਾ ਰਿਹਾ। ਉਥੇ ਕਦੀ ਆਦਿ ਹੀ ਨਹੀਂ ਹੁੰਦਾ, ਜਦੋਂ ਆਦਿ ਹੀ ਨਹੀਂ ਤਾਂ ਅੰਤ ਕਿਸ ਦਾ ? ਉਥੇ ਸਦਾ "ਹੁਣ" (Now) ਦੀ ਅਵਸਥਾ ਰਹੇਗੀ। ਰੌਸ਼ਨੀ ਦੀ ਰਫ਼ਤਾਰ ਤੇ ਜੋ ਵਜੂਦ ਜਿਸ ਭੀ ਅਵਸਥਾ ਵਿਚ ਹੋਵੇਗਾ, ਉਹ ਹਮੇਸ਼ਾ ਹਮੇਸ਼ਾਂ ਹੀ ਉਸੀ ਅਵਸਥਾ ਵਿਚ ਹੀ ਰਹੇਗਾ, ਦੂਸਰੇ ਲਫ਼ਜ਼ਾਂ ਵਿਚ ਉਹ ਵਜੂਦ ਅਮਰ ਹੋ ਜਾਏਗਾ।

ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਸਭ ਤੋਂ ਪਹਿਲਾ ਲਫ਼ਜ਼ "ੴ" ਹੈ। ਭਾਈ ਗੁਰਦਾਸ ਜੀ ਨੇ 26 ਵੀਂ ਵਾਰ ਵਿਚ ਫ਼ੁਰਮਾਇਆ ਹੈ ਕਿ :-

**"ਨਿਰੰਕਾਰ ਆਕਾਰ ਕਰ ਏਕੰਕਾਰ ਅਪਾਰ ਸਦਾਇਆ।।"**

ਗੁਰੂ ਨਾਨਕ ਦੇਵ ਜੀ ਨੇ ਬਾਣੀ ਦੀ ਰਚਨਾ ਦਾ ਆਰੰਭ ੴ (ਏਕੰਕਾਰ) ਤੋਂ ਕੀਤਾ ਹੈ ਜੋ ਨਿਰੰਕਾਰ ਦਾ ਸਾਕਾਰ ਸਰੂਪ ਹੈ। ਕਲਗੀਧਰ ਜੀ ਨੇ ਨਿਰੰਕਾਰ ਸਰੂਪ ਦੇ ਤਿੰਨ ਵੱਡੇ ਗੁਣ ਦੱਸੇ ਹਨ (1) **'ਅਚੱਲ ਮੂਰਤਿ'** ਉਹ ਹਸਤੀ ਬੇ-ਹਰਕਤ ਜਾਂ Motionless ਹੈ। (2) **'ਅਨਭਉ ਪ੍ਰਕਾਸ਼'** ਇਹ ਹਸਤੀ ਆਪਣੇ ਵਜੂਦ ਨੂੰ ਆਪ ਅਨੁਭਵ ਕਰਦੀ ਹੈ। ਅਨਭਵ ਕਰਦੀ ਹੈ ਤਾਂ ਇਹ ਹੋਸ਼ਮੰਦ ਅਤੇ ਜੀਵਤ ਹੈ। (3) **'ਅਮਿਤੋਜਿ ਕਹਿਜੈ'** ਅਮਿਤ + ਓਜ ਦਾ ਅਰਥ ਹੈ, ਐਸੀ ਸ਼ਕਤੀ ਜੋ ਨਾਪੀ ਤੋਲੀ ਨਾ ਜਾ ਸਕੇ ਭਾਵ Infinite Energy ਜਿਸ ਦਾ ਭਾਵ ਅਰਥ ਹੋਇਆ ਕਿ ਨਿਰੰਕਾਰ ਇਕ ਜਿਉਂਦੀ ਜਾਗਦੀ, ਅਚੱਲ, ਪੂਰਨ ਸ਼ਕਤੀ ਹੈ। ਸ਼ਕਤੀ (Energy) ਜਿਤਨੀ ਦੇਰ ਅਚੱਲ motionless ਜਾਂ Potential ਹਾਲਤ ਵਿਚ ਹੁੰਦੀ ਹੈ ਇਸ ਦੇ ਵਜੂਦ ਦਾ ਕੋਈ ਥੌਹ ਪਤਾ ਨਹੀਂ ਚਲਦਾ। ਸ਼ਕਤੀ ਦੇ ਅਚੱਲ ਤੋਂ ਚਲਾਇਮਾਨ ਹੋਣ ਤੇ ਹੀ ਇਸ ਦਾ ਪ੍ਰਗਟਾਵਾ ਹੁੰਦਾ ਹੈ। ਸ਼ਕਤੀ ਚਲਾਇਮਾਨ ਹੋਣ ਤੇ ਬਿਜਲਈ-ਮਿਕਨਾਤੀਸੀ ਲੈਹਰਾਂ (Electromegnetic Spectrum) ਵਿਚ ਬਦਲੀ ਹੁੰਦੀ ਹੈ। ਇਸ Spectrum ਤੋਂ ਅਨਿਕ ਤਰੰਗਾਂ ਪੈਦਾ ਹੁੰਦੀਆਂ ਹਨ ਜਿਨ੍ਹਾਂ ਨੂੰ ਕਾਸਮਿਕ ਰੇ, ਗਾਮਾ ਰੇ, ਅਲਟਰਾ ਵਾਇਲਟ ਰੇ, ਇਨਫਰਾ ਰੈੱਡ , ਮਾਈਕਰੋਵੇਵ,



www.AKJ.Org

ਟੈਲੀਵੀਜ਼ਨ, ਰਾਡਾਰ ਤੇ ਰੇਡੀਓ ਰੇਜ਼ ਆਦਿ ਕਿਹਾ ਜਾਂਦਾ ਹੈ। ਇਸੀ ਲਈ ਸੁਖਮਨੀ ਸਾਹਿਬ ਵਿਚ ਫੁਰਮਾਨ ਹੈ ਕਿ **"ਪਸਰਿਓ ਆਪਿ ਹੋਇ ਅਨਤ ਤਰੰਗ।"** ਆਪ ਜੀ ਦੇਖ ਸਕਦੇ ਹੋ ਕਿ ਉਪਰ ਬਿਆਨ ਹੋਏ 'ਅਨਕ ਤਰੰਗੀ' ਸਪੈਕਟਰਮ ਦੇ ਵਿਚਕਾਰ ਜੇਹੇ ਦੀ ਤਰੰਗ ਦਾ ਨਾਂ 'ਵਿਜ਼ੀਬਲ ਲਾਈਟ' ਜਾਂ ਨਜ਼ਰ ਆਉਂਦੀ ਰੌਸ਼ਨੀ ਹੈ, ਵੱਖੋ ਵੱਖ ਤਰੰਗਾਂ ਦੀ ਵੇਵ ਲੈਂਗਥ ਤੇ ਫਰੀਕੁਐਂਸੀ ਵੱਖੋ ਵੱਖ ਹੈ।

ਸੰਸਾਰ ਅੰਦਰ ਬਹੁਤੇ ਪੁਆੜੇ ਦੀ ਜੜ੍ਹ ਇਹ ਨਜ਼ਰ ਆਉਂਦੀ ਰੌਸ਼ਨੀ ਦੀ ਹੀ ਤਰੰਗ ਹੈ। ਇਸ ਤੋਂ ਪਹਿਲਾਂ ਰੌਸ਼ਨੀ ਦੇ ਪੈਕਟ ਫੋਟੋਨ, ਅਗੋਂ ਇਲੈਕਟਰੋਨ, ਪਰੋਟੋਨ, ਨੀਉਟਰੋਨ ਤੋਂ Atom ਦੀ ਬਣਤਰ ਤੋਂ ਸੰਸਾਰ ਵਜੂਦ ਵਿੱਚ ਆਉਂਦਾ ਹੈ। ਉਪਰ ਬਿਆਨ ਹੋਈ ਨਜ਼ਰ ਆਉਂਦੀ ਰੌਸ਼ਨੀ ਦੀ ਤਰੰਗ ਨੂੰ ਦੇਖ ਕੇ ਹੀ, ਅਕਾਲ – ਪੁਰਖ ਨੂੰ ਜੋਤੀ ਸਰੂਪ ਭੀ ਆਖਿਆ ਹੈ। ਕਲਗੀਧਰ ਜੀ ਨੇ ਇਸ ਨੂੰ ਜਾਗਤ ਜੋਤਿ ਦਾ ਨਾਮ ਦਿੱਤਾ ਹੈ। ਵਿਚਾਰ ਅਧੀਨ ਖ਼ਾਸ ਨੁਕਤਾ ਇਹ ਹੈ ਕਿ ਉਪਰ ਬਿਆਨ ਹੋਈਆਂ 'ਅਨਕ ਤਰੰਗਾਂ' ਸਮੇਤ ਨਜ਼ਰ ਆਉਂਦੀ ਰੌਸ਼ਨੀ ਦੇ 186000 ਮੀਲ ਪ੍ਰਤੀ ਸੈਕਿੰਡ ਦੀ ਰਫ਼ਤਾਰ ਤੇ ਚਲਦੀਆਂ ਹਨ। ਇਸ ਰਫ਼ਤਾਰ ਨੂੰ ਆਮ ਤੌਰ ਤੇ ਰੌਸ਼ਨੀ ਦੀ ਰਫ਼ਤਾਰ ਆਖਿਆ ਜਾਂਦਾ ਹੈ। ਅਲਬਰਟ-ਆਇਨਸਟਾਈਨ ਦੀ ਸਪੈਸ਼ਲ ਰੇਲੇਟਿਵਟੀ ਦੀ ਥੀਉਰੀ ਦੇ ਉੱਪਰ ਬਿਆਨ ਕੀਤੇ ਨਿਯਮ ਨੰ: 4 ਅਨੁਸਾਰ ਰੌਸ਼ਨੀ ਦੀ ਰਫ਼ਤਾਰ ਤੇ ਚਲਣੇ ਵਾਲੀ ਕੋਈ ਭੀ ਸ਼ੈ ਹਮੇਸ਼ਾਂ ਅਮਰ ਹੁੰਦੀ ਹੈ। ਇਸ ਲਈ ੴ, ਜੋਤੀ ਸਰੂਪ, ਜਾਗਤ-ਜੋਤਿ ਜਾਂ ਅਮਿਤੋਜਿ ਕਹਿਜੇ ਉਪਰ ਬਿਆਨ ਹੋਈ ਅਨਕ ਤਰੰਗਾਂ ਦੀ ਸ਼ਕਲ ਵਿੱਚ ਜਿਨ੍ਹਾਂ ਦੀ ਰਫ਼ਤਾਰ ਹਮੇਸ਼ਾ ਰੌਸ਼ਨੀ ਦੀ ਰਫ਼ਤਾਰ ਹੁੰਦੀ ਹੈ, 'ਆਪਿ' ਹੀ ਪਸਰ ਕੇ, ਪਸਾਰਾ ਕਰਦਾ ਹੋਇਆ ਭੀ, 'ਆਪਿ' ਅਮਰ ਦਾ ਅਮਰ ਹੀ ਰਹਿੰਦਾ ਹੈ।

ਰੌਸ਼ਨੀ ਦੀ ਰਫਤਾਰ ਤੇ ਸਮਾਂ ਜਾਂ time ਖਤਮ ਹੋ ਜਾਂਦਾ ਹੈ, ਇਸ ਲਈ ਹੀ ਮੂਲ ਮੰਤ੍ਰ ਵਿਚ ੴ ਦੀ ਵਿਆਖਿਆਂ ਕਰਦੇ ਹੋਇਆਂ ਇਸ ਨੂੰ ਅਕਾਲ ਮੂਰਤਿ ਭੀ ਆਖਿਆ ਹੈ। ਇਸ ਦਾ ਅਰਥ ਇਹ ਨਹੀਂ ਕਿ ਇਸ ਹਸਤੀ ਤੇ ਕਾਲ ਜਾਂ ਵਕਤ ਦਾ ਕੋਈ ਅਸਰ ਨਹੀਂ ਹੁੰਦਾ। ਕਾਲ ਦਾ ਅਸਰ ਜਾਂ ਕਾਲ ਦੇ ਅਸਰ ਤੋਂ ਰੇਹਤ ਦੇ ਸ਼ਬਦ ਉਦੋਂ ਹੀ ਅਰਥ ਰਖਦੇ ਹਨ ਜੇ ਕਾਲ ਦਾ ਕੋਈ ਵਜੂਦ ਹੋਵੇ-ਜਦੋਂ ਅਨਕ ਤਰੰਗੀ ਆਪਿ ਦਾ ਪਸਰਾਓ ਰੌਸ਼ਨੀ ਦੀ ਰਫਤਾਰ ਤੇ ਹੋ ਰਿਹਾ ਹੈ ਜਿਥੇ ਸਮੇਂ ਦਾ ਵਜੂਦ ਉੱਕਾ ਹੀ ਖਤਮ ਹੈ ਤਾਂ **"ਆਪੀਨੈ ਆਪੁ ਸਾਜਿਓ"** ਅਨੁਸਾਰ ਜਦੋਂ ਭੀ ਜਿਸ ਭੀ ਹਾਲਤ ਵਿਚ 'ਆਪੀਨੈ' 'ਆਪਣੀ' ਸਾਜਨਾ ਕੀਤੀ, ਉਸੀ ਹੀ ਹਾਲਤ ਵਿਚ ਇਹ 'ਆਪਿ' ਹਮੇਸ਼ਾ ਹਮੇਸ਼ਾ 'ਅਕਾਲ – ਮੂਰਤਿ' ਹੀ ਰਹੇਗਾ।

ਕੁਦਰਤ ਦਾ ਇਕ ਨਿਯਮ ਇਹ ਭੀ ਹੈ ਕਿ ਜਿਥੇ ਕਾਲ ਜਾਂ time ਨਹੀਂ ਹੈ, ਉਥੇ ਪੁਲਾੜ ਜਾਂ ਸਪੇਸ (space) ਭੀ ਨਹੀਂ ਰਹਿੰਦੀ। ਜਿੱਥੇ ਪੁਲਾੜ ਜਾਂ space ਨਹੀਂ ਉਥੇ ਕਾਲ ਜਾਂ time ਭੀ ਨਹੀਂ। ਦੋਨੋ ਆਪੋ ਵਿਚ ਓਤ ਪੋਤ ਜਾਂ ਲਾਜ਼ਮ ਮਲਜ਼ੂਮ ਹਨ।

❁ ❁ ❁ ❁ ❁

## ਜ਼ਿੰਦਗੀ ਇਹ ਕੀਮਤੀ ਹੈ, ਨਾਮ ਜਪ

(ਡਾ. ਗੁਰਦਰਸ਼ਨ ਸਿੰਘ 'ਬਾਦਲ')

ਜ਼ਿੰਦਗੀ ਇਹ ਕੀਮਤੀ ਹੈ, ਨਾਮ ਜਪ!
ਹੋ ਰਿਹਾ ਹਰ ਸਾਹ ਨਫ਼ੀ ਹੈ, ਨਾਮ ਜਪ !
ਗੇੜ ਚੌਰਾਸੀ ਦਾ ਪੂਰਾ ਭੋਗ ਕੇ,
ਜੂਨ ਬੰਦੇ ਦੀ ਮਿਲੀ ਹੈ, ਨਾਮ ਜਪ !
ਨੀਂਦ ਤੇਰੀ ਕਿਉਂ ਨਾ ਟੁੱਟਦੀ ਗਾਫ਼ਿਲਾ !
ਹਰ ਸੁਬ੍ਹਾ ਇਉਂ ਕੂਕਦੀ ਹੈ, ਨਾਮ ਜਪ !
ਸਾਰ ਬਾਣੀ ਦਾ ਹੈ ਸਾਰਾ, ਗੱਲ ਇਹ,
ਹਰ ਸਫ਼ੇ ਤੇ ਹੀ ਲਿਖੀ ਹੈ, ਨਾਮ ਜਪ !
ਸਿਰ ਤੇ ਲਿਸ਼ਕਣ ਬਿਜਲੀਆਂ ਹੀ ਬਿਜਲੀਆਂ,
ਕਾਲ-ਨੇਰ੍ਹੀ ਸ਼ੂਕਦੀ ਹੈ, ਨਾਮ ਜਪ !
ਖ਼ਾਲਸਾ ਬਣ, ਭੇਖ ਨਾ ਕਰ ਦੇਸ ਦਾ,
ਇਹ ਉਧਾਰੀ ਜ਼ਿੰਦਗੀ ਹੈ, ਨਾਮ ਜਪ !
ਟੇਕਦੈਂ ਦੂਰੋਂ ਹੀ ਮੱਥਾ ਭੇੜਿਆ !
ਇਹ ਵੀ ਕੋਈ ਬੰਦਗੀ ਹੈ ? ਨਾਮ ਜਪ !
ਵੈਰ ਨਾ ਪਾ, ਪਿਆਰ ਕਰ ਹਰ ਸ਼ਖਸ਼ ਨੂੰ,
ਈਰਖਾ ਵੀ ਤੋੜਦੀ ਹੈ, ਨਾਮ ਜਪ !
ਉਹ ਤਿਰਾ, ਤੂੰ ਓਸਦਾ ਸਕਦਾ ਹੈਂ ਬਣ,
ਨਾਮ ਪੱਕੀ ਦੋਸਤੀ ਹੈ, ਨਾਮ ਜਪ !
ਨਾ ਗੁਆ, ਜੀਵਨ ਅਮੁੱਲਾ ਨਾ ਗੁਆ,
ਜੋੜ ਕੇ ਹੱਥ ਜੋਦੜੀ ਹੈ, ਨਾਮ ਜਪ !
ਆਤਮਾ ਪ੍ਰਮਾਤਮਾ ਬਣਦੀ ਤਦੇ,
ਓਸ ਥੀਂ ਜਦ ਲਿਪਟਦੀ ਹੈ, ਨਾਮ ਜਪ !
ਬਚ ਗਈ ਜੋ ਉਮਰ, ਲੇਖੇ ਲਾ ਉਦ੍ਹੋ,
ਝੂਰ ਨਾ ਜੋ ਖ਼ੁਰ ਗਈ ਹੈ, ਨਾਮ ਜਪ !
ਮੁਕਤ ਹੋਣਾ ਲੋਚਦੇ ਜੇ "ਬਾਦਲਾ" !
ਗੱਲ ਇੱਕੋ ਹੀ ਆਖਰੀ ਹੈ, ਨਾਮ ਜਪ !



www.AKJ.Org

# ਦੁਖੁ ਤਦੇ ਜਾ ਵਿਸਰਿ ਜਾਵੈ

ਡਾ: ਪਰਮਜੀਤ ਕੌਰ, ਗੁਰੂ ਨਾਨਕ ਗਰਲਜ਼ ਕਾਲਜ, ਯਮੁਨਾਨਗਰ (ਹਰਿਆਣਾ)

ਆਧੁਨਿਕ ਯੁਗ ਵਿਚ ਭੌਤਿਕ ਉੱਨਤੀ ਦੇ ਸਾਰੇ ਸਾਧਨਾਂ ਦੇ ਹੁੰਦੇ ਹੋਏ ਵੀ ਕੋਈ ਮਨੁੱਖ ਸੰਤੁਸ਼ਟ ਅਤੇ ਸੁਖੀ ਪ੍ਰਤੀਤ ਨਹੀਂ ਹੁੰਦਾ। ਹਰ ਵੇਲੇ ਚਿੰਤਾਤੁਰ ਹੋਇਆਂ ਸੁਖ ਦੀ ਖੋਜ ਵਿੱਚ ਭਟਕਦਾ ਫਿਰਦਾ ਹੈ। ਗੁਰੂ ਨਾਨਕ ਦੇਵ ਜੀ ਇਸ ਦਾ ਕਾਰਣ ਦੱਸਦੇ ਹੋਏ ਫੁਰਮਾਉਂਦੇ ਹਨ ਕਿ ਮੂਰਖ ਮਨੁੱਖ ਪ੍ਰਭੂ ਨੂੰ ਵਿਸਾਰ ਕੇ ਭੋਗਾਂ ਵਿਚ ਲਿਪਤ ਰਹਿੰਦਾ ਹੈ, ਲੋਭ ਕਰਦਾ ਹੈ ਜੋ ਪਾਪ ਦਾ ਕਾਰਣ ਅਤੇ ਦੁੱਖਾਂ ਦਾ ਮੂਲ ਹੈ। ਪਾਪ ਕਰਨ ਕਰਕੇ ਭੋਗਾਂ ਦੇ ਸੁੱਖ ਤੋਂ ਰੋਗ ਪੈਦਾ ਹੁੰਦੇ ਹਨ ਅਤੇ ਖੁਸ਼ੀ, ਚਿੰਤਾ ਵਿਚ ਬਦਲ ਜਾਂਦੀ ਹੈ-

**ਮੂਰਖੁ ਭੋਗੇ ਭੋਗੁ ਦੁਖੁ ਸਬਾਇਆ।।**
**ਸੁਖਹੁ ਉਠੇ ਰੋਗ ਪਾਪ ਕਮਾਇਆ।।**
**ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ।।**

(ਮਾਝ ਕੀ ਵਾਰ ਮ:੧,ਪੰਨਾ ੧੩੯)

ਜਿੱਥੇ ਪ੍ਰਭੂ ਦਾ ਸਿਮਰਨ ਨਹੀਂ ਉੱਥੇ ਦੁੱਖ ਹੀ ਦੁੱਖ ਹਨ-

**ਬਿਪਤਿ ਤਹਾ ਜਹਾ ਹਰਿ ਸਿਮਰਨੁ ਨਾਹੀ।।**
**ਕੋਟਿ ਅਨੰਦ ਜਹ ਹਰਿ ਗੁਨ ਗਾਹੀ।।੧।।**
**ਹਰਿ ਬਿਸਰਿਐ ਦੁਖ ਰੋਗ ਘਨੇਰੇ।।**
**ਪ੍ਰਭ ਸੇਵਾ ਜਮੁ ਲਗੈ ਨ ਨੇਰੇ।।੨।।**

(ਗਉੜੀ ਮ: ੫, ਪੰਨਾ ੧੯੭)

ਮਾਇਆ ਦਾ ਮੋਹ ਹੀ ਪ੍ਰਭੂ ਨੂੰ ਵਿਸਾਰ ਦੇਣ ਦਾ ਕਾਰਨ ਹੈ। ਮਾਇਆ ਦੇ ਮੋਹ ਵਿਚ ਫਸਿਆ ਹੋਇਆ ਮਨੁੱਖ ਤ੍ਰਿਸ਼ਨਾ ਦੇ ਅਧੀਨ ਹੋ ਜਾਂਦਾ ਹੈ। ਉਸਨੂੰ ਹਰ ਵੇਲੇ ਧਨ, ਸੋਹਣੇ ਘਰ, ਚੰਗੇ ਤੋਂ ਚੰਗੇ ਪਦਾਰਥਾਂ ਦੇ ਭੋਗ ਅਤੇ ਖੋਖਲੀ ਪ੍ਰਤਿਸ਼ਠਾ ਆਦਿਕ ਦਾ ਖਿਆਲ ਚਿੰਤਾਤੁਰ ਰੱਖਦਾ ਹੈ। ਜਿਵੇਂ ਅੱਗ ਵਿੱਚ ਘਿਉ ਪਾਉਣ ਨਾਲ ਅੱਗ ਵੱਧਦੀ ਜਾਂਦੀ ਹੈ ਤਿਵੇਂ ਹੀ ਜਿਉਂ ਜਿਉਂ ਮਨੁੱਖ ਦੀਆਂ ਕਾਮਨਾਵਾਂ ਪੂਰੀਆ ਹੁੰਦੀਆ ਹਨ, ਲੋਭ ਵੱਧਦਾ ਜਾਂਦਾ ਹੈ। ਜੇਕਰ ਆਸ ਪੂਰੀ ਨਹੀਂ ਹੁੰਦੀ ਤਾਂ ਮਨੁੱਖ ਕ੍ਰੋਧ ਕਰਦਾ ਹੈ। ਵਿਕਾਰਾਂ ਦੇ ਜਾਲ ਵਿੱਚ ਫਸਿਆ ਹੋਇਆ ਡਰ, ਸਹਿਮ ਅਤੇ ਮਾਨਸਿਕ ਅਸ਼ਾਂਤੀ ਵਿੱਚ ਜੀਵਨ ਗੁਜ਼ਾਰਦਾ ਹੋਇਆ ਸਦਾ ਸੁੱਖ ਦੀ ਪ੍ਰਾਪਤੀ ਲਈ ਥਾਂ ਥਾਂ ਭਟਕਦਾ ਫਿਰਦਾ ਹੈ-

**ਦੁਖੁ ਤਦੇ ਜਾ ਵਿਸਰਿ ਜਾਵੈ।।**
**ਭੁਖ ਵਿਆਪੈ ਬਹੁ ਬਿਧਿ ਧਾਵੈ।।**
**ਸਿਮਰਤ ਨਾਮੁ ਸਦਾ ਸੁਹੇਲਾ,**
**ਜਿਸੁ ਦੇਵੈ ਦੀਨ ਦਇਆਲਾ ਜੀਉ।।**

(ਮਾਝ ਮ: ੫, ਪੰਨਾ ੯੮)

ਪਰਮਾਤਮਾ ਨੂੰ ਵਿਸਾਰ ਕੇ ਪੁੱਤਰ, ਪਤਨੀ, ਮਿੱਤਰ ਆਦਿਕ ਦੇ ਝੂਠੇ ਮੋਹ ਅਤੇ ਭੌਤਿਕ ਸੁੱਖਾਂ ਵਿੱਚ ਲਿਪਤ ਮਨੁੱਖ, ਆਪਣੇ ਆਤਮਿਕ ਜੀਵਨ ਨੂੰ ਨਸ਼ਟ ਕਰ ਲੈਂਦਾ ਹੈ। ਉਹ ਇਹ ਹਕੀਕਤ ਜਾਣਦਾ ਹੈ ਪਰ ਮਾਇਆ ਦੇ ਮੋਹ ਨੇ ਉਸਦੇ ਗਿਆਨ ਤੇ ਮਾਨੋ ਪਰਦਾ ਪਾ ਲਿਆ ਹੈ। ਉਸਦੇ ਗਿਆਨ ਰੂਪੀ ਹੀਰੇ ਨੂੰ ਚੁਰਾ ਲਿਆ ਹੈ। ਕਬੀਰ ਜੀ ਦਾ ਕਥਨ ਹੈ-

**ਬਾਬਾ ਮਾਇਆ ਮੋਹ ਹਿਤੁ ਕੀਨੁ।।**
**ਜਿਨਿ ਗਿਆਨ ਰਤਨੁ ਹਿਰਿ ਲੀਨੁ।।**

(ਆਸਾ ਕਬੀਰ ਜੀ, ਪੰਨਾ ੪੮੨)

ਪ੍ਰਭੂ ਨੂੰ ਵਿਸਾਰ ਦੇਣ ਵਾਲੇ ਕੂੜ ਦੇ ਵਪਾਰੀ ਹਨ। ਉਹ ਕੂੜ ਬੀਜਦੇ ਹਨ ਅਤੇ ਕੂੜ ਹੀ ਖੱਟਦੇ ਹਨ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਵਿਕਾਰਾਂ ਦੇ ਖੂਹ ਵਿਚ ਐਸੇ ਡਿੱਗਦੇ ਹਨ ਕਿ ਨਿਕਲਨਾਂ ਔਖਾ ਹੋ ਜਾਂਦਾ ਹੈ -

**ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ।।**
**ਕੂੜੁ ਕਮਾਵਨਿ ਦੁਖੁ ਲਾਗੈ ਭਾਰਾ।।**
**ਭਰਮੇ ਭੂਲੇ ਫਿਰਨਿ ਦਿਨ ਰਾਤੀ**
**ਮਰਿ ਜਨਮਹਿ ਜਨਮੁ ਗਵਾਵਣਿਆ।।**

(ਮਾਝ ਮ: ੩, ਪੰਨਾ ੧੧੬)

ਪਾਪ ਦੇ ਕਰਮ ਕੂੜ ਕਹੇ ਜਾਂਦੇ ਹਨ ਅਤੇ ਪਾਪ ਦੀ ਕਮਾਈ ਵੀ ਕੂੜ ਦੀ ਕਮਾਈ ਹੁੰਦੀ ਹੈ। ਲੋਭ ਹਮੇਸ਼ਾਂ ਪਾਪ ਦਾ ਕਾਰਣ ਬਣਦਾ ਹੈ। ਐਸਾ ਮਨੁੱਖ ਨਾ ਕਮਾਈ ਕਰਨ ਵੇਲੇ ਸੰਤੁਸ਼ਟ ਅਤੇ ਸੁਖੀ ਹੁੰਦਾ ਹੈ ਨਾ ਉਸ ਕਮਾਈ ਨੂੰ ਭੋਗਦਾ ਹੋਇਆ ਨਿਰੋਗ ਤੇ ਸੌਖਾ ਹੁੰਦਾ ਹੈ। ਉਸਦਾ ਮਨ ਸਦਾ ਭਟਕਦਾ ਹੀ ਰਹਿੰਦਾ ਹੈ। ਜਿਸ ਦੇ ਅੰਦਰ ਦੁੱਖ ਹੋਣ, ਭਟਕਣਾ ਹੋਵੇ, ਉਸਦਾ ਖੱਟਣਾ ਕੀ ਤੇ ਖਾਣਾ ਕੀ-

**ਕਿਆ ਓਹੁ ਖਟੇ ਕਿਆ ਓਹੁ ਖਾਵੈ,**
**ਜਿਸੁ ਅੰਦਰਿ ਸਹਸਾ ਦੁਖੁ ਪਇਆ।।**

(ਪੰਨਾ ੩੦੭)

ਪਰਮਾਤਮਾ ਵਿਸਰਿਆ ਰਹੇ ਤਾਂ ਅਨੇਕਾਂ ਵਿਘਨ



www.AKJ.Org

ਆ ਘੇਰਦੇ ਹਨ, ਚਿੰਤਾ, ਫਿਕਰ ਸਤਾਂਦੇ ਰਹਿੰਦੇ ਹਨ। ਮਨੁੱਖ ਇਵੇਂ ਹੀ ਵਿਲਕਦਾ ਰਹਿੰਦਾ ਹੈ ਜਿਵੇਂ ਖਾਲੀ ਘਰ ਆਇਆ ਕਾਂ ਵਿਲਕਦਾ ਹੈ-

**ਕੋਟਿ ਬਿਘਨ ਤਿਸੁ ਲਾਗਤੇ**
**ਜਿਸ ਨੋ ਵਿਸਰੈ ਨਾਉ॥**
**ਨਾਨਕ ਅਨਦਿਨੁ ਬਿਲਪਤੇ.**
**ਜਿਉ ਸੁੰਞੈ ਘਰਿ ਕਾਉ॥** (ਮ: ੫, ਪੰਨਾ ੫੨੨)

ਜੇਕਰ ਅਕਾਲ ਪੁਰਖ ਵਿੱਚ ਸ਼ਰਧਾ ਅਤੇ ਵਿਸ਼ਵਾਸ਼ ਨਾ ਹੋਵੇ ਤਾਂ ਦੁਨੀਆਂ ਦੀਆਂ ਸਾਰੀਆਂ ਵਡਿਆਈਆਂ, ਮਾਣ ਕੋਈ ਅਰਥ ਨਹੀਂ ਰੱਖਦੇ। ਖੁਸ਼ੀਆਂ ਤਾਂ ਹੀ ਸੁਖ ਦੇਂਦੀਆਂ ਹਨ ਜੇਕਰ ਪ੍ਰਭੂ ਨੂੰ ਯਾਦ ਰੱਖਿਆ ਜਾਵੇ, ਪ੍ਰਭੂ ਦਾ ਸ਼ੁਕਰ ਕੀਤਾ ਜਾਵੇ, ਨਹੀਂ ਤਾਂ ਦਿਖਾਈ ਦੇਣ ਵਾਲੀਆਂ ਖੁਸ਼ੀਆਂ ਅਤੇ ਸੁੱਖ ਸਿਰਫ ਅੱਖਾਂ ਦਾ ਹੀ ਭੁਲੇਖਾ ਹਨ। ਜੇਕਰ ਅਕਾਲ ਪੁਰਖ ਵਾਹਿਗੁਰੂ ਨੂੰ ਵਿਸਾਰਦੇ ਦੁਨਿਆਵੀਂ ਭੋਗਾਂ ਨੂੰ ਭੋਗਦਾ ਹੋਇਆ ਕੋਈ ਸੁਖੀ ਦਿਸਦਾ ਹੈ ਤਾਂ ਉਸਦਾ ਇਹ ਸੁੱਖ ਓਪਰਾ ਹੀ ਹੁੰਦਾ ਹੈ, ਅੰਦਰੋਂ ਤਾਂ ਉਹ ਦੁਖੀ ਅਤੇ ਚਿੰਤਤ ਹੀ ਨਜ਼ਰ ਆਉਂਦਾ ਹੈ ਕਿਉਂਕਿ ਉਸਦੇ ਅੰਦਰ ਸੰਤੋਖ ਨਹੀਂ ਹੁੰਦਾ। ਅੰਦਰ ਤ੍ਰਿਸ਼ਨਾ ਦੀ ਅੱਗ ਬਲਦੀ ਰਹਿੰਦੀ ਹੈ। ਜਿਸਦੇ ਅੰਦਰ ਭਾਂਬੜ ਬਲ ਰਹੇ ਹੋਣ ਉਹ ਸੁਖੀ ਕਿਵੇਂ ਹੋ ਸਕਦਾ ਹੈ?

**ਅੰਤਰਿ ਚਿੰਤਾ ਨੈਣੀ ਸੁਖੀ ਮੂਲਿ ਨ ਉਤਰੈ ਭੁਖ॥**
**ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੋ ਦੁਖੁ॥**
(ਮ: ੫, ਪੰਨਾ ੩੧੯)

ਕਨਕ ਕਾਮਿਨੀ ਅਤੇ ਰੋਗਾਂ ਤੋਂ ਬਚਾਣ ਵਾਲਾ ਪ੍ਰਭੂ ਦੇ ਨਾਮ ਤੋਂ ਬਿਨਾਂ ਕੋਈ ਦਾਰੂ, ਕੋਈ ਮੰਤ੍ਰ ਨਹੀਂ। ਗੁਰੂ ਨਾਨਕ ਦੇਵ ਜੀ ਦ੍ਰਿੜ੍ਹ ਕਰਵਾਉਂਦੇ ਹਨ-

**ਅਵਰੁ ਨ ਅਉਖਧੁ ਤੰਤ ਨ ਮੰਤਾ॥**
**ਹਰਿ ਹਰਿ ਸਿਮਰਣੁ ਕਿਲਵਿਖ ਹੰਤਾ॥**
(ਆਸਾ ਮ: ੫,ਪੰਨਾ ੪੧੬)

ਜਿਸ ਮਨੁੱਖ ਦੇ ਮਨ ਵਿੱਚ ਪ੍ਰਭੂ ਦੇ ਨਾਮ ਸਿਮਰਨ ਦੀ ਭੁੱਖ ਪੈਦਾ ਹੋ ਜਾਂਦੀ ਹੈ, ਉਸਦਾ ਮਨ ਨਿਰਮਲ ਹੋ ਜਾਂਦਾ ਹੈ। ਮਨ ਵਿੱਚ ਸੰਤੋਖ ਦੀ ਭਾਵਨਾ ਆ ਜਾਂਦੀ ਹੈ, ਹੋਰ ਕੋਈ ਤ੍ਰਿਸ਼ਨਾ ਭੁੱਖ ਨਹੀਂ ਰਹਿ ਜਾਂਦੀ। ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਵਿਕਾਰਾਂ ਤੋਂ ਖ਼ਲਾਸੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਸ ਨੂੰ ਕੋਈ ਦੁੱਖ ਪ੍ਰਭਾਵਿਤ ਨਹੀਂ ਕਰਦਾ-

**ਪਾਰਬ੍ਰਹਮ ਕੀ ਜਿਸੁ ਮਨਿ ਭੂਖ॥**
**ਨਾਨਕ ਤਿਸਹਿ ਨ ਲਾਗੈ ਦੂਖ॥**
(ਗਉੜੀ ਸੁਖਮਨੀ ਮ: ੫, ਪੰਨਾ ੨੮੧)

ਪ੍ਰਭੂ ਆਪ ਆਪਣੇ ਭਗਤਾਂ ਨੂੰ ਮਾਇਆ ਦੇ ਬੰਧਨਾਂ ਤੋਂ ਮੁਕਤ ਕਰ ਦੇਂਦਾ ਹੈ। ਜਿਸ ਹਿਰਦੇ ਵਿੱਚ ਪ੍ਰਭੂ ਵਸਦਾ ਹੈ ਉਥੇ ਦੁਨਿਆਵੀ ਡਰ ਅਤੇ ਮੌਤ ਦਾ ਸਹਿਮ ਨਹੀਂ ਹੁੰਦਾ-**ਦੂਖੁ ਰੋਗੁ ਨ ਭਉ ਬਿਆਪੈ ਜਿਨੀ ਹਰਿ ਹਰਿ ਧਿਆਇਆ।** (ਪੰਨਾ ੫੪੪) ਪ੍ਰਭੂ ਦਾ ਡਰ, ਅਦਬ, ਹਿਰਦੇ ਵਿਚ ਬਣਿਆ ਰਹਿੰਦਾ ਹੈ। ਪਰਮਾਤਮਾ ਸਦਾ ਅੰਗ ਸੰਗ ਜਾਪਦਾ ਹੈ। ਜੀਵਨ ਸਫ਼ਰ ਵਿੱਚ ਕੋਈ ਔਖਿਆਈ ਅਨੁਭਵ ਨਹੀਂ ਹੁੰਦੀ। ਪ੍ਰਭੂ ਨਾਲ ਪ੍ਰੇਮ ਬਣ ਜਾਣ ਨਾਲ ਸਾਰੇ ਦੁਸ਼ਮਣ, ਸੱਜਣ ਮਿੱਤਰ ਬਣ ਜਾਂਦੇ ਹਨ-

**ਸਿਮਰਤ ਨਾਮੁ ਦੋਖ ਸਭਿ ਲਾਥੇ॥**
**ਅੰਤਰਿ ਬਾਹਰਿ ਹਰਿ ਪ੍ਰਭੁ ਸਾਥੇ॥**
**ਭੈ ਭਉ ਭਰਮੁ ਖੋਇਆ ਗੁਰਿ ਪੂਰੈ**
**ਦੇਖਾ ਸਭਨੀ ਲਾਈ ਜੀਉ॥੨॥**
(ਮਾਝ ਮ: ੫, ਪੰਨਾ ੧੦੭)

ਪਰਮਾਤਮਾ ਨਾਲ ਜੁੜਨ ਲਈ ਗੁਰ-ਸ਼ਬਦ ਦਾ ਆਸਰਾ ਲੈਂਦੇ, ਗੁਰ-ਸ਼ਬਦ ਅਨੁਸਾਰ ਜੀਵਨ ਘਾੜਤ ਘੜਨੀ ਪੈਂਦੀ ਹੈ, ਤਾਂ ਹੀ ਆਚਰਣ ਪਵਿੱਤ੍ਰ ਹੁੰਦਾ ਹੈ। ਪਰਮਾਤਮਾ ਦਾ ਨਿਵਾਸ ਪਵਿੱਤਰ ਆਚਰਣ ਵਾਲੇ ਹਿਰਦੇ ਵਿਚ ਹੀ ਹੁੰਦਾ ਹੈ- **ਸੂਚੇ ਭਾਂਡੇ ਸਚੁ ਸਮਾਵੈ ਵਿਰਲੇ ਸੂਚਾਚਾਰੀ।** ਜਿਹੜੇ ਗੁਰ-ਸ਼ਬਦ ਅਨੁਸਾਰ ਜੀਵਨ ਘਾੜਤ ਘੜਦੇ ਹਨ ਉਹ ਪ੍ਰਭੂ ਨਾਲ ਜੁੜ ਜਾਂਦੇ ਹਨ, ਉਠਦੇ ਬੈਠਦੇ ਪ੍ਰਭੂ ਦਾ ਨਾਮ ਸਿਮਰਨ ਕਰਦੇ ਹਨ ਅਤੇ ਸੁਖੀ ਹੋ ਜਾਂਦੇ ਹਨ। ਉਹਨਾਂ ਦੇ ਮਨ ਵਿੱਚ ਸਦਾ ਖਿੜਾਉ ਬਣਿਆ ਰਹਿੰਦਾ ਹੈ, ਹਿਰਦੇ ਵਿਚ ਚਾਨਣ ਹੋ ਜਾਂਦਾ ਹੈ-**ਅੰਤਰਿ ਸਬਦੁ ਵਸਾਇਆ. ਦੁਖੁ ਕਟਿਆ ਚਾਨਣੁ ਕੀਆ ਕਰਤਾਰਿ॥** (ਪੰਨਾ ੫੪੯) ਗੁਰ-ਸ਼ਬਦ ਅਨੁਸਾਰ ਜੀਵਨ ਨੂੰ ਢਾਲਕੇ ਪ੍ਰਭੂ ਦੇ ਪ੍ਰੇਮ ਦੀ ਛੋਹ ਪ੍ਰਾਪਤ ਕਰ ਲੈਣ ਵਾਲਾ ਮਨੁੱਖ ਦੁਨੀਆਂ ਦੇ ਕਾਰ-ਵਿਹਾਰ ਕਰਦਾ ਹੋਇਆ ਵੀ ਮਾਇਆ ਤੋਂ ਨਿਰਲੇਪ ਰਹਿੰਦਾ ਹੈ। ਉਹ ਆਤਮਿਕ ਮੌਤ ਦੇ ਕਰੜੇ ਮਾਰਗ ਤੇ ਨਹੀਂ ਪੈਂਦਾ-

**ਹਰਿ ਕੇ ਲੋਗ ਨਹੀ ਜਮੁ ਮਾਰੈ॥**
**ਨਾ ਦੁਖੁ ਦੇਖਹਿ ਪੰਥਿ ਕਰਾਰੈ॥**
**ਰਾਮ ਨਾਮੁ ਘਟ ਅੰਤਰਿ ਪੂਜਾ**
**ਅਵਰੁ ਨ ਦੂਜਾ ਕਾਹਾ ਹੇ॥**
(ਮਾਰੂ ਮ: ੧, ਪੰਨਾ ੧੦੩੨-੩੩)

ਪਰਮਾਤਮਾ ਦਾ ਸਿਮਰਨ ਕਦੋਂ ਤੇ ਕਿਵੇਂ ਕਰਨਾ ਚਾਹੀਦਾ ਹੈ? ਇਸ ਬਾਰੇ ਸਮਝਾਉਂਦੇ ਹੋਏ ਗੁਰੂ



www.AKJ.Org

ਸਾਹਿਬ ਫੁਰਮਾਉਂਦੇ ਹਨ ਕਿ ਇਕ ਮਨ ਇਕ ਚਿੱਤ ਹੋ ਕੇ ਪ੍ਰਭੂ ਦਾ ਧਿਆਨ ਕਰਨਾ ਚਾਹੀਦਾ ਹੈ-

**ਜਿਨੀ ਤੂੰ ਇਕ ਮਨਿ ਸਚੁ ਧਿਆਇਆ**
**ਤਿਨ ਕਾ ਸਭੁ ਦੁਖੁ ਗਵਾਇਆ।।**

(ਗਉੜੀ ਕੀ ਵਾਰ ਮ: ੪, ਪੰਨਾ ੩੦੧)

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਪਰਮਾਤਮਾ ਦੇ ਨਾਮ ਨੂੰ ਜ਼ਿੰਦਗੀ ਦਾ ਆਸਰਾ ਬਣਾ ਕੇ ਹਿਰਦੇ ਵਿਚ ਸਿਮਰਨ ਕਰੋ। ਦੁਨੀਆਂ ਦੇ ਕਾਰ-ਵਿਹਾਰ ਕਰਦੇ ਹੋਏ ਪ੍ਰਭੂ ਨੂੰ ਸਦਾ ਹਿਰਦੇ ਵਿੱਚ ਰੱਖੋ। ਸੌਣ ਵੇਲੇ ਅਤੇ ਜਾਗਦੇ ਹੋਏ ਪਰਮਾਤਮਾ ਦੀ ਸਿਫਤਿ-ਸਾਲਾਹ ਕਰੋ। ਦੁੱਖ ਵਿਚ ਅਕਾਲ ਪੁਰਖ ਵਾਹਿਗੁਰੂ ਨੂੰ ਯਾਦ ਕਰੋ ਅਤੇ ਸੁਖ ਵਿੱਚ ਵੀ ਸਦਾ ਉਸਦਾ ਧਿਆਨ ਕਰੋ। ਹਰੇਕ ਸਾਹ ਦੇ ਨਾਲ, ਜੀਵਨ ਰਾਹ ਤੇ ਹਰੇਕ ਕਦਮ ਅੱਗੇ ਪੁੱਟਣ ਵੇਲੇ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ। ਪ੍ਰਭੂ ਦਾ ਸਿਮਰਨ ਜੀਵਨ ਰਾਹ ਤੇ ਚੱਲਣ ਲਈ ਪਰਮਾਤਮਾ ਦੁਆਰਾ ਦਿੱਤਾ ਗਿਆ ਰਾਹ-ਖਰਚ ਹੈ-

**ਅੰਤਰਿ ਗਾਵਉ ਬਾਹਰਿ ਗਾਵਉ**
**ਗਾਵਉ ਜਾਗਿ ਸਵਾਰੀ।।**
**ਸੰਗਿ ਚਲਨ ਕਉ ਤੋਸਾ ਦੀਨਾ**
**ਗੋਬਿੰਦ ਨਾਮ ਕੇ ਬਿਉਹਾਰੀ।।੧।।**
**ਅਵਰ ਬਿਸਾਰੀ ਬਿਸਾਰੀ।।**
**ਨਾਮ ਦਾਨੁ ਗੁਰਿ ਪੂਰੈ ਦੀਓ**
**ਮੈ ਏਹੋ ਆਧਾਰੀ।।੧।।ਰਹਾਉ।।**
**ਦੂਖਨਿ ਗਾਵਉ ਸੁਖਿ ਭੀ ਗਾਵਉ**
**ਮਾਰਗਿ ਪੰਥਿ ਸਮ੍ਹਾਰੀ।।**
**ਨਾਮ ਦ੍ਰਿੜੁ ਗੁਰਿ ਮਨ ਮਹਿ ਦੀਆ**
**ਮੋਰੀ ਤਿਸਾ ਬੁਝਾਰੀ।।੨।।**
**ਦਿਨੁ ਭੀ ਗਾਵਉ ਰੈਨੀ ਗਾਵਉ**
**ਗਾਵਉ ਸਾਸਿ ਸਾਸਿ ਰਸਨਾਰੀ।।**
**ਸਤਸੰਗਤਿ ਮਹਿ ਬਿਸਾਸੁ ਹੋਇ**
**ਹਰਿ ਜੀਵਤ ਮਰਤ ਸੰਗਾਰੀ।।੩।।**

(ਆਸਾ ਮ: ੫, ਪੰਨਾ ੪੦੧)

ਸਤਸੰਗਤ ਮਨ ਨੂੰ ਵਿਕਾਰਾਂ ਵਲੋਂ ਰੋਕਣ ਵਿੱਚ ਸਹਾਇਕ ਹੁੰਦੀ ਹੈ। ਸਾਧਸੰਗਤ ਵਿੱਚ ਟਿਕ ਕੇ ਅੱਠੇ ਪਹਿਰ ਪ੍ਰਭੂ ਦੀ ਅਰਾਧਨਾ ਕਰਨ ਨਾਲ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਹਾਵੀ ਨਹੀਂ ਹੁੰਦੇ। ਇਹ ਨਿਸ਼ਚਾ ਬਣ ਜਾਂਦਾ ਹੈ ਕਿ ਪ੍ਰਭੂ ਹਰ ਵੇਲੇ ਅੰਗ ਸੰਗ ਹੈ-

**ਸਾਧ ਸੰਗਿ ਉਧਾਰਿ ਇਹੁ ਮਨੁ ਆਠ ਪਹਰ ਆਰਾਧਿ।।**
**ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਟੈ ਸਗਲ ਉਪਾਧਿ।।੨।।**

(ਗੂਜਰੀ ਮ: ੫, ਪੰਨਾ ੫੦੧)

ਮਨ ਦੀ ਅਗਿਆਨਤਾ ਮਨ ਦਾ ਮੋਹ, ਪ੍ਰਭੂ ਦੀ ਮਿਹਰ ਨਾਲ ਹੀ ਦੂਰ ਹੁੰਦਾ ਹੈ। ਜਿਸਤੇ ਪ੍ਰਭੂ ਦੀ ਕ੍ਰਿਪਾ ਹੁੰਦੀ ਹੈ ਉਹ ਹਰੇਕ ਸੁਆਸ ਨਾਲ ਪ੍ਰਭੂ ਨੂੰ ਯਾਦ ਕਰਦਾ ਹੈ ਅਤੇ ਪ੍ਰਭੂ ਦੀ ਰਜ਼ਾ ਵਿੱਚ ਰਾਜ਼ੀ ਰਹਿਣਾ ਸਿੱਖ ਲੈਂਦਾ ਹੈ। ਪਰਮਾਤਮਾ ਦੀ ਰਜ਼ਾ ਵਿੱਚ ਤੁਰਿਆਂ ਸਾਰੇ ਸੁਖ ਮਿਲਦੇ ਹਨ। ਗੁਰੂ ਪਾਤਸ਼ਾਹ ਸਮਝਾਉਂਦੇ ਹਨ ਕਿ ਇਕੋ ਗੱਲ ਮਨੁੱਖ ਨੂੰ ਡਰ ਤੋਂ ਰਹਿਤ ਕਰ ਦੇਂਦੀ ਹੈ ਉਹ ਇਹ ਕਿ ਜਿਹੜਾ ਮਨੁੱਖ ਗੁਰੂ ਨੂੰ ਮਿਲਕੇ ਪਰਮਾਤਮਾ ਦੇ ਗੁਣ ਗਾਉਂਦਾ ਹੈ ਅਤੇ ਰਜ਼ਾ ਅਨੁਸਾਰ ਜੀਵਨ ਜੀਉਣਾ ਸਿੱਖ ਲੈਂਦਾ ਹੈ, ਉਹ ਸੁਖੀ ਜੀਵਨ ਵਾਲਾ ਹੋ ਜਾਂਦਾ ਹੈ -

**ਏਕਾ ਨਿਰਭਉ ਬਾਤ ਸੁਨੀ।।**
**ਸੋ ਸੁਖੀਆ ਸੋ ਸਦਾ ਸੁਹੇਲਾ**
**ਜੋ ਗੁਰ ਮਿਲਿ ਗਾਇ ਗੁਨੀ।।** (ਪੰਨਾ ੬੯੮)

ਐਸੇ ਮਨੁੱਖ ਨੂੰ ਸੁੱਖ ਦੀ ਅਨੁਭੂਤਿ ਆਪਣੇ ਅੰਦਰੋਂ ਹੀ ਹੁੰਦੀ ਹੈ। ਉਹ ਸੁਖ ਦੀ ਖੋਜ ਵਿੱਚ ਥਾਂ ਥਾਂ ਭਟਕਦਾ ਨਹੀਂ। ਉਸ ਨੂੰ ਕੋਈ ਦੁੱਖ ਪਰੇਸ਼ਾਨ ਨਹੀਂ ਕਰਦਾ। ਉਸਨੂੰ ਹਰ ਥਾਂ, ਹਰੇਕ ਮਨੁੱਖ ਵਿੱਚ ਇਕ ਪ੍ਰਭੂ ਦੀ ਜੋਤਿ ਦਿੱਸਦੀ ਹੈ। ਇਸ ਲਈ ਉਸਨੂੰ ਕੋਈ ਵੀ ਬੁਰਾ ਜਾਂ ਬੇਗਾਨਾ ਨਹੀਂ ਲੱਗਦਾ-

**ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ।।**
**ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ।।**

(ਕਾਨੜਾ ਮ: ੫, ਪੰਨਾ ੧੩੦੨)

ਅਤੇ- **ਸਚੈ ਨਾਇ ਦੁਖੁ ਕਬਹੀ ਨਾਹੀ।।** (ਮਾਝ ਮ: ੩, ਪੰਨਾ ੧੨੨)

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਪਰਮਾਤਮਾ ਦੇ ਨਾਮ ਤੋਂ ਬਿਨਾਂ ਮਨੁੱਖੀ ਸਰੀਰ ਇਕ ਹਨ੍ਹੇਰੀ ਕੋਠੜੀ ਹੀ ਹੈ ਜਿਥੇ ਦੁੱਖਾਂ ਦਾ ਹਨ੍ਹੇਰਾ ਹੈ-**ਅੰਧੀ ਕੋਠੀ ਤੇਰਾ ਨਾਮੁ ਨਾਹੀ।।** (ਪੰਨਾ ੩੫੪) ਪਰਮਾਤਮਾ ਦਾ ਨਾਮ ਸਿਮਰਨ ਕਰਨ ਵਾਲੇ ਨੂੰ ਆਪਣੇ ਹਿਰਦੇ-ਘਰ ਵਿੱਚ ਆਨੰਦ ਪ੍ਰਤੀਤ ਹੁੰਦਾ ਹੈ ਤੇ ਦੁਨੀਆਂ ਦੇ ਨਾਲ ਵਰਤਣ-ਵਿਹਾਰ ਵਿੱਚ ਵੀ ਉਹੀ ਆਨੰਦ ਬਣਿਆ ਰਹਿੰਦਾ ਹੈ-

**ਘਰ ਮਹਿ ਸੁਖ ਬਾਹਰਿ ਫੁਨਿ ਸੁਖਾ।।**
**ਹਰਿ ਸਿਮਰਤ ਸਗਲ ਬਿਨਾਸੇ ਦੁਖਾ।।**
**ਸਗਲ ਸੁਖ ਜਾਂ ਤੂੰ ਚਿਤਿ ਆਵੈ।।**
**ਸੋ ਨਾਮੁ ਜਪੈ ਜੋ ਜਨੁ ਤੁਧੁ ਭਾਵੈ।।**

(ਆਸਾ ਮ: ੫, ਪੰਨਾ ੩੮੫)

❁ ❁ ❁ ❁ ❁



www.AKJ.Org

# ਬਾਪੂ ਜੀ ਤੇ ਬੱਚੇ (੧੯)

ਬਾਪੂ ਜੀ ਬੱਚਿਆਂ ਨੂੰ ਕਹਾਣੀ ਸੁਣਾ ਰਹੇ ਸਨ।

**ਬਾਪੂ ਜੀ** :– ਬੱਚਿਓ ! ਮਹਾਂਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਸਮੇਂ ਗੁਰਦੁਵਾਰਿਆਂ ਦੇ ਨਾਂ ਜਾਗੀਰਾਂ ਲਗਾ ਦਿੱਤੀਆਂ ਸਨ ਤਾਂ ਜੋ ਗੁਰੂ ਕੇ ਲੰਗਰ ਚਲਦੇ ਰਹਿਣ ਅਤੇ ਗੁਰਦਵਾਰਿਆਂ ਦੀ ਸੇਵਾ ਸੰਭਾਲ ਵਿੱਚ ਮਾਇਆ ਕਾਰਨ ਕੋਈ ਔਕੜ ਨਾ ਆਏ। ਗੁਰਦੁਵਾਰਾ ਨਨਕਾਣਾ ਸਾਹਿਬ ਦੇ ਨਾਂ ਸੱਤ ਸੌ ਤੋਂ ਵੱਧ ਮੁਰੱਬੇ ਜ਼ਮੀਨ ਲੱਗੀ ਹੋਈ ਸੀ। ਜਦੋਂ ਮਹਾਰਾਜੇ ਰਣਜੀਤ ਸਿੰਘ ਤੋਂ ਬਾਅਦ ਪੰਜਾਬ ਵਿੱਚ ਅੰਗ੍ਰੇਜ਼ਾਂ ਦਾ ਰਾਜ ਆ ਗਿਆ ਤਾਂ ਉਨ੍ਹਾਂ ਨੇ ਖੇਤਾਂ ਨੂੰ ਪਾਣੀ ਦੇਣ ਵਾਸਤੇ ਨਹਿਰਾਂ ਦਾ ਜਾਲ ਵਿਛਾ ਦਿੱਤਾ। ਖੇਤਾਂ ਨੂੰ ਭਰਮਾ ਪਾਣੀ ਮਿਲਣ ਨਾਲ ਖੇਤੀ ਦੀ ਉਪਜ ਵਿੱਚ ਵੀ ਚੋਖਾ ਵਾਧਾ ਹੋ ਗਿਆ। ਉਪਜਾਊ ਜ਼ਮੀਨ ਕਾਰਨ ਗਰਦੁਵਾਰਿਆਂ ਦੇ ਮਹੰਤ ਮਾਲਾ ਮਾਲ ਹੋ ਗਏ ਅਤੇ ਪੈਸੇ ਨੇ ਉਨ੍ਹਾਂ ਦੀ ਬੁੱਧੀ ਭ੍ਰਿਸ਼ਟ ਕਰ ਦਿੱਤੀ। ਮਹੰਤ ਕੁਕਰਮਾਂ ਵਿੱਚ ਫਸ ਗਏ। ਸ਼ਰਾਬਾਂ ਪੀਣ ਲੱਗ ਪਏ ਅਤੇ ਗੁਰਦਵਾਰਿਆਂ ਵਿੱਚ ਮੱਥਾ ਟੇਕਣ ਆਈਆਂ ਧੀਆਂ ਭੈਣਾਂ ਨੂੰ ਹੱਥ ਪਾਉਣ ਲੱਗ ਪਏ।

ਬੱਚਿਓ ! ਇੱਕ ਵੇਰ ਇੱਕ ਸਿੰਧੀ ਸਿੱਖ ਆਪਣੀ ਪਤਨੀ ਅਤੇ ਲੜਕੀ ਨਾਲ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਦਰਸ਼ਨਾਂ ਨੂੰ ਆਇਆ। ਗੁਰਦੁਆਰੇ ਦੇ ਮਹੰਤ ਨਰੈਣ ਦਾਸ ਦੇ ਬੰਦਿਆਂ ਨੇ ਲੜਕੀ ਨਾਲ ਦੁਰ-ਵਿਹਾਰ ਕੀਤਾ। ਜੜ੍ਹਾਂ-ਵਾਲੇ ਤੋਂ ਆਈਆਂ ਸਰੋਵਰ ਵਿੱਚ ਇਸ਼ਨਾਨ ਕਰ ਰਹੀਆਂ ਬੀਬੀਆਂ ਨਾਲ ਵੀ ਮਾੜਾ ਸਲੂਕ ਕੀਤਾ। ਜਦੋਂ ਇਹ ਖਬਰਾਂ ਅੰਮ੍ਰਿਤਸਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਪਹੁੰਚੀਆਂ ਤਾਂ ਕਮੇਟੀ ਨੇ ਫੈਸਲਾ ਕੀਤਾ ਕਿ ਮਹੰਤ ਨੂੰ ਨਨਕਾਣਾ ਸਾਹਿਬ ਜਾ ਕੇ ਸਮਝਾਇਆਂ ਜਾਵੇ। ਮਹੰਤ ਨੂੰ ਕਮੇਟੀ ਦੇ ਫੈਸਲੇ ਦਾ ਪਤਾ ਲੱਗ ਗਿਆ ਅਤੇ ਉਸ ਨੇ ਗੁਰਦੁਵਾਰੇ ਵਿੱਚ ਕਾਫੀ ਬਦਮਾਸ਼, ਵੱਡੀ ਗਿਣਤੀ ਵਿੱਚ ਛਵੀਆਂ, ਕੁਹਾੜੇ, ਤਲਵਾਰਾਂ, ਬੰਦੂਕਾਂ, ਪਸਤੌਲ, ਗੋਲੀ ਸਿੱਕਾ, ਮਿੱਟੀ ਦੇ ਤੇਲ ਤੇ ਪੈਟਰੋਲ ਦੇ ਟੀਨ ਅਤੇ ਲੱਕੜਾਂ ਜਮ੍ਹਾਂ ਕਰ ਲਈਆਂ। ਅੰਗ੍ਰੇਜ਼ ਸਰਕਾਰ ਮਹੰਤਾਂ ਦਾ ਪੱਖ ਪੂਰਦੀ ਸੀ ਜਿਸ ਕਾਰਨ ਉਹ ਭੂਤਰੇ ਫਿਰਦੇ ਸਨ।

ਬੱਚਿਓ ! ਗੁਰਦਵਾਰਿਆਂ ਨੂੰ ਕੁਕਰਮੀ ਮਹੰਤਾਂ ਤੋਂ ਅਜ਼ਾਦ ਕਰਵਾਉਣ ਲਈ ਸਿੱਖ ਪੰਥ ਨੂੰ ਮੋਰਚੇ ਲਾਉਣੇ ਪਏ ਅਤੇ ਸਿੰਘਾਂ ਨੂੰ ਕੁਰਬਾਨੀਆਂ ਦੇਣੀਆਂ ਪਈਆਂ।

ਬੱਚਿਓ ! ਜਦੋਂ ਮਹੰਤ ਨੈਰਣ ਦਾਸ ਦੀ ਕਾਰਵਾਈ ਦਾ ਭਾਈ ਲਛਮਣ ਸਿੰਘ ਧਾਰੋਵਾਲ ਨੂੰ ਪਤਾ ਲੱਗਿਆਂ ਤਾਂ ਉਸ ਨੇ ਸ੍ਰ: ਤੇਜਾ ਸਿੰਘ ਸਮੁੰਦਰੀ, ਭਾਈ ਬੂਟਾ ਸਿੰਘ ਅਤੇ ਹੋਰ ਸਿੰਘਾਂ ਨਾਲ ਮਿਲ ਕੇ ਫੈਸਲਾ ਕੀਤਾ ਕਿ ਕਈ ਹਜ਼ਾਰ ਸਿੰਘਾਂ ਦਾ ਜਥਾ ਲੈ ਕੇ ਨਨਕਾਣਾ ਸਾਹਿਬ ਗੁਰਦਵਾਰੇ ਵਿੱਚੋਂ ਮਹੰਤ ਨੂੰ ਭਜਾ ਦਿੱਤਾ ਜਾਵੇ ਅਤੇ ਗੁਰਦਵਾਰੇ ਤੇ ਕਬਜ਼ਾ ਕਰ ਲਿਆ ਜਾਵੇ। ਭਾਈ ਲਛਮਣ ਸਿੰਘ ਜਥਾ ਲੈ ਕੇ ਨਨਕਾਣਾ ਸਾਹਿਬ ਨੂੰ ਚੱਲ ਪਏ। ਜਦੋਂ ਸ਼੍ਰੋਮਣੀ ਕਮੇਟੀ ਨੂੰ ਇਸ ਕਾਰਵਾਈ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਜਥੇ ਨੂੰ ਕਾਹਲੀ ਵਿੱਚ ਕਾਰਵਾਈ ਕਰਨ ਲਈ ਰੋਕਣਾ ਚਾਹਿਆ ਪਰ ਉਹ ਨਾ ਰੁਕੇ ਕਿਉਂਕਿ ਉਹ ਅਰਦਾਸ ਕਰ ਚੁੱਕੇ ਸਨ।

ਬੱਚਿਓ ! ਭਾਈ ਲਛਮਣ ਸਿੰਘ ਦਾ ਜਥਾ ੨੦ ਫਰਵਰੀ ੧੯੨੧ ਨੂੰ ਸਵੇਰੇ ਹੀ ਗੁਰਦਵਾਰਾ ਜਨਮ ਅਸਥਾਨ ਦੇ ਅੰਦਰ ਦਾਖਲ ਹੋ ਗਿਆ। ਭਾਈ ਲਛਮਣ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਗਏ ਅਤੇ ਬਾਕੀ ਸਿੰਘ ਆਸਾ ਦੀ ਵਾਰ ਦਾ ਕੀਰਤਨ ਕਰਨ ਲੱਗ ਪਏ। ਮਹੰਤ ਨਰੈਣ ਦਾਸ ਰੇਲਵੇ ਸਟੇਸ਼ਨ ਤੇ ਗਿਆ ਹੋਇਆ ਸੀ ਕਿਉਂਕਿ ਉਸ ਨੇ ਲਾਹੌਰ ਸਨਾਤਨ ਧਰਮ ਦੀ ਮੀਟਿੰਗ ਤੇ ਜਾਣਾ ਸੀ। ਜਦੋਂ ਮਹੰਤ ਦੇ ਗੁੰਡਿਆਂ ਨੂੰ ਜਥੇ ਦਾ ਪਤਾ ਲੱਗਾ ਤਾਂ ਉਹ ਘੋੜੇ ਲੈ ਕੇ ਸਟੇਸ਼ਨ ਵੱਲ ਭੱਜੇ ਗਏ ਪਰ ਗੱਡੀ ਚੱਲ ਚੁੱਕੀ ਸੀ। ਉਹ ਘੋੜੇ ਭਜਾ ਕੇ 'ਬਾਰਬਟਨ' ਸਟੇਸ਼ਨ ਤੇ ਗੱਡੀ ਪੁੱਜਣ ਤੋਂ ਪਹਿਲਾਂ ਹੀ ਪਹੁੰਚ ਗਏ। ਉਨ੍ਹਾਂ ਨੇ ਮਹੰਤ ਨੂੰ ਗੱਡੀ ਵਿੱਚੋਂ ਉਤਾਰ ਕੇ ਨਨਕਾਣੇ ਸਾਹਿਬ ਲੈ ਆਂਦਾ। ਮਹੰਤ ਨੇ ਆਉਂਦਿਆਂ ਹੀ ਸਾਰੇ ਸਿੰਘਾਂ ਨੂੰ ਕਤਲ ਕਰਨ ਦਾ ਹੁਕਮ ਦੇ ਦਿੱਤਾ। ਮਹੰਤ ਦੇ ਬਦਮਾਸ਼ ਬਾਹਰੋਂ ਪੌੜੀਆਂ ਲਗਾ ਕੇ ਦਰਸ਼ਨੀ ਡਿਉੜੀ ਅਤੇ ਸਾਰੇ ਦਰਵਾਜ਼ਿਆਂ ਤੇ ਚੜ੍ਹ ਗਏ ਅਤੇ ਗੋਲੀਆਂ ਚਲਾਉਣ ਲੱਗ ਪਏ। ਬਾਹਰ ਦੇ ਸਾਰੇ ਸਿੰਘ ਜ਼ਖਮੀ ਹੋ ਗਏ। ਪਠਾਣ ਬਦਮਾਸ਼ ਹੁਣ ਛਵੀਆਂ ਲੈ ਕੇ ਚੁਬਾਰੇ ਤੋਂ ਹੇਠਾਂ ਉਤਰ ਆਏ ਅਤੇ ਜ਼ਖਮੀ ਸਿੰਘਾਂ ਦੇ ਟੋਟੇ ਟੋਟੇ ਕਰ ਕੇ ਮਿੱਟੀ ਦਾ ਤੇਲ ਅਤੇ ਪੈਟਰੋਲ ਪਾ ਕੇ ਅੱਗ ਲਾ ਦਿੱਤੀ। ਉਨ੍ਹਾਂ ਚੌਖੰਡੀ (ਪ੍ਰਕਾਸ਼ ਅਸਥਾਨ) ਦਾ ਉੱਤਰ ਵੱਲ ਦਾ ਦਰਵਾਜ਼ਾ ਤੋੜ ਕੇ ਮਿੱਟੀ ਦਾ ਤੇਲ ਛਿੜਕ ਦਿੱਤਾ ਅਤੇ ਅੰਦਰ ਗੋਲੀਆਂ ਚਲਾਉਣ ਲੱਗ ਪਏ। ਬਹੁਤ ਸਾਰੀਆਂ ਗੋਲੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਲੱਗੀਆਂ ਅਤੇ ਅੰਦਰਲੇ ਸਿੰਘ ਵੀ ਗੋਲੀਆਂ ਲੱਗਣ ਨਾਲ ਸ਼ਹੀਦ ਹੋ ਗਏ। ਭਾਈ ਲਛਮਣ ਸਿੰਘ ਨੂੰ ਜ਼ਖਮੀ ਹਾਲਤ ਵਿੱਚ ਅੰਦਰੋਂ ਕੱਢ ਕੇ ਜੰਡ ਨਾਲ ਪੁੱਠਾ ਲਟਕਾ ਕੇ ਅਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਦਿੱਤੀ।

**ਅੰਮ੍ਰਿਤਪਾਲ** :– ਫੇਰ ਕੀ ਹੋਇਆ ?

**ਬਾਪੂ ਜੀ** :– ਇਹ ਕਾਰਾ ਕਰ ਕੇ ਮਹੰਤ ਆਪਣੇ ਕੁੱਝ ਬਦਮਾਸ਼ਾਂ ਸਮੇਤ ਗੁਰਦੁਆਰੇ ਤੋਂ ਬਾਹਰ ਆਇਆ, ਉਸਦੇ ਬਾਕੀ ਗੁੰਡੇ ਲਾਸ਼ਾ ਨੂੰ ਇਕੱਠਾ ਕਰਕੇ ਅੱਗ ਲਗਾ ਰਹੇ ਸਨ। ਗੁਰਦੁਆਰੇ ਤੋਂ ਥੋੜ੍ਹੀ ਦੂਰ ਸ੍ਰ: ਉੱਤਮ ਸਿੰਘ ਦੇ ਕਾਰਖਾਨੇ ਬੈਠੇ ਭਾਈ ਦਲੀਪ ਸਿੰਘ ਤੇ ਭਾਈ ਵਰਿਆਮ ਸਿੰਘ ਨੇ ਗੋਲੀ ਚੱਲਣ ਦੀ ਆਵਾਜ਼ ਸੁਣੀ ਤਾਂ ਉਹ ਦੋਵੇਂ


www.AKJ.org

ਗੁਰਦੁਆਰਾ ਜਨਮ ਅਸਥਾਨ ਵੱਲ ਭੱਜੇ ਆਏ।

**ਅੰਮ੍ਰਿਤਪਾਲ** :– ਫੇਰ ਕੀ ਹੋਇਆ ?

**ਬਾਪੂ ਜੀ** :– ਗੁਰਦੁਆਰੇ ਪਹੁੰਚ ਕੇ ਭਾਈ ਦਲੀਪ ਸਿੰਘ ਨੇ ਮਹੰਤ ਨੂੰ ਪੁੱਛਿਆ, "ਮਹੰਤ ਜੀ ! ਇਹ ਕੀ ਕਾਰਾ ਕਰ ਦਿੱਤਾ ?" ਮਹੰਤ ਅਤੇ ਉਸਦੇ ਗੁੰਡਿਆ ਨੇ ਭਾਈ ਦਲੀਪ ਸਿੰਘ ਤੇ ਭਾਈ ਵਰਿਆਮ ਸਿੰਘ ਨੂੰ ਗੋਲੀਆ ਮਾਰ ਕੇ ਜਖਮੀ ਕਰ ਦਿੱਤਾ ਅਤੇ ਜਿਉਂਦਿਆਂ ਨੂੰ ਹੀ ਘੁਮਾਰਾਂ ਦੀ ਮਘਦੀ ਭੱਠੀ ਵਿੱਚ ਸੁੱਟ ਦਿੱਤਾ।

**ਪ੍ਰਭਜੋਤ** :– ਬਾਪੂ ਜੀ ! ਫੇਰ ਕੀ ਹੋਇਆ ?

**ਬਾਪੂ ਜੀ** :– ਸ੍ਰ: ਉੱਤਮ ਸਿੰਘ ਨੇ ਸਟੇਸ਼ਨ ਮਾਸਟਰ ਕਰਮ ਸਿੰਘ ਰਾਹੀਂ ਤਾਰਾਂ (Telegrams) ਦੁਆਰਾ ਇਸ ਸਾਕੇ ਦੀ ਖ਼ਬਰ ਪੰਜਾਬ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਡੀ. ਸੀ., ਪੁਲਿਸ ਕਪਤਾਨ ਆਦਿ ਨੂੰ ਭੇਜੀ। ਇਹ ਖਬਰ ਜੰਗਲ ਦੀ ਅੱਗ ਵਾਂਗ ਸਾਰੇ ਪਾਸੇ ਫੈਲ ਗਈ। ਲੋਕੀਂ ਖਬਰ ਸੁਣਦੇ ਹੀ ਵਹੀਰਾਂ ਘੱਤ ਕੇ ਨਨਕਾਣੇ ਸਾਹਿਬ ਨੂੰ ਤੁਰ ਪਏ। ਭਾਈ ਕਰਤਾਰ ਸਿੰਘ ਝੱਬਰ ੨੨੦੦ ਸਿੰਘਾਂ ਦਾ ਜ਼ਥਾ ਲੈ ਕੇ ਨਨਕਾਣਾ ਸਾਹਿਬ ਪੁਜ ਗਿਆ। ਹਰ ਸਿੰਘ ਕੋਲ ਕੋਈ ਨਾ ਕੋਈ ਹਥਿਆਰ ਸੀ। ਸਿਆਲਕੋਟ ਤੋਂ ਆਏ ਸਿੰਘਾਂ ਨਾਲ ਭਾਈ ਹੀਰਾ ਸਿੰਘ ਰਾਗੀ ਵੀ ਸਨ। ਲਾਹੌਰ ਤੋਂ ਕਮਿਸ਼ਨਰ, ਗੋਰਾ ਫੌਜ ਲੈ ਕੇ ਆ ਗਿਆ ਅਤੇ ਉਨ੍ਹਾਂ ਨੇ ਗੁਰਦੁਆਰੇ ਦੇ ਸਾਹਮਣੇ ਮਸ਼ੀਨ ਗੰਨਾਂ ਬੀੜ ਦਿੱਤੀਆਂ।

**ਅੰਮ੍ਰਿਤਪਾਲ** :– ਫੇਰ ਕੀ ਹੋਇਆ ?

**ਬਾਪੂ ਜੀ** :– ਸਿੰਘ ਬਹੁਤ ਗੁੱਸੇ ਵਿੱਚ ਸਨ ਅਤੇ ਮਸ਼ੀਨਗੰਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਅੱਗੇ ਵੱਧਦੇ ਆ ਰਹੇ ਸਨ। ਮੌਕੇ ਦੀ ਨਜ਼ਾਕਤ ਨੂੰ ਦੇਖਦੇ ਹੋਏ ਕਮਿਸ਼ਨਰ ਨੇ ਗੋਰਾ ਫੌਜ ਗੁਰਦੁਆਰੇ ਦੇ ਸਾਹਮਣਿਓਂ ਹਟਾ ਲਈ ਅਤੇ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਸਿੰਘਾਂ ਦੇ ਹਵਾਲੇ ਕਰ ਦਿੱਤੀਆ।

**ਪ੍ਰਭਜੋਤ** :– ਬਾਪੂ ਜੀ ! ਫੇਰ ਕੀ ਹੋਇਆ ?

**ਬਾਪੂ ਜੀ** :– ਚਾਬੀਆ ਲੈ ਕੇ ਸਿੰਘ ਗੁਰਦੁਆਰੇ ਦੇ ਅੰਦਰ ਦਾਖਲ ਹੋਏ ਜਿੱਥੇ ਉਨ੍ਹਾਂ ਨੇ ਬੁਰੀ ਤਰ੍ਹਾਂ ਕੱਟੇ ਵੱਢੇ ਸਿੰਘਾਂ ਦਾ ਦਰਦਨਾਕ ਨਜ਼ਾਰਾ ਦੇਖਿਆ। ਕਿਸੇ ਦੀਆਂ ਲੱਤਾਂ ਨਹੀਂ ਤੇ ਕਿਸੇ ਦੀਆਂ ਬਾਹਾਂ ਤੇ ਕਈ ਲਾਸ਼ਾਂ ਬਿਨਾਂ ਸਿਰ ਦੇ ਹੀ ਪਈਆਂ ਸਨ। ਕੋਈ ਵੀ ਪਛਾਣਿਆ ਨਹੀਂ ਸੀ ਜਾਂਦਾ। ਭਾਈ ਹੀਰਾ ਸਿੰਘ ਰਾਗੀ ਨੇ ਸ਼ਹੀਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿੱਚ ਲੱਗੀਆਂ ਗੋਲੀਆ ਕੱਢੀਆਂ। ਉਸ ਦਿਨ ੨੧ ਫਰਵਰੀ ੧੯੨੧ ਨੂੰ ਤਾਂ ਸਿੰਘਾਂ ਦਾ ਸਸਕਾਰ ਨਾ ਹੋ ਸਕਿਆ। ਅਗਲੇ ਦਿਨ ਪੰਜਾਬ ਦਾ ਗਵਰਨਰ ਆਪਣੇ ਵਜ਼ੀਰਾਂ ਨੂੰ ਨਾਲ ਲੈ ਕੇ ਨਨਕਾਣੇ ਸਾਹਿਬ ਪੁੱਜਾ ਅਤੇ ਸ਼ਹੀਦ ਸਿੰਘਾਂ ਦੀਆਂ ਲਾਸ਼ਾ ਦੇਖ ਕੇ ਦਿਖਾਵੇ ਦੇ ਹੰਝੂ ਕੇਰਨ ਲੱਗਾ। ਸ਼ਹੀਦ ਸਿੰਘਾਂ ਦਾ ਸਸਕਾਰ ਬੁੱਧਵਾਰ ੨੩ ਫਰਵਰੀ, ੧੯੨੧ ਨੂੰ ਕੀਤਾ ਗਿਆ ਅਤੇ ਕੁੱਝ ਦੇਰ ਮਗਰੋਂ ਉਨ੍ਹਾ ਦੀ ਯਾਦ ਵਿੱਚ ਸ਼ਹੀਦਗੰਜ ਗੁਰਦੁਆਰਾ ਉਸਾਰਿਆ ਗਿਆ।

ਬੱਚਿਓ ! ਸਰਕਾਰ ਨੂੰ ਸਿੰਘਾਂ ਦੇ ਇਕੱਠ ਸਾਹਮਣੇ ਗੋਡੇ ਟੇਕਣੇ ਪਏ ਅਤੇ ਸਿਦਕੀ ਸਿੰਘਾਂ ਦੀਆਂ ਕੁਰਬਾਨੀਆਂ ਸਦਕਾ ਗੁਰਦੁਆਰਾ ਜਨਮ ਅਸਥਾਨ ਬਦਚਲਣ ਮਹੰਤ ਨਰੈਣ ਦਾਸ ਦੇ ਕਬਜ਼ੇ ਤੋਂ ਆਜ਼ਾਦ ਹੋ ਗਿਆ।

**ਕੁਲਜੀਤ ਸਿੰਘ** :– ਬਾਪੂ ਜੀ ! ਗੁਰਦੁਆਰਿਆਂ ਤੇ ਮਹੰਤਾਂ ਦਾ ਕਬਜ਼ਾ ਕਿਵੇਂ ਹੋ ਗਿਆ ?

**ਬਾਪੂ ਜੀ** :– ਬਾਬਾ ਬੰਦਾ ਸਿੰਘ ਬਹਾਦਰ ਦੇ ਪਕੜੇ ਜਾਣ ਤੇ ਮੁਗਲ ਹਕੂਮਤ ਨੇ ਸਿੱਖਾਂ ਤੇ ਬਹੁਤ ਸਖਤੀ ਸ਼ੁਰੂ ਕਰ ਦਿੱਤੀ। ਸਿੱਖਾਂ ਦੇ ਸਿਰਾਂ ਦੇ ਮੁੱਲ ਪੈਣ ਲੱਗ ਪਏ। ਉਸ ਸਮੇਂ ਸਿੰਘਾਂ ਨੂੰ ਆਪਣੇ ਘਰ ਘਾਟ ਛੱਡ ਕੇ ਜੰਗਲਾਂ ਵਿੱਚ ਜਾਣਾ ਪਿਆ ਅਤੇ ਘੋੜਿਆਂ ਦੀਆਂ ਕਾਠੀਆਂ ਤੇ ਹੀ ਆਪਣੇ ਘਰ ਬਨਾਉਣੇ ਪਏ। ਉਸ ਬਿਖੜੇ ਸਮੇਂ ਗੁਰੂ ਘਰ ਦੀ ਸੇਵਾ ਸੰਭਾਲ ਦਾ ਕੰਮ ਮਹੰਤਾਂ, ਉਦਾਸੀ ਤੇ ਨਿਰਮਲੇ ਸਾਧਾਂ ਦੇ ਹੱਥ ਆਇਆ ਜਿਨ੍ਹਾਂ ਨੂੰ ਲੋਕ ਨੇਕ ਤੇ ਰੱਬ ਦਾ ਭੈ ਰੱਖਣ ਵਾਲੇ ਖਿਆਲ ਕਰਦੇ ਸਨ। ਭੋਲੀ ਜੰਤਾ ਨੂੰ ਕੀ ਪਤਾ ਸੀ ਕਿ ਮੁਫਤ ਦੀ ਕਮਾਈ ਨੇ ਇਨ੍ਹਾਂ ਦੇ ਦਿਮਾਗ ਬਿਗਾੜ ਕੇ ਪੁੱਠੇ ਰਾਹ ਪਾ ਦੇਣਾ ਹੈ। ਪਹਿਲਾਂ ਤਾਂ ਇਹ ਠੀਕ ਸੇਵਾ ਕਰਦੇ ਰਹੇ ਪਰ ਪਿਛੋਂ ਜਾ ਕੇ ਇਹ ਪੁਜਾਰੀ ਗੁਰੂ ਘਰਾਂ ਦੀ ਕਦਰ ਤੇ ਸਤਿਕਾਰ ਕਰਨਾ ਉੱਕਾ ਹੀ ਭੁੱਲ ਗਏ ਅਤੇ ਕੁਕਰਮਾਂ ਵਿੱਚ ਫਸ ਗਏ। ਗੁਰਦੁਆਰਿਆਂ ਨੂੰ ਇਹ ਆਪਣੀ ਨਿੱਜੀ ਜਾਇਦਾਦ ਸਮਝਣ ਲੱਗ ਪਏ ਅਤੇ ਗੁਰਦੁਆਰਿਆਂ ਵਿੱਚ ਪੁੱਠੇ ਕੰਮ ਸ਼ੁਰੂ ਕਰ ਦਿੱਤੇ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਤਾਂ ਆਪਣੀਆਂ ਕਰਤੂਤਾਂ ਨੂੰ ਛੁਪਾ ਕੇ ਰੱਖਦੇ ਰਹੇ ਪਰ ਪੰਜਾਬ ਵਿੱਚ ਅੰਗਰੇਜ਼ੀ ਹਕੂਮਤ ਸਮੇਂ ਇਨ੍ਹਾਂ ਨੰਗਾ ਨਾਚ ਸ਼ੁਰੂ ਕਰ ਦਿੱਤਾ। ਅੰਗਰੇਜ਼ ਹਕੂਮਤ ਨੇ ਸਿੱਖਾਂ ਦੀ ਪਿੱਠ ਠੋਕਣੀ ਸ਼ੁਰੂ ਕਰ ਦਿੱਤੀ ਅਤੇ ਮਹੰਤ ਸ਼ਰੇਆਮ ਕੁਕਰਮ ਕਰਨ ਲੱਗ ਪਏ। ਸਿੱਖ ਸੰਗਤਾਂ ਦਾ ਉਨ੍ਹਾਂ ਨੂੰ ਕੋਈ ਡਰ ਨਾ ਰਿਹਾ ਅਤੇ ਉਨ੍ਹਾਂ ਨੇ ਗੁਰਦੁਆਰਿਆਂ ਨੂੰ ਬਦਕਾਰੀ ਦੇ ਅੱਡੇ ਬਣਾ ਦਿੱਤਾ।

**ਕੁਲਜੀਤ ਸਿੰਘ** :– ਕੀ ਉਨ੍ਹਾਂ ਨੂੰ ਰੱਬ ਦਾ ਵੀ ਕੋਈ ਡਰ ਨਾ ਰਿਹਾ ?

**ਬਾਪੂ ਜੀ** :– ਪੂਜਾ ਦਾ ਧਾਨ ਤਿੰਨ ਕੰਮ ਕਰਦਾ ਹੈ – ਬੁੱਧੀ ਭ੍ਰਿਸ਼ਟ ਕਰ ਦਿੰਦਾ ਹੈ, ਸਰੀਰ ਨੂੰ ਘੁਣ ਲਾ ਦਿੰਦਾ ਹੈ ਅਤੇ ਗੁਰੂ ਨਾਲੋਂ ਰਿਸ਼ਤਾ ਤੋੜ ਦਿੰਦਾ ਹੈ। ਗੁਰੂ ਨਾਲੋਂ ਟੁੱਟਾ ਹੋਇਆ ਅਤੇ ਭ੍ਰਿਸ਼ਟ ਬੁੱਧੀ ਵਾਲਾ ਬੰਦਾ ਆਪਣੇ ਆਪ ਨੂੰ ਹੀ ਰੱਬ ਸਮਝਣ ਲੱਗ ਪੈਂਦਾ ਹੈ, ਉਸ ਨੂੰ ਡਰ ਕਿਸ ਦਾ ?



www.AKJ.Org

**ਪ੍ਰਭਜੋਤ** :— ਬਾਪੂ ਜੀ ! ਸਰੀਰ ਨੂੰ ਘੁਣ ਲੱਗਣ ਦਾ ਕੀ ਮਤਲਬ ਆ ?

**ਬਾਪੂ ਜੀ** :— ਲੱਕੜੀ ਦੇ ਕੀੜੇ ਨੂੰ ਘੁਣ ਕਿਹਾ ਜਾਂਦਾ ਹੈ। ਇਹ ਕੀੜਾ ਲੱਕੜੀ ਨੂੰ ਅੰਦਰੋਂ ਅੰਦਰੀ ਖਾਈ ਜਾਂਦਾ ਹੈ ਅਤੇ ਲੱਕੜੀ ਵਿਚ ਮੋਰੀਆਂ ਕੱਢ ਕੇ ਉਸ ਨੂੰ ਥੋਥੀ ਬਣਾ ਦਿੰਦਾ ਹੈ। ਪੂਜਾ ਦਾ ਧਾਨ ਵੀ ਬੰਦੇ ਦੇ ਸਰੀਰ ਵਿਚ ਘੁਣ ਦਾ ਹੀ ਕੰਮ ਕਰਦਾ ਹੈ ਅਤੇ ਸਰੀਰ ਨੂੰ ਗਾਲ ਕੇ ਰੱਖ ਦਿੰਦਾ ਹੈ।

**ਅੰਮ੍ਰਿਤਪਾਲ** :— ਗੁਰਦੁਆਰੇ ਦੇ ਭਾਈ ਤਾਂ ਸਭ ਕੁਝ ਸਮੇਟੀ ਜਾਂਦੇ ਹਨ।

**ਬਾਪੂ ਜੀ** :— ਇਹ ਉਨ੍ਹਾਂ ਦੀ ਭੁੱਲ ਹੈ। ਉਨ੍ਹਾਂ ਨੂੰ ਸੰਤੋਖ ਵਿਚ ਰਹਿੰਦਿਆਂ ਹੋਇਆਂ ਨਮੂਨੇ ਦੇ ਸਿੱਖ ਬਣਨਾ ਚਾਹੀਦਾ ਹੈ ਤਾਂ ਜੋ ਲੋਕੀਂ ਉਨ੍ਹਾਂ ਦੇ ਸੱਚੇ ਸੁੱਚੇ ਜੀਵਨ ਨੂੰ ਦੇਖ ਕੇ ਸਚਿਆਰ ਸਿੱਖ ਬਣ ਸਕਣ। ਉਨ੍ਹਾਂ ਨੂੰ ਸੰਗਤਾਂ ਦੇ ਚੜ੍ਹਾਵੇ ਵਿਚੋ ਨਿਰਬਾਹ ਮਾਤਰ ਹੀ ਵਸਤ ਕਬੂਲਣੀ ਚਾਹੀਦੀ ਹੈ। ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਵਿੱਚ ਇਉਂ ਹੀ ਲਿਖਿਆ ਹੈ।

**ਪ੍ਰਭਜੋਤ** :— ਕੀ ਲਿਖਿਆ ਹੈ ?

**ਬਾਪੂ ਜੀ** :— ਸੁਣੋ–

**ਰਹਿਤਵਾਨ ਗੁਰਸਿੱਖ ਹੈ ਜੋਈ. ਕਰ ਉਪਾਜ ਧਨ ਖਾਟੈ ਸੋਈ।**
**ਤਾਂਹੀਕਰ ਘਰ ਕੋ ਨਿਰਬਹੈ. ਪੂਜਾ ਭੂਲ ਨ ਕਬਹੂੰ ਗਹੈ।**
**ਜੋ ਕੋਈ ਸਿੰਘ ਪੁਜਾਰੀ ਅਹੈ. ਸੋ ਭੀ ਪੂਜਾ ਬਹੁਤ ਨ ਗਹੈ।**
**ਤਨ ਨਿਰਬਾਹ–ਮਾਤ੍ਰ ਸੋ ਲੇਵੈ. ਅਧਿਕ ਹੋਯ ਤੋ ਜਹਿੰ ਤਹਿੰ ਦੇਵੈ।।**

**ਅੰਮ੍ਰਿਤਪਾਲ** :— ਇਹ ਦਾ ਕੀ ਮਤਲਬ ਆ ?

**ਬਾਪੂ ਜੀ** :— ਇਸ ਦਾ ਮਤਲਬ ਹੈ ਕਿ ਰਹਿਤਵਾਨ ਗੁਰੂ ਕਾ ਸਿੱਖ ਉਦਮ ਕਰ ਕੇ ਹੱਕ ਹਲਾਲ ਦੀ ਕਮਾਈ ਘਰ ਲਿਆਵੇ ਅਤੇ ਉਸ ਨਾਲ ਘਰ ਦਾ ਗੁਜ਼ਾਰਾ ਕਰੇ। ਪੂਜਾ ਦਾ ਧਾਨ ਬਿਲਕੁਲ ਨਾ ਪ੍ਰਵਾਨ ਕਰੇ। ਜੇ ਕੋਈ ਪੁਜਾਰੀ ਸਿੰਘ ਵੀ ਹੋਵੇ, ਉਹ ਵੀ ਬਹੁਤੀ ਪੂਜਾ ਨਾ ਲਵੇ, ਸਰੀਰ ਦੇ ਨਿਰਬਾਹ ਮਾਤਰ ਹੀ ਕਬੂਲ ਕਰੇ। ਜੇ ਪੂਜਾ ਬਹੁਤੀ ਹੋਵੇ ਤਾਂ ਉਥੇ ਹੀ ਵੰਡ ਦੇਵੇ।

**ਅੰਮ੍ਰਿਤਪਾਲ** :— ਬਾਪੂ ਜੀ ! ਗੁਰਦੁਆਰਿਆਂ ਵਿੱਚ ਤਾਂ, ਭਾਈ ਮਠਿਆਈ ਦੇ ਡੱਬੇ ਆਪ ਹੀ ਸਾਂਭ ਜਾਂਦੇ ਆ।

**ਬਾਪੂ ਜੀ** :— ਜੇ ਕੋਈ ਐਸਾ ਕਰਦਾ ਹੈ ਤਾਂ ਨਹੀ ਕਰਨਾ ਚਾਹੀਦਾ। ਸੇਵਦਾਰਾਂ ਨੂੰ ਸੰਤੋਖੀ ਜੀਵਨ ਹੀ ਰੱਖਣਾ ਚਾਹੀਦਾ ਹੈ।

**ਕੁਲਜੀਤ ਸਿੰਘ** :— ਕੀਰਤਨ ਦਰਬਾਰਾਂ ਵਿੱਚ ਆਉਣ ਵਾਸਤੇ ਰਾਗੀ ਤਾਂ ਪੰਜ ਪੰਜ ਦਸ ਦਸ ਹਜ਼ਾਰ ਰੁਪਏ ਲੈਂਦੇ ਹਨ। ਕੀ ਉਨ੍ਹਾਂ ਨੂੰ ਘੰਟਾ ਦੋ ਘੰਟੇ ਕੀਰਤਨ ਕਰਨ ਦੇ ਏਨੇ ਪੈਸੇ ਲੈਣੇ ਚਾਹੀਦੇ ਹਨ ?

**ਬਾਪੂ ਜੀ** :— ਕੀਰਤਨ ਤਾਂ ਹਰੀ–ਜਸ ਹੈ। ਜਿਹੜਾ ਮਨੁੱਖ ਪਰਮਾਤਮਾ ਦੀ ਸਿਫਤ ਸਲਾਹ ਕਰਨ ਦੇ ਪੈਸੇ ਲੈਂਦਾ ਹੈ, ਉਹ ਤਾਂ ਪ੍ਰਭੂ ਦੀ ਕੀਰਤੀ ਕੌਡੀਆਂ ਬਦਲੇ ਵੇਚ ਦਿੰਦਾ ਹੈ, ਉਸ ਦੇ ਪੱਲੇ ਕੀ ਰਹਿ ਗਿਆ ? ਅਜਿਹੇ ਬੰਦਿਆਂ ਨੂੰ ਗੁਰੂ ਦੀ ਖੁਸ਼ੀ ਨਹੀਂ ਮਿਲ ਸਕਦੀ। ਕੀਰਤਨ ਬਹੁਤ ਅਮੋਲਕ ਵਸਤੂ ਹੈ, ਇਸ ਨੂੰ ਭੰਗ ਦੇ ਭਾੜੇ ਨਹੀਂ ਗੁਆਉਣਾ ਚਾਹੀਦਾ। ਗੁਰੂ ਕੇ ਢਾਢੀਆਂ (ਕੀਰਤਨੀਆਂ) ਤੇ ਵੀ ਪੁਜਾਰੀਆਂ ਵਾਲੀ ਸ਼ਰਤ ਹੀ ਲਾਗੂ ਹੁੰਦੀ ਹੈ–

**"ਜੋ ਕੋਈ ਸਿੰਘ ਪੁਜਾਰੀ ਅਹੈ. ਸੋ ਭੀ ਪੂਜਾ ਬਹੁਤ ਨ ਗਹੈ।"**

ਭਾਈ ਸ਼ਾਮ ਸਿੰਘ ਜੀ, ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਸਨ। ਉਹ ਲੰਗਰ ਵਿੱਚੋਂ ਵੀ ਪ੍ਰਸ਼ਾਦਾ ਨਹੀ ਸੀ ਛਕਦੇ, ਬਾਣ ਵੱਟ ਕੇ, ਦਸਾਂ ਨੌਂਹਾ ਦੀ ਕਿਰਤ ਵਿੱਚੋਂ ਪ੍ਰਸ਼ਾਦਾ ਛਕਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਜੇ ਕੀਰਤਨ ਦੇ ਬਦਲੇ ਗੁਰੂ ਘਰੋਂ ਪ੍ਰਸ਼ਾਦ ਛਕ ਲਿਆ ਤਾਂ ਸਾਡੇ ਪੱਲੇ ਕੀ ਰਹਿ ਗਿਆਂ ?

**ਕੁਲਜੀਤ ਸਿੰਘ** :— ਭਾਈ ਸ਼ਾਮ ਸਿੰਘ ਜੀ ਤਾਂ ਫਿਰ ਉੱਚੇ ਜੀਵਨ ਵਾਲੇ ਸਿੱਖ ਸਨ।

**ਬਾਪੂ ਜੀ** :— ਉਚੇ ਜੀਵਨ ਸਦਕਾ ਹੀ ਤਾਂ ਉਨ੍ਹਾਂ ਦੀ ਫੋਟੋ ਦਰਬਾਰ ਸਾਹਿਬ (ਅੰਮ੍ਰਿਤਸਰ) ਅਜਾਇਬ ਘਰ ਵਿਚ ਲੱਗੀ ਹੋਈ ਹੈ।

**ਅੰਮ੍ਰਿਤਪਾਲ** :— ਬਾਪੂ ਜੀ ! ਕੀ ਮੇਰੀ ਫੋਟੋ ਵੀ ਅਜੈਬ–ਘਰ ਵਿੱਚ ਲੱਗ ਸਕਦੀ ਹੈ ?

**ਬਾਪੂ ਜੀ** :— ਕਿਉਂ ਨਹੀਂ। ਤੂੰ ਵੀ ਸਚਿਆਰ ਸਿੱਖ ਬਣ ਕੇ ਦੇਸ਼ ਕੌਮ ਲਈ ਘਾਲਣਾ ਘਾਲ, ਤੇਰੀ ਵੀ ਫੋਟੋ ਉਥੇ ਲੱਗ ਜਾਵੇਗੀ।

**ਪ੍ਰਭਜੋਤ** :— ਬਾਪੂ ਜੀ ! ਪਾਠ ਤੇ ਇਹ ਕਰਦਾ ਨਹੀਂ। ਸਵੇਰ ਨੂੰ ਸੁੱਤਾ ਈ ਪਿਆ ਰਹਿੰਦਾ ਆ। ਸੁਫਨੇ ਲੈਂਦਾ ਆ ਅਜੈਬ–ਘਰ ਫੋਟੋ ਲੱਗਣ ਦੇ।

**ਅੰਮ੍ਰਿਤਪਾਲ** :— ਬਾਪੂ ਜੀ ! ਇਹਨੂੰ ਕਿਹੜਾ ਸਾਰਾ ਪਾਠ ਔਂਦਾ ਆ, ਪੰਜ ਪੌੜੀਆਂ ਈ ਯਾਦ ਆ।

**ਬਾਪੂ ਜੀ** :— ਅੰਮ੍ਰਿਤਪਾਲ ! ਤੈਨੂੰ ਜੁਪਜੀ ਸਾਹਿਬ ਦੀਆਂ ਕਿੰਨੀਆਂ ਪਉੜੀਆਂ ਕੰਠ ਹਨ ?

**ਅੰਮ੍ਰਿਤਪਾਲ** :— ਮੈਨੂੰ ਤੇ '**ਕਿਵ ਕੂੜੈ ਤੁਟੈ ਪਾਲਿ**' ਤਕ ਈ ਯਾਦ ਆ।

**ਬਾਪੂ ਜੀ** :— ਤੂੰ ਤੇ ਫਿਰ ਪਹਿਲੀ ਪਉੜੀ ਤੇ ਈ ਅੜਿਆ ਹੋਇਐਂ, ਅੱਗੋਂ ਵੀ ਯਾਦ ਕਰ।

**ਅੰਮ੍ਰਿਤਪਾਲ** :— ਅੱਛਾ ਜੀ।

**ਬਾਪੂ ਜੀ** :— ਪ੍ਰਭਜੋਤ ! ਤੂੰ ਦੱਸ "**ਕਿਵ ਕੂੜੈ ਤੁਟੈ ਪਾਲਿ**" ਦਾ ਕੀ ਅਰਥ ਹੈ ?

**ਪ੍ਰਭਜੋਤ** :— ਮੈਨੂੰ ਤੇ ਪਤਾ ਨਹੀਂ।

**ਬਾਪੂ ਜੀ** :— ਪਾਠ ਯਾਦ ਕਰਨ ਦੇ ਨਾਲ ਉਸ ਦੇ ਅਰਥ ਵੀ ਆਉਣੇ ਚਾਹੀਦੇ ਹਨ, ਤਹੀਓਂ ਸਾਨੂੰ ਗੁਰੂ ਦੇ ਉਪਦੇਸ਼ ਦਾ ਪਤਾ ਲੱਗੇਗਾ।


www.AKJ.Org

**ਕੁਲਜੀਤ ਸਿੰਘ** :– ਬਾਪੂ ਜੀ ! ਇਸ ਤੁਕ ਦਾ ਅਰਥ ਤੁਸੀਂ ਹੀ ਸਮਝਾ ਦਿਓ– "**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।**"

**ਬਾਪੂ ਜੀ** :– ਬੱਚਿਓ ! ਸਾਡੇ ਤੇ ਪਰਮਾਤਮਾ ਵਿੱਚ ਕੂੜ (ਝੂਠ) ਦਾ ਪੜਦਾ ਹੈ। ਪਰਮਾਤਮਾ ਸੱਚ ਹੈ, ਪ੍ਰਕਾਸ਼ ਹੀ ਪ੍ਰਕਾਸ਼। ਜਿੰਨੀ ਦੇਰ ਤੱਕ ਸਾਡੇ ਅਤੇ ਪਰਮਾਤਮਾ ਵਿਚਕਾਰ ਝੂਠ ਦੀ ਕੰਧ (ਪੜਦਾ) ਨਹੀਂ ਟੁੱਟਦੀ ਅਸੀਂ 'ਸੱਚ' ਨੂੰ ਪਾ ਨਹੀਂ ਸਕਦੇ, ਅਸੀਂ ਕੂੜ ਕੁਸੱਤ ਦੀ ਘੁੰਮਣਘੇਰੀ ਵਿੱਚ ਹੀ ਫਸੇ ਰਹਾਂਗੇ। ਗੁਰੂ ਨਾਨਕ ਦੇਵ ਜੀ ਸਵਾਲ ਕਰਦੇ ਹਨ ਕਿ ਕੂੜ ਦੀ ਪਾਲ (ਕੰਧ) ਕਿਵੇਂ ਟੁੱਟੇ ਅਤੇ ਅਸੀਂ ਸਚਿਆਰ ਕਿਵੇਂ ਬਣੀਏ ?

**ਕੁਲਜੀਤ ਸਿੰਘ** :– ਹੁਣ ਸਮਝ ਆ ਗਈ। ਗੁਰੂ ਸਾਹਿਬ ਅਗਲੀ ਤੁਕ ਵਿੱਚ ਦੱਸਦੇ ਹਨ– "**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।**" ਰੱਬ ਦੇ ਹੁਕਮਾਂ ਅੰਦਰ ਚੱਲਣ ਨਾਲ ਸਾਡੀ ਕੂੜ ਦੀ ਪਾਲ ਟੁੱਟ ਜਾਵੇਗੀ ਤੇ ਅਸੀਂ 'ਸਚਿਆਰ' ਸਿੱਖ ਬਣ ਜਾਵਾਂਗੇ।

**ਬਾਪੂ ਜੀ** :– ਬਹੁਤ ਖੂਬ ! ਗੁਰੂ ਸਾਹਿਬ ਦਾ ਸਾਰੀ ਲੋਕਾਈ ਨੂੰ ਸਚਿਆਰ ਬਣਨ ਦਾ ਹੀ ਉਪਦੇਸ਼ ਹੈ। ਜਿਹੜੇ ਮਨੁੱਖ 'ਸੱਚ' ਦੀ ਲੀਹ (ਲੈਨ) ਤੇ ਆ ਜਾਂਦੇ ਹਨ ਉਹ ਰੱਬ ਦੀ ਰਜ਼ਾ ਵਿੱਚ ਰਾਜ਼ੀ ਰਹਿੰਦੇ ਹਨ, ਉਸਦੇ ਹੁਕਮਾਂ ਅੰਦਰ ਕਾਰ ਕਰਦੇ ਹਨ ਅਤੇ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਹਨ। ਰੱਬ ਦੀ ਰਜ਼ਾ ਵਿੱਚ ਚਲਣਾ ਹੀ 'ਸਚਿਆਰ' ਬਣਨ ਦਾ ਰਾਹ ਹੈ।

**ਪ੍ਰਭਜੋਤ** :– ਸਚਿਆਰ ਬਣਨਾ ਕੀ ਹੁੰਦਾ ਹੈ ?

**ਬਾਪੂ ਜੀ** :– ਸਚਿਆਰ ਬਣਨਾ ਹੈ ਕੂੜ ਕੁਸੱਤ ਦਾ ਰਾਹ ਛੱਡ ਕੇ ਸਤਿ ਧਰਮ ਦੇ ਮਾਰਗ ਤੇ ਚੱਲਣਾ ਜਿਸ ਨੂੰ 'ਗੁਰਮਤਿ ਗਾਡੀ ਰਾਹ' ਕਿਹਾ ਜਾਂਦਾ ਹੈ। 'ਗੁਰਮਤਿ ਗਾਡੀ ਰਾਹ' ਹੈ ਗੁਰੂ ਦੇ ਦੱਸੇ ਰਸਤੇ ਤੇ ਚੱਲਣਾ, ਗੁਰੂ ਦੇ ਉਪਦੇਸ਼ ਅਨੁਸਾਰ ਜੀਵਨ ਜੀਉਣਾ।

**ਪ੍ਰਭਜੋਤ** :– ਗੁਰੂ ਦਾ ਉਪਦੇਸ਼ ਕੀ ਹੈ ?

**ਬਾਪੂ ਜੀ** :– ਸਿੱਖ ਵਾਸਤੇ ਗੁਰੂ ਦਾ ਉਪਦੇਸ਼ ਹੈ ਨਾਮ ਜਪਣਾ, ਧਰਮ ਦੀ ਕ੍ਰਿਤ ਕਰਨੀ ਤੇ ਵੰਡ ਕੇ ਛੱਕਣਾ, ਗੁਰਸਿੱਖੀ ਰਹਿਤ ਬਹਿਤ ਵਿੱਚ ਰਹਿਣਾ, ਮਾਇਆ ਦੇ ਫੰਦਿਆਂ ਵਿੱਚ ਨਾ ਫਸਣਾ, ਮਾਇਆ ਦੇ ਚਿੱਕੜ ਵਿੱਚੋਂ ਲੰਘਦਿਆਂ ਆਪਣੇ ਕੱਪੜਿਆਂ ਨੂੰ ਦਾਗ ਨਾ ਲੱਗਣ ਦੇਣਾ, ਕੰਵਲ ਫੁੱਲ ਵਾਂਗ ਨਿਰਲੇਪ ਰਹਿਣਾ।

**ਕੁਲਜੀਤ ਸਿੰਘ** :– ਮਾਇਆ ਦੇ ਫੰਦੇ ਕਿਹੜੇ ਹਨ ?

**ਬਾਪੂ ਜੀ** :– ਮਾਇਆ ਦੇ ਫੰਦੇ ਹਨ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ। ਸਾਰੀ ਦੁਨੀਆਂ ਇਨ੍ਹਾਂ ਫੰਦਿਆਂ ਵਿੱਚ ਹੀ ਉਲਝੀ ਪਈ ਹੈ। ਕੋਈ ਕਾਮ ਦੀ ਫਾਹੀ ਵਿੱਚ ਫਸਿਆ ਪਿਆ ਹੈ ਅਤੇ ਕੋਈ ਕ੍ਰੋਧ ਦਾ ਸਤਾਇਆ ਫਿਰਦਾ ਹੈ। ਕੋਈ ਲਾਲਚ ਵਿੱਚ ਹਲਕਾਇਆ ਫਿਰਦਾ ਹੈ ਅਤੇ ਕੋਈ ਮੋਹ ਦੀ ਫਾਹੀ ਗੱਲ ਪਾਈ ਫਿਰਦਾ ਹੈ। ਹੰਕਾਰ ਤੋਂ ਤਾਂ ਕੋਈ ਵਿਰਲਾ ਹੀ ਬਚਿਆ ਹੈ। ਜੇ ਕੋਈ ਕਾਮ, ਕ੍ਰੋਧ, ਲੋਭ, ਮੋਹ ਤੋਂ ਬਚ ਗਿਆ ਹੈ ਤਾਂ ਹਉਮੈਂ ਹੰਕਾਰ ਉਸ ਨੂੰ ਘੇਰੀ ਬੈਠਾ ਹੈ। "**ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ।**" ਮਨੁੱਖ ਤਾਂ ਵਿਚਾਰਾ ਇਕੱਲਾ ਹੈ ਪਰ ਇਸ ਮਗਰ ਪੰਜਾਹ ਸ਼ਿਕਾਰੀ ਲੱਗੇ ਹੋਏ ਹਨ।

**ਕੁਲਜੀਤ ਸਿੰਘ** :– ਇਨ੍ਹਾਂ ਫਾਹੀਵਾਲਾਂ ਤੋਂ ਬਚਣ ਦਾ ਕੀ ਢੰਗ ਹੈ ?

**ਬਾਪੂ ਜੀ** :– ਗੁਰੂ ਨਾਨਕ ਦੇਵ ਜੀ ਬਿਆਨ ਕਰਦੇ ਹਨ–

**ਅਵਰਿ ਪੰਚ ਹਮ ਏਕ ਜਨਾ, ਕਿਉ ਰਾਖਉ ਘਰ ਬਾਰ ਮਨਾ।।**
**ਮਾਰਹਿ ਲੂਟਹਿ ਨੀਤ ਨੀਤ, ਕਿਸੁ ਆਗੈ ਕਰੀ ਪੁਕਾਰ ਜਨਾ।।੧।।**
**ਸ੍ਰੀ ਰਾਮ ਨਾਮਾ ਉਚਰੁ ਮਨਾ।। ਆਗੈ ਜਮ ਦਲੁ ਬਿਖਮੁ ਘਨਾ।।੧।। ਰਹਾਉ।।** (ਪੰਨਾ ੧੫੫)

ਭਾਵ ਮੈਂ ਇਕੱਲਾ ਹਾਂ, ਮੇਰੇ ਵੈਰੀ ਪੰਜ ਹਨ, ਮੈਂ ਇਨ੍ਹਾਂ ਤੋਂ ਸਾਰਾ ਘਰ ਕਿਵੇਂ ਬਚਾਵਾਂ ? ਇਹ ਪੰਜੇ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਮੈਨੂੰ ਨਿੱਤ ਮਾਰਦੇ ਤੇ ਲੁੱਟਦੇ ਰਹਿੰਦੇ ਹਨ, ਮੈਂ ਕਿਸ ਦੇ ਪਾਸ ਸ਼ਿਕਾਇਤ ਕਰਾਂ ?

ਇਸ ਗੁੰਝਲ ਦਾ ਹੱਲ ਗੁਰੂ ਸਾਹਿਬ ਇਹ ਦੱਸਦੇ ਹਨ ਕਿ ਹੇ ਮਨ ! ਪਰਮਾਤਮਾ ਦਾ ਨਾਮ ਸਿਮਰ, ਸਾਹਮਣੇ ਜਮਰਾਜ ਦੀ ਭਾਰੀ ਤਕੜੀ ਫੌਜ ਭਾਵ ਮੌਤ, ਦਿਸ ਰਹੀ ਹੈ। ਗੁਰੂ ਸਾਹਿਬ ਬਚਾਅ ਦਾ ਇਹੋ ਢੰਗ ਦੱਸਦੇ ਹਨ –'**ਸ੍ਰੀ ਰਾਮ ਨਾਮਾ ਉਚਰੁ ਮਨਾ।**' ਸਿੱਖਾਂ ਵਾਸਤੇ ਗੁਰੂ ਦਾ ਹੁਕਮਨ ਸਿਰ ਹੁਕਮ 'ਨਾਮ' ਜਪਣ ਦਾ ਹੀ ਹੈ ਅਤੇ ਇਹੋ ਹੀ ਹੁਕਮ ਰਜਾਈ ਚੱਲਣਾ ਹੈ।

**ਪ੍ਰਭਜੋਤ** :–**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।**

**ਬਾਪੂ ਜੀ** :– ਹਾਂ ! ਜਦੋਂ ਮਨੁੱਖ ਨੇ ਜਨਮ ਲਿਆ ਉਸ ਦੇ ਨਾਲ ਹੀ ਹੁਕਮ ਰਜਾਈ ਚਲਣ ਦਾ ਪ੍ਰਵਾਨਾ ਲਿਖਿਆ ਆਇਆ ਹੈ ਕਿ ਹੇ ਬੰਦੇ ! ਤੋਂ ਮਾਤ ਲੋਕ ਵਿੱਚ ਜਾ ਕੇ ਸਿਮਰਨ ਕਰਕੇ ਪ੍ਰਭੂ ਨਾਲ ਇੱਕ ਮਿੱਕ ਹੋਣਾ ਹੈ। ਇਸੇ ਲਈ ਹੀ ਤੈਨੂੰ ਮਨੁੱਖਾ ਦੇਹੀ ਮਿਲੀ ਹੈ। ਕਬੀਰ ਸਾਹਿਬ ਚਿਤਾਵਨੀ ਦਿੰਦੇ ਹਨ –

**ਭਜਹੁ ਗੋਬਿੰਦ ਭੂਲਿ ਮਤ ਜਾਹੁ।। ਮਾਨਸ ਜਨਮ ਕਾ ਏਹੀ ਲਾਹੁ।।**
(ਪੰਨਾ ੧੧੫੯)

**ਕੁਲਜੀਤ ਸਿੰਘ** :– ਤਾਂ ਤੇ ਹੁਕਮ ਰਜਾਈ ਚੱਲਣ ਦਾ ਮੁੱਖ ਭਾਵ ਨਾਮ ਜਪਣਾ ਹੀ ਹੋਇਆ।

**ਬਾਪੂ ਜੀ** :– ਹਾਂ ! ......... (ਸਮਾਂ ਬਹੁਤ ਹੋ ਗਿਆ ਸੀ ਬਾਪੂ ਜੀ ਨੂੰ ਗੱਲਾਂ ਕਰਦਿਆਂ। ਬਾਪੂ ਜੀ ਨੇ ਬੱਚਿਆਂ ਨੂੰ ਜਾਣ ਦਾ ਇਸ਼ਾਰਾ ਕੀਤਾ। ਬੱਚੇ '**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ**' ਗਾਉਂਦੇ ਪਉੜੀਆਂ ਉੱਤਰ ਗਏ।)



www.AKJ.Org

## ਬੱਚਿਆਂ ਲਈ ਸਵਾਲ

1 ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਕਿਸ ਸਮਾਗਮ ਤੇ ਅੰਮ੍ਰਿਤ ਛਕਿਆ ? ਉਸ ਸਮਾਗਮ ਦੀ ਮੁੱਖ ਵਿਲੱਖਣਤਾ ਕੀ ਸੀ ?

2 ਸਿੱਖ ਇਤਿਹਾਸ ਵਿੱਚ ਉਹ ਕਿਹੜੀ ਬੀਬੀ ਸੀ ਜਿਸ ਨੂੰ ਗੁਰੂ ਪੁੱਤਰੀ, ਗੁਰੂ ਪਤਨੀ ਤੇ ਗੁਰੂ ਮਾਤਾ ਹੋਣ ਦਾ ਮਾਣ ਪ੍ਰਾਪਤ ਹੋਇਆ? ਉਸ ਬੀਬੀ ਨਾਲ ਇਹ ਰਿਸ਼ਤੇ ਰੱਖਣ ਵਾਲੇ ਕਿਹੜੇ ਗੁਰੂ ਸਨ?

3. ਸਿੱਖ ਰਹਿਤ ਮਰਯਾਦਾ ਵਿੱਚ ਲਿਖਿਆ ਹੋਇਆ ਹੈ-

(ੳ) ਦੀਵਾਨ ਸਮੇਂ ਸੰਗਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਕੇਵਲ ਸਿੱਖ (ਮਰਦ ਜਾਂ ਤੀਵੀਂ) ਹੀ ਬੈਠਣ ਦਾ ਅਧਿਕਾਰੀ ਹੈ।

(ਅ) ਸੰਗਤ ਨੂੰ ਪਾਠ ਕੇਵਲ ਸਿੱਖ ਹੀ ਕਰ ਕੇ ਸੁਣਾਵੇ।

(ੲ) ਸੰਗਤ ਵਿੱਚ ਗੁਰਬਾਣੀ ਦੀ ਕਥਾ ਸਿੱਖ ਹੀ ਕਰੇ। ਐਸਾ ਕਿਉਂ?

4. "ਭਗਤਿ ਵਛਲੁ ਸੁਨਿ ਅੰਚਲੋ ਗਹਿਆ" ਵਿੱਚ 'ਅੰਚਲੋ' ਦੇ 'ਲ' ਅੱਖਰ ਨਾਲ ਦੋ 'ਲਗਾਂ' ਹਨ। ਇਸ ਦਾ ਉਚਾਰਣ ਕਿਹੜੀ 'ਲਗ' ਨਾਲ ਕਰੋਗੇ ? ਇਸ ਤੁਕ ਵਾਲਾ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸ ਪੰਨੇ ਤੇ ਹੈ ਅਤੇ ਇਸ ਨੂੰ ਕਿਵੇਂ ਲੱਭੋਗੇ ?

5. ਉਹ ਕਿਹੜਾ ਮੋਰਚਾ ਸੀ ਜਿਸ ਵਿੱਚ ਇੱਕ ਸਿਦਕੀ ਬੀਬੀ ਨੇ ਕੁੱਛੜ ਚੁੱਕੀ ਬੱਚੇ ਦੇ ਗੋਲੀ ਲੱਗਣ ਤੇ ਉਹ ਸ਼ਹੀਦ ਹੋ ਗਿਆ, ਬੀਬੀ ਨੇ ਆਪਣੇ ਸ਼ਹੀਦ ਬੱਚੇ ਨੂੰ ਧਰਤੀ ਤੇ ਲਿਟਾ ਦਿੱਤਾ ਅਤੇ ਮੌਤ ਦੀ ਪ੍ਰਵਾਹ ਨਾ ਕਰਦੀ ਹੋਈ ਨੱਠ ਕੇ ਜਥੇ ਨਾਲ ਜਾ ਰਲੀ ? ਜਥੇ ਤੇ ਗੋਲੀ ਕਿਸ ਨੇ ਚਲਾਈ ?

### ਫਰਵਰੀ ੧੯੯੬

ਮੈਂ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਸਮਝ ਕੇ ਬਿਆਨ ਕਰਦਾ/ਕਰਦੀ ਹਾਂ ਕਿ ਮੈਂ ਇਨ੍ਹਾਂ ਸਵਾਲਾਂ ਦੇ ਜਵਾਬ ਕਿਸੇ ਹੋਰ ਦੇ ਲਿਖ ਕੇ ਦਿੱਤੇ ਹੋਏ ਨਕਲ ਮਾਰ ਕੇ ਨਹੀਂ ਭੇਜ ਰਿਹਾ/ਰਹੀ।

ਬੱਚੇ ਦੇ ਦਸਖਤ ........................................

ਉਮਰ ........................................

ਕਿਸ ਕਲਾਸ ਤੇ ਕਿਸ ਸਕੂਲ ਵਿੱਚ ਪੜ੍ਹਦਾ ਹੈ ?

........................................

ਨੋਟ:- 1. ਇਨ੍ਹਾਂ ਸਵਾਲਾਂ ਦੇ ਜਵਾਬ ੨੯ ਫਰਵਰੀ ੧੯੯੬ ਤੱਕ "ਸੂਰਾ" ਦਫ਼ਤਰ ਵਿੱਚ ਪੁੱਜ ਜਾਣੇ ਚਾਹੀਦੇ ਹਨ। 2. ਜਵਾਬ ਸਪੱਸ਼ਟ ਤੇ ਸੰਖੇਪ ਹੋਣ। 3. ਜਵਾਬ ਪੱਤਰ ਦੇ ਹੇਠਾਂ ਬੱਚੇ ਦਾ ਆਪਣਾ ਨਾਮ, ਉਮਰ, ਕਿਸ ਜਮਾਤ ਤੇ ਕਿਸ ਸਕੂਲ ਵਿੱਚ ਪੜ੍ਹਦਾ ਹੈ ਅਤੇ ਚਿੱਠੀ ਪੱਤਰ ਲਈ ਪੂਰਾ ਪਤਾ ਲਿਖਿਆ ਹੋਇਆ ਹੋਵੇ। 4. ਜਵਾਬ ਪੱਤਰ ਉੱਤੇ ਨਾਲ ਦਿੱਤਾ ਕੂਪਨ ਭਰ ਕੇ ਚਿਪਕਾਇਆ ਹੋਵੇ। 5. ਜਵਾਬ ਪੱਤਰ ਬੰਦ ਲਿਫ਼ਾਫੇ ਵਿੱਚ ਭਾਰ ਅਨੁਸਾਰ ਪੂਰੀਆ ਟਿਕਟਾਂ ਲਗਾ ਕੇ ਭੇਜਿਆ ਜਾਏ। ਲਿਫ਼ਾਫੇ ਦੇ ਬਾਹਰ "ਸਵਾਲ ਜਵਾਬ" ਲਿਖਿਆ ਹੋਇਆ ਹੋਵੇ। 6. ਬਿਨਾਂ ਕੂਪਨ ਚਿਪਕਾਏ ਜਵਾਬ ਪ੍ਰਵਾਨ ਨਹੀਂ ਕੀਤੇ ਜਾਣਗੇ।

ਪਿਆਰੇ ਬੱਚਿਓ ! "ਸੂਰਾ" ਵਿੱਚ ਹਰ ਮਹੀਨੇ ਗੁਰਬਾਣੀ, ਸਿੱਖ ਰਹਿਤ ਮਰਯਾਦਾ ਅਤੇ ਇਤਿਹਾਸ ਸੰਬੰਧੀ ਛਪਦੇ ਸਵਾਲਾਂ ਦੇ ਜਵਾਬ ਭੇਜ ਕੇ ਵੱਧ ਤੋਂ ਵੱਧ ਇਨਾਮ ਪ੍ਰਾਪਤ ਕਰੋ।

### ਬੱਚਿਆਂ ਲਈ ਸਵਾਲ-ਜਵਾਬ ਦਾ ਨਤੀਜਾ

ਦਸੰਬਰ, 95 – ਸੁਰਜੀਤ ਕੌਰ, ਪਿੰਡ ਭੈਣੀ ਪਸਵਾਲ (ਗੁਰਦਾਸਪੁਰ) ..............ਦੂਜਾ ਦਰਜਾ

### ਜ਼ਰੂਰੀ ਸੂਚਨਾ

ਬਾਹਰੋਂ ਆਉਣ ਵਾਲੇ ਪ੍ਰੇਮੀਆਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਪਿਛਲੇ ਕਾਫ਼ੀ ਸਮੇਂ ਤੋਂ "ਸੂਰਾ" ਮਾਸਿਕ ਪੱਤਰ ਸਬ-ਆਫਿਸ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ ਵਿਖੇ ਚੱਲ ਰਿਹਾ ਹੈ। ਸੋ ਇੱਛਕ ਸੱਜਣ ਸੂਰਾ ਸੰਬੰਧੀ ਕਿਸੇ ਵੀ ਕੰਮ ਵਾਸਤੇ ਇਸੇ ਸਬ-ਆਫਿਸ ਵਿਖੇ ਹੀ ਸਵੇਰੇ 10.00 ਵਜੇ ਤੋਂ 5.00 ਵਜੇ ਤੱਕ ਮਿਲ ਸਕਦੇ ਹਨ। – ਸੰਪਾਦਕ

## ਲੋਕਿ ਪਤੀਣੈ ਨਾ ਪਤਿ ਹੋਇ

"ਮੇਰਾ ਤੇ ਕੋਈ ਵੀ ਸਕਾ ਨਾ ਬਣਿਆ। ਸਾਰਿਆਂ ਦਾ ਕਰ ਕਰ ਹੰਭ ਗਈ। ਮੇਰੇ ਤਾਂ ਕਰਮ ਈ ਸੜ ਗਏ। ਮੇਰੇ ਭਾਗਾਂ ਵਿੱਚ ਜਸ ਕਿੱਥੇ ? ਹਰ ਕੋਈ ਮੇਰੀ ਬਦਖੋਈ ਕਰਦਾ ਫਿਰਦਾ," ਭਾਂਡੇ ਮਾਂਜਦੀ ਕਰਮੀਂ ਆਪਣੇ ਆਪ ਨਾਲ ਹੀ ਗੱਲਾਂ ਕਰ ਰਹੀ ਸੀ।

ਗੁਰਦੁਆਰੇ ਹੋ ਰਿਹਾ ਪਾਠ ਸਪੀਕਰ ਰਾਹੀਂ ਘਰ ਬੈਠਿਆਂ ਹੀ ਸੁਣ ਰਿਹਾ ਸੀ। ਜਦ ਪਾਠ ਹੇਠਲੀ ਤੁਕ ਤੇ ਆਇਆ ਤਾਂ ਬਿਜਲੀ ਬੰਦ ਹੋ ਗਈ ਅਤੇ ਸਪੀਕਰ ਵਿੱਚੋਂ ਆਵਾਜ਼ ਆਉਣੀ ਹਟ ਗਈ-

ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ, ਤਾ ਜੈ ਜੈ ਕਰੇ ਸਭੁ ਕੋਇ॥ (ਪੰਨਾ ੩੯੮)

## ਇਹ ਕੀ ?

ਸਿੱਖ ਧਰਮ ਅੰਦਰ ਰੋਮਾਂ (ਵਾਲਾਂ) ਦੀ ਬੇਅਦਬੀ ਨੂੰ ਬੱਜਰ ਕੁਰਹਿਤ ਮੰਨਿਆ ਗਿਆ ਹੈ। ਆਪਣੇ ਸਰੀਰ ਦੇ ਰੋਮ ਕੱਟਣ ਵਾਲਾ ਸਿੱਖ ਪਤਿਤ ਗਿਣਿਆ ਜਾਂਦਾ ਹੈ। ਪਤਿਤ ਸਿੱਖ ਦੀ ਸ੍ਰੀ ਅਕਾਲ ਤਖਤ ਸਾਹਿਬ ਤੇ ਅਰਦਾਸ ਨਹੀਂ ਹੋ ਸਕਦੀ। ਉਸ ਨੂੰ ਮੁੜ ਸਿੱਖੀ ਦੇ ਦਾਇਰੇ ਵਿਚ ਆਉਣ ਵਾਸਤੇ ਦੋਬਾਰਾ ਅੰਮ੍ਰਿਤ ਛਕਣਾ ਪੈਂਦਾ ਹੈ।

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਦਾੜ੍ਹੀ ਕੇਸ ਮੁੰਨੇ ਹੋਏ ਮਨੁੱਖ ਗੁਰਦੁਆਰਿਆਂ ਦੀ ਸਟੇਜਾਂ ਤੇ ਬੈਠ ਕੇ ਕੀਰਤਨ ਕਰਦੇ ਹਨ ਅਤੇ ਪ੍ਰਬੰਧਕ ਉਹਨਾਂ ਨੂੰ ਸਿਰੋਪੇ ਦਿੰਦੇ ਹਨ ਜਦ ਕਿ 'ਸਿੱਖ ਰਹਿਤ ਮਰਯਾਦਾ' ਵਿੱਚ ਸਪੱਸ਼ਟ ਲਿਖਿਆ ਹੋਇਆ ਹੈ ਕਿ ਸੰਗਤ ਵਿੱਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ।

ਧਰਮੀ ਹਕੀਕਤ ਰਾਏ ਸ਼ਹੀਦ ਦੇ ਦਾਦਾ ਭਾਈ ਨੰਦ ਲਾਲ ਪੁਰੀ ਨੂੰ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਏ ਜੀ ਦਾ ਉਪਦੇਸ਼ – (1) ਕੇਸ ਨਹੀਂ ਕਟਾਉਣੇ। (2) ਤੰਬਾਕੂ ਨਹੀਂ ਪੀਣਾ। (3) ਟੋਪੀ ਨਹੀਂ ਪਹਿਨਣੀ।

www.AKJ.Org

## ਗੁਰੂ ਪੰਥ

ਤਿਆਰ-ਬਰ-ਤਿਆਰ ਅੰਮ੍ਰਿਤਧਾਰੀ, ਰਹਿਤ ਬਹਿਤ ਵਿੱਚ ਪੱਕੇ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ। (ਸਿੱਖ ਰਹਿਤ ਮਰਯਾਦਾ)

## ਲੁਧਿਆਣਾ ਵਿਖੇ ਹੋਏ ਸ਼ੁੱਧ ਪਾਠ-ਬੋਧ ਪ੍ਰੀਖਿਆ ਦਾ ਨਤੀਜਾ



ਭਾਈ ਸਾਹਿਬ ਰਣਧੀਰ ਸਿੰਘ ਪਾਠ ਉਤਸ਼ਾਹਤ ਸਕੀਮ ਅਧੀਨ ਹੋਈ ਪ੍ਰੀਖਿਆ ਵਿੱਚ ਕੇਵਲ ਇਕੋ ਬੀਬੀ, ਹਰਜਾਪ ਕੌਰ ਪੁੱਤਰੀ ਸ੍ਰ: ਦਵਿੰਦਰ ਸਿੰਘ ਵਾਸੀ 127-R·ਮਾਡਲ ਟਾਊਨ ਲੁਧਿਆਣਾ ਨੇ ਇਮਤਿਹਾਨ ਪਾਸ ਕਰਕੇ ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ਪਾਸੋਂ 2000/- ਰੁ: ਦਾ ਇਨਾਮ ਪ੍ਰਾਪਤ ਕੀਤਾ।

ਵੱਡਾ ਘੱਲੂਘਾਰਾ ਦੇ ਸ਼ਹੀਦਾਂ ਦੀ ਯਾਦ ਵਿੱਚ ਗੁ: ਸਿੰਘ ਸਭਾ ਮੰਡੀ ਅਹਿਮਦਗੜ (ਸੰਗਰੂਰ) ਵਿਖੇ ਰੈਣਿ ਸਬਾਈ ਕੀਰਤਨ ੧੦ ਫਰਵਰੀ ਰਾਤ ਨੂੰ।

ਪਿੰਡ ਫਜ਼ੂਪੁਰ (ਨੇੜੇ ਧਾਰੀਵਾਲ) ਗੁਰਦਾਸਪੁਰ ਵਿਖੇ ਰੈਣਿ ਸਬਾਈ ਕੀਰਤਨ ੨੪ ਫਰਵਰੀ ਰਾਤ ਨੂੰ।

ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ ਗੁਰਦੁਆਰਾ ਸਾਹਿਬ ਵਿਖੇ ਰੈਣਿ ਸਬਾਈ ਕੀਰਤਨ ੨੪ ਫਰਵਰੀ ਰਾਤ ਨੂੰ।

## ਅਨੰਦਪੁਰ ਸਾਹਿਬ ਵਿਖੇ ਸਾਲਾਨਾ ਹੋਲਾ ਮਹੱਲਾ ਅਖੰਡ ਕੀਰਤਨ ਸਮਾਗਮ

ਸ੍ਰੀ ਕਲਗੀਧਰ ਕੀਰਤਨ ਦਰਬਾਰ, ਲੋਹਗੜ੍ਹ ਰੋਡ ਵਿਖੇ ਇਸ ਵਾਰ ਵੀ 3 ਮਾਰਚ ਸਵੇਰ ਤੋਂ 6 ਮਾਰਚ ਸਵੇਰ ਤੱਕ ਸ੍ਰੀ ਅਖੰਡ ਪਾਠ ਸਾਹਿਬ ਤੇ ਅਖੰਡ ਕੀਰਤਨ ਸਮਾਗਮ ਕੀਤੇ ਜਾ ਰਹੇ ਹਨ ਜਿਸਦਾ ਵੇਰਵਾ ਇਸ ਤਰ੍ਹਾਂ ਹੈ :-

3 ਮਾਰਚ 1996 ਐਤਵਾਰ ਸਵੇਰੇ 4.30 ਤੋਂ 7.30 ਕੀਰਤਨ ਸ੍ਰੀ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡਪਾਠ ਸਾਹਿਬ

4 ਮਾਰਚ 1996 ਸੋਮਵਾਰ ਸ਼ਾਮ ਕੀਰਤਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ।

5 ਮਾਰਚ 1996 ਮੰਗਲਵਾਰ ਸਵੇਰੇ ਭੋਗ ਸ੍ਰੀ ਅਖੰਡਪਾਠ ਸਾਹਿਬ ਉਪਰੰਤ ਦੁਪਹਿਰ ਤੱਕ ਕੀਰਤਨ।

ਸ਼ਾਮ ਅਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ

6 ਮਾਰਚ 1996 ਬੁੱਧਵਾਰ ਸਵੇਰੇ 6 ਵਜੇ ਸਮਾਪਤੀ ਰੈਣਿ ਸਬਾਈ ਕੀਰਤਨ।

ਨੋਟ :- 1. ਗੁਰੂ ਕੇ ਲੰਗਰ ਵਿੱਚ ਸਭ ਜ਼ਿਲਿਆਂ ਦੀਆਂ ਸੰਗਤਾਂ ਵਾਰੀ ਨਾਲ ਸਹਿਯੋਗ ਦੇਣ ਜੀ। 2. ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

## ਕੁਰਾਲਾ (ਹੁਸ਼ਿਆਰਪੁਰ) ਵਿਖੇ ਸ਼ਹੀਦ ਭਾਈ ਅਵਤਾਰ ਸਿੰਘ ਜੀ ਦੀ ਯਾਦ ਵਿੱਚ ਸਾਲਾਨਾ ਸਮਾਗਮ

16 ਮਾਰਚ 1996 ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਦਿਵਸ ਸੁਹੇਲਾ ਕੀਰਤਨ ਤੇ ਰਾਤ ਰੈਣਿ ਸਬਾਈ ਕੀਰਤਨ ਹੋਣਗੇ।

ਨੈਨਕੋਟ (ਗੁਰਦਾਸਪੁਰ) ਵਿਖੇ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ ਸਮਾਗਮ· ੨੨ ਤੋਂ ੨੪ ਮਾਰਚ ਦੁਪਹਿਰ ਤੱਕ।

ਕੁਰਾਲੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ੨੧ ਤੋਂ ੨੪ ਮਾਰਚ ੧੯੯੬ ਵੇਰਵਾ ਆਉਂਦੇ ਪਰਚੇ ਵਿੱਚ।

## ਜ਼ਰੂਰੀ ਸੂਚਨਾ

ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਦੇ ਮੌਕੇ ਤੇ ਹਰ ਸਾਲ ਦੀ ਤਰ੍ਹਾਂ ਅਖੰਡ ਕੀਰਤਨ ਸਮਾਗਮ ਇਸ ਵਾਰ 3 ਮਾਰਚ 1996 ਸਵੇਰ ਤੋਂ 6 ਮਾਰਚ 1996 ਸਵੇਰ ਤੱਕ ਕੀਤਾ ਜਾ ਰਿਹਾ ਹੈ। ਜਿਵੇਂ ਕਿ ਸਮੁੱਚੇ ਅਖੰਡ ਕੀਰਤਨੀ ਜੱਥੇ ਦੇ ਸਹਿਯੋਗ ਸਦਕਾ ਇਸ ਸਮਾਗਮ ਦਾ ਪ੍ਰਬੰਧ ਅਖੰਡ ਕੀਰਤਨੀ ਜੱਥਾ ਲੁਧਿਆਣਾ ਕਰਦਾ ਆ ਰਿਹਾ ਹੈ, ਇਸ ਸਾਲ ਵੀ ਸਮਾਗਮ ਦਾ ਸਮੁੱਚਾ ਪ੍ਰਬੰਧ ਅਖੰਡ ਕੀਰਤਨੀ ਜੱਥਾ ਲੁਧਿਆਣਾ ਵਲੋਂ ਹੀ ਹੋਵੇਗਾ। ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਸਮਾਗਮ ਨੂੰ ਚੜ੍ਹਦੀ ਕਲਾ ਵਿੱਚ ਮਨਾਉਣ ਲਈ ਸਮੁੱਚੀਆਂ ਸੰਗਤਾਂ ਲੁਧਿਆਣੇ ਦੀ ਸੰਗਤ ਨੂੰ ਸਹਿਯੋਗ ਦੇ ਕੇ ਨਿਵਾਜਣ। ਦਾਸਰਾ

ਜੱਥੇਦਾਰ, ਅਖੰਡ ਕੀਰਤਨੀ ਜੱਥਾ (ਅੰਤਰਰਾਸ਼ਟਰੀ)

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਬੀਬੀ ਕਰਮ ਕੌਰ ਦੀ ਯਾਦ ਵਿੱਚ | ੧੦੦ ਰੁ: | ਸ੍ਰ: ਹਿੰਮਤ ਸਿੰਘ | ੧੦੦ ਰੁ: |
| ਸ੍ਰ: ਗੁਰਚਰਨ ਸਿੰਘ ਵਾਰਾਨਸੀ | ੩੪੦ ਰੁ: | ਸ੍ਰ: ਸਵਰਨ ਸਿੰਘ | ੫੦ ਰੁ: |
| ਕਾਕਾ ਨਵਜੋਤ ਸਿੰਘ | ੧੧ ਰੁ: | ਸੂਬੇਦਾਰ ਰਾਮ ਸਿੰਘ | ੧੫੦ ਰੁ: |
| ਕਾਕਾ ਪਰਦੀਪ ਸਿੰਘ | ੫੦ ਰੁ: | ਸ੍ਰ: ਹਰਮੀਤ ਸਿੰਘ | ੧੫੦ ਰੁ: |
| ਬੀਬੀ ਸੰਤ ਕੌਰ | ੫੧ ਰੁ: | ਗੁਪਤ | ੫੦੦ ਰੁ: |
| ਸ੍ਰ: ਮਨਮੋਹਨ ਸਿੰਘ, ਬੀਬੀ ਸੰਤ ਕੌਰ | ੨੦੦੦ ਰੁ: | ਭਾਈ ਹਿੰਮਤ ਸਿੰਘ | ੧੫੦ ਰੁ: |
| ਭਾਈ ਬੁੜ ਸਿੰਘ | ੧੦੦ ਰੁ: | ਸ੍ਰ: ਨਰਿੰਦਰ ਸਿੰਘ ਪ੍ਰੇਮੀ ਜੀ | ੨੫੦ ਰੁ: |
| ਕਾਕਾ ਬਲਜਿੰਦਰ ਸਿੰਘ | ੫੦ ਰੁ: | ਭਾਈ ਚਰਨਜੀਤ ਸਿੰਘ ਲੁਧਿਆਣਾ | ੫੦੦ ਰੁ: |

SURA (Monthly) KOTHI No. 12, BLOCK-1, BHAI RANDHIR SINGH NAGAR, LUDHIANA 141001

www.AKJ.Org